# ਸੰਪਾਦਕੀ

***ਡਾ. ਜਗਜੀਤ ਸਿੰਘ***

ਕਿੰਨੀ ਖੁਸ਼ੀ ਦੀ ਗੱਲ ਹੈ ਕਿ ਆਪ ਜੀ ਦੇ ਹਰਮਨ ਪਿਆਰੇ ਮੈਗਜ਼ੀਨ 'ਆਤਮ ਮਾਰਗ' ਨੇ ਅਪ੍ਰੈਲ 2002 ਵਿਚ ਸੱਤ ਸਾਲ ਦਾ ਜੀਵਨ ਸਫਰ ਤਹਿ ਕਰ ਲਿਆ ਹੈ। ਇਸ ਅਰਸੇ ਵਿਚ ਆਤਮ ਮਾਰਗ ਦਾ ਪਾਸਾਰ ਦਿਨ ਪ੍ਰਤੀ ਦਿਨ ਵਧਿਆ ਹੈ। ਦੇਸ ਪ੍ਰਦੇਸ ਵਿਚ 'ਆਤਮ ਮਾਰਗ' ਤੋਂ ਹਜ਼ਾਰਾਂ ਪ੍ਰਾਣੀਆਂ ਨੇ ਆਤਮ ਸੇਧ ਲਈ ਹੈ, ਨਵਾਂ ਜੀਵਨ, ਨਵਾਂ ਉਤਸ਼ਾਹ ਪ੍ਰਾਪਤ ਕੀਤਾ ਹੈ। ਗੁਰੂ ਮਹਾਰਾਜ ਦੀ 'ਧੁਰ ਕੀ ਬਾਣੀ' ਦੇ ਅਨੁਭਵੀ ਵਿਚਾਰਾਂ ਦਾ ਪਾਸਾਰ 'ਆਤਮ ਮਾਰਗ' ਰਾਹੀਂ ਆਪ ਜੀ ਤਕ ਪੁਜਦਾ ਰਿਹਾ ਹੈ, ਵਿਸ਼ੇਸ਼ ਕਰਕੇ 'ਆਤਮ ਮਾਰਗ' ਦੇ ਸੰਚਾਲਕ ਮਹਾਂਪੁਰਸ਼ਾਂ ਦੇ ਪ੍ਰਵਚਨਾਂ ਨੇ ਲੱਖਾਂ ਪ੍ਰਾਣੀਆਂ ਨੂੰ ਟੁੰਬਿਆ ਹੈ। ਪਹਿਲੀ ਵਾਰੀ ਅਨੁਭਵੀ ਮਹਾਂਪੁਰਸ਼ਾਂ ਨੇ ਗੁਰਬਾਣੀ ਦੇ ਡੂੰਘੇ ਅਨੁਭਵ ਵਿਚੋਂ ਗੁਰਮਤਿ ਦੀ ਸਹੀ ਸੇਧ ਦਿਤੀ ਹੈ। ਅਸੀਂ ਸਭ ਗੁਰਬਾਣੀ ਪੜ੍ਹ ਤਾਂ ਲੈਂਦੇ ਹਾਂ, ਨਿਤਨੇਮ ਵੀ ਨਿਰੰਤਰ ਕਰਦੇ ਹਾਂ ਪਰ ਸਾਡੇ ਅੰਦਰ ਸ਼ਾਂਤੀ, ਸਹਿਜ, ਅਨੰਦ, ਵਿਸਮਾਦ ਦੀ ਝਲਕ ਕਿਉਂ ਨਹੀਂ? ਸਾਡੀ ਦਿਸ਼ਾ ਦੀਰਘ-ਰੋਗੀਆਂ ਵਾਲੀ ਕਿਉਂ ਬਣਦੀ ਜਾਂਦੀ ਹੈ ਜਦ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਦੇ ਹਾਂ, ਨਮਸਕਾਰ ਵੀ ਕਰਦੇ ਹਾਂ, ਦੇਗ ਵੀ ਚੜ੍ਹਾਉਂਦੇ ਹਾਂ ਅਤੇ ਸੇਵਾ ਵੀ ਕਰਦੇ ਹਾਂ? ਹੋਰ ਅਨੇਕਾਂ ਪ੍ਰਸ਼ਨ ਸਾਡੇ ਅੰਦਰ ਮਚਲਦੇ ਰਹਿੰਦੇ ਹਨ। ਗੁਰੂ ਮਹਾਰਾਜ ਦਾ ਕਥਨ ਨਿਤ ਰਹਿਰਾਸ ਸਾਹਿਬ ਵਿਚ ਪੜ੍ਹਦੇ ਹਾਂ -

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥***
***ਸਰੰਜਾਮਿ ਲਾਗੁ ਭਵਜਲ ਤਰਨ ਕੈ॥***
***ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥*** ***ਪੰਨਾ - 12***

ਪਰ ਸੋਝੀ ਨਹੀਂ ਮਿਲਦੀ ਕਿ ਮਨੁੱਖਾ ਦੇਹੀ ਦੀ ਪ੍ਰਾਪਤੀ ਦੀ ਵਿਸ਼ੇਸ਼ਤਾ ਵਾਲੀ ਕੀ ਗੱਲ ਹੈ? ਗੋਬਿੰਦ ਨੂੰ ਕਿਵੇਂ ਮਿਲਣਾ ਹੈ? ਕਿਵੇਂ ਕੇਵਲ ਨਾਮ-ਜਾਪ ਹੀ ਸਕਾਰਥਾ ਹੈ? ਬਾਕੀ ਕੰਮ ਕਿਵੇਂ ਫਜ਼ੂਲ ਹਨ? ਕਿਵੇਂ ਬੇਅਰਥ ਹਨ? ਸਾਨੂੰ ਤਾਂ ਬਾਕੀ ਕੰਮ ਹੀ ਚੰਗੇ ਲਗਦੇ ਹਨ, ਅਰਥਾਤ ਪੈਸਾ ਧਨ ਕਮਾਉਣਾ, ਵਪਾਰ ਕਰਨਾ, ਨੌਕਰੀ ਕਰਨੀ, ਪਰਿਵਾਰ ਪਾਲਣਾ, ਮਕਾਨ ਕੋਠੀ ਬਣਾਉਣੀ , ਸੁਵਿਧਾ ਅਤੇ ਆਰਾਮ ਦੇ ਸਾਧਨ ਇਕੱਠੇ ਕਰਨੇ, ਚੰਗੇ ਸੁਆਦੀ ਭੋਜਨ ਖਾਣ ਪੀਣ ਦਾ ਪ੍ਰਬੰਧ ਕਰਨਾ, ਦੋਸਤਾਂ ਮਿਤਰਾਂ ਸਾਕ-ਸਬੰਧੀਆਂ ਨਾਲ ਹੱਸਣਾ ਖੇਡਣਾ, ਦੁਨੀਆਂ ਦੇ ਰੰਗ ਤਮਾਸ਼ੇ ਦੇਖਣੇ, ਸਾਨੂੰ ਤਾਂ ਇਹੋ ਜੀਵਨ ਚੰਗਾ ਲਗਦਾ ਹੈ, ਇਨ੍ਹਾਂ ਵਿਚ ਕੋਈ ਵਿਘਨ ਪੈ ਜਾਏ ਤਾਂ ਬਿਲਕੁਲ ਚੰਗਾ ਨਹੀਂ ਲਗਦਾ, ਦੁਖ ਆ ਬਣਦਾ ਹੈ। ਇਹ ਇਕ ਸੰਸਾਰਕ ਸੀਮਤ ਜੀਵਨ ਹੈ, ਜੋ ਲੱਖਾਂ ਕਰੋੜਾਂ ਇਨਸਾਨ ਜੀਉ ਰਹੇ ਹਨ। ਪਰ ਇਨ੍ਹਾਂ ਵਿਚੋਂ ਕਿੰਨੇ ਅਸਲ ਵਿਚ ਸੁਖੀ ਹਨ? ਨਿਰੰਤਰ ਅਨੰਦ ਵਿਚ ਹਨ? ਕਿੰਨਿਆਂ ਨੇ ਜੀਵਨ-ਵਿਸਮਾਦ ਦਾ ਰਸ ਮਾਣਿਆ ਹੈ? ਕਿੰਨੇ ਸਹਿਜ ਹੰਢਾਉਂਦੇ ਹਨ? ਗੁਰੂ ਜੀ ਕਹਿੰਦੇ ਹਨ ਕਿ ਸਾਰੀ ਦੁਨੀਆਂ ਅਨੰਦ ਅਨੰਦ ਕਰਦੀ ਫਿਰਦੀ ਹੈ ਪਰ ਅਸਲ ਅਨੰਦ ਕੌਣ ਜਾਣਦਾ ਹੈ?

***ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ॥***
***ਪੰਨਾ - 917***

ਪਿਛਲੇ ਸਤ ਸਾਲਾਂ ਤੋਂ ਮਹਾਂਪੁਰਸ਼ਾਂ ਦੀਆਂ ਲਿਖਤਾਂ ਵਿਚ ਇਸ ਅਨੰਦ ਦੀ ਸੋਝੀ ਪ੍ਰਦਾਨ ਕੀਤੀ ਜਾ ਰਹੀ ਹੈ ਅਤੇ ਸਪਸ਼ਟ ਕੀਤਾ ਗਿਆ ਹੈ ਕਿ ਕਿਵੇਂ ਪੜ੍ਹਨਾ, ਸੁਣਨਾ ਤੇ ਮੰਨਣਾ ਹੈ। 'ਨਾਨਕ ਕੇ ਘਰੁ ਕੇਵਲ ਨਾਮੁ' ਤਾਂ ਆਤਮ ਮਾਰਗ ਦਾ ਮੁੱਖ ਸੰਦੇਸ਼ ਹੀ ਰਿਹਾ ਹੈ। ਮਹਾਂਪੁਰਸ਼ ਲੱਗਭੱਗ ਹਰੇਕ ਲੇਖ ਵਿਚ - 'ਨਾਮ' ਕੀ ਹੈ, ਨਾਮ ਕਿਵੇਂ ਗੁਰੂ ਦੀ ਬਖਸ਼ਿਸ਼ ਤੋਂ ਮਿਲਦਾ ਹੈ? ਰਸਨਾ ਨਾਲ, ਜੀਭਾ ਨਾਲ, ਕੰਠ ਨਾਲ, ਹਿਰਦੇ ਨਾਲ, ਸੁਆਸਾਂ ਰਾਹੀਂ ਨਾਮ ਕਿਵੇਂ ਜਪਣਾ ਹੈ, ਇਹ ਭਰਪੂਰ ਵਿਚਾਰ, ਅਨੁਭਵੀ ਪ੍ਰਵਚਨ 'ਆਤਮ ਮਾਰਗ' ਨਿਰੰਤਰ ਵੰਡਦਾ ਆ ਰਿਹਾ ਹੈ। ਇਹ ਅਮੁਲਾ ਖਜ਼ਾਨਾ ਹੈ, ਇਹ ਸਹੀ ਜੀਵਨ-ਜਾਚ ਹੈ, ਇਹ ਅਸਲ ਜੀਵਨ ਹੈ ਜਿਸ ਨੂੰ ਗੁਰੂ ਮਹਾਰਾਜ ਜੀ ਨੇ ਪ੍ਰਵਾਨਗੀ ਬਖਸ਼ੀ ਹੈ -

***ਸੋ ਜੀਵਿਆ ਜਿਸ ਮਨੁ ਵਸਿਆ ਸੋਇ॥***
***ਨਾਨਕ ਅਵਰੁ ਨ ਜੀਵੈ ਕੋਇ॥***
***ਜੇ ਜੀਵੈ ਪਤਿ ਲਥੀ ਜਾਇ॥***
***ਸਭੁ ਹਰਾਮੁ ਜੇਤਾ ਕਿਛੁ ਖਾਇ॥*** ***ਪੰਨਾ - 142***

ਜੇ ਗੁਰੂ ਮਹਾਰਾਜ ਦੇ ਸਨਮੁਖ 'ਪਤਿ' ਲਹਿਣੀ ਹੈ ਤਾਂ ਇਹ ਸੰਸਾਰਕ ਕਾਰ-ਵਿਹਾਰ ਅਤੇ ਪਦਾਰਥ ਸਭ 'ਹਰਾਮ' ਹਨ। ਐਸੇ ਅਤੇ ਅਨੇਕਾਂ ਗੁਰਮਤਿ ਵਿਚਾਰਾਂ ਹਰ ਅੰਕ ਵਿਚ ਆਪ ਜੀ ਨਾਲ ਸਾਂਝੀਆਂ ਕਰਦੇ ਆਏ ਹਾਂ, ਕਰਦੇ ਰਹਾਂਗੇ। ਆਸ ਹੈ ਤੁਸੀਂ ਜਿਵੇਂ ਪਹਿਲਾਂ ਆਪਣਾ ਪਿਆਰ ਤੇ ਸਹਿਯੋਗ ਬਖਸ਼ਦੇ ਰਹੇ ਹੋ, ਅੱਗੋਂ ਵੀ ਸਦਾ ਲਈ ਬਖਸ਼ਦੇ ਰਹੋਗੇ।

'ਵਿਸਾਖੀ' ਦਾ ਦਿਵਸ ਬੜਾ ਹੀ ਮਹੱਤਵਪੂਰਨ ਦਿਵਸ ਹੈ। ਬਹੁਤ ਸਾਰੀਆਂ ਸਿੱਖ ਇਤਿਹਾਸਕ ਘਟਨਾਵਾਂ ਇਸ ਦਿਨ ਨਾਲ ਜੁੜੀਆਂ ਹੋਈਆਂ ਹਨ ਜਿਨ੍ਹਾਂ ਦਾ ਜ਼ਿਕਰ ਮਹਾਂਪੁਰਸ਼ਾਂ ਦੀ ਲਿਖਤ 'ਵਿਸਾਖੀ' ਵਿਚ ਕੀਤਾ ਗਿਆ ਹੈ। ਆਪ ਜੀ ਨੇ ਆਪਣੇ ਲੇਖ ਵਿਚ ਇਤਿਹਾਸਕ ਪਿਛੋਕੜ ਦੱਸ ਕੇ ਖਾਲਸੇ ਦੀ ਸਿਰਜਨਾ ਦਾ ਸਹੀ ਲਕਸ਼ ਉਜਾਗਰ ਕੀਤਾ ਹੈ। ਹਿੰਦੁਸਤਾਨ ਦੀ ਕਿੰਨੀ ਨਿਘਰੀ ਹੋਈ ਦਸ਼ਾ ਸੀ। ਇਕ ਪਾਸੇ ਮੁਤੱਸਬੀ ਮੁਗਲ ਹਕੂਮਤ ਦੇ ਅਤਿਆਚਾਰਾਂ ਅਤੇ ਦੂਜੇ ਬੰਨੇ ਆਪਣੇ ਹੀ ਧਰਮ ਸਮਾਜ ਵਿਚ ਬ੍ਰਾਹਮਣ ਦੇ ਤੰਗ ਨਜ਼ਰੀਏ ਨੇ ਆਮ ਜਨਤਾ ਨੂੰ ਬੇਇੰਤਹਾ ਦੁਖੀ ਕਰ ਰੱਖਿਆ ਸੀ। ਇਸ ਦੁਰਦਸ਼ਾ ਨੂੰ ਇਸ ਲੇਖ ਵਿਚ ਉਲੀਕਿਆ ਗਿਆ ਹੈ। ਇਸ ਨਿਘਾਰ ਵਿਚੋਂ ਕੱਢਣ ਲਈ ਹੀ 1699 ਦੀ ਵਿਸਾਖੀ ਨੂੰ ਖਾਲਸੇ ਦੀ ਸਿਰਜਨਾ ਹੋਈ। ਖਾਲਸਾ ਇਕ ਪੂਰਨ ਇਨਸਾਨ, ਸੰਤ-ਸਿਪਾਹੀ, ਮਹਾਂ-ਤਪੱਸਵੀ ਅਤੇ ਸ੍ਵੈਮਾਨ, ਅਣਖ ਨਾਲ ਜੀਉਣ ਵਾਲਾ, ਮਜ਼ਲੂਮ ਦੀ ਰੱਖਿਆ ਕਰਨ ਵਾਲਾ ਨਿਰਭਉ ਨਿਰਵੈਰ ਯੋਧਾ, ਅੰਦਰ ਵਸਦੇ ਕਾਮ, ਕ੍ਰੋਧ ਆਦਿ ਵੈਰੀਆਂ ਨਾਲ ਸਦਾ ਜੰਗ ਕਰਨ ਵਾਲਾ ਉਹ ਇਨਸਾਨ ਹੈ ਜੋ ਹਰ

(ਬਾਕੀ ਪੰਨਾ 13 ਤੇ)

# ਸੰਤ ਤੁਮਾਰੇ, ਤੁਮਰੇ ਪ੍ਰੀਤਮ

***ਪ੍ਰੋ. ਗੁਰਦੇਵ ਸਿੰਘ***

*(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ- 32)*

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦਾ ਸਤਿਕਾਰਯੋਗ ਬੀਜੀ (ਮਾਤਾ ਰਣਜੀਤ ਕੌਰ) ਦੇ ਪਿਤਾ ਬਾਬਾ ਹੀਰਾ ਸਿੰਘ ਜੀ ਨਾਲ ਬਹੁਤ ਪਿਆਰ ਸੀ। ਭਾਈ ਸਾਹਿਬ ਜੀ ਨੇ ਬਾਬਾ ਹੀਰਾ ਸਿੰਘ ਨੂੰ ਆਪਣੀ ਪੁਸਤਕ "ਰੰਗਲੇ ਸੱਜਣ" ਵਿਚ 'ਸੰਤ' ਕਹਿ ਕੇ ਸੰਬੋਧਨ ਕੀਤਾ ਹੈ ਅਤੇ ਇਹਨਾਂ ਤੋਂ ਬਿਨਾਂ ਹੋਰ ਕਿਸੇ ਨੂੰ ਸੰਤ ਨਹੀਂ ਲਿਖਿਆ। ਭਾਈ ਸਾਹਿਬ ਕਈ ਕਈ ਦਿਨ ਇਹਨਾਂ ਦੇ ਗ੍ਰਹਿ ਵਿਖੇ ਠਹਿਰ ਕੇ ਵਿਸਰਾਮ ਕਰਿਆ ਕਰਦੇ ਸਨ। ਸਾਰੀ ਸਾਰੀ ਰਾਤ "ਰੈਣ ਸਬਾਈ" ਕੀਰਤਨ ਹੁੰਦਾ ਰਹਿੰਦਾ ਸੀ। ਅਗੰਮੀ ਪਿਆਰ ਤੇ ਨਾਮ ਰਸ ਭਿੰਨਾ ਵਾਤਾਵਰਣ ਬਣਿਆ ਰਹਿੰਦਾ ਸੀ। ਪਿੰਡ, ਸ਼ਹਿਰ ਜਾਂ ਕਸਬੇ ਵਿਚ ਕਿਧਰੇ ਵੀ 'ਰੈਣ ਸਬਾਈ' ਕੀਰਤਨ ਹੁੰਦਾ ਹੋਵੇ ਤਾਂ ਸਾਰੇ ਸਿੰਘ ਇਸ ਵਿਚ ਸ਼ਾਮਲ ਹੋ ਕੇ ਇਸ ਦਾ ਰਸ ਤੇ ਆਨੰਦ ਮਾਣਿਆ ਕਰਦੇ ਸਨ। ਪੁਰਾਣੇ ਸਿੰਘ ਕੀਰਤਨ ਰਸ ਦੇ ਨਾਮ ਰਸ ਦੇ, ਭੌਰੇ ਹੋਇਆ ਕਰਦੇ ਸਨ, ਕੀਰਤਨ ਦੀ ਪ੍ਰਧਾਨਤਾ ਦੇ ਮਹਾਤਮ ਨੂੰ ਭਲੀ ਭਾਂਤ ਸਮਝਦੇ ਸਨ ਕਿ ਇਸ ਵਿਚ ਬਿਰਤੀ ਬਹੁਤ ਛੇਤੀ ਇਕਾਗਰ ਹੁੰਦੀ ਹੈ ਜਿਵੇਂ ਕਿ ਗੁਰੂ ਮਹਾਰਾਜ ਜੀ ਦਾ ਵੀ ਫੁਰਮਾਨ ਹੈ -

***ਕਲਜੁਗ ਮਹਿ ਕੀਰਤਨ ਪਰਧਾਨਾ॥***
***ਗੁਰਮੁਖਿ ਜਪੀਐ ਲਾਇ ਧਿਆਨਾ॥ ਪੰਨਾ - 1074***

ਬਾਬਾ ਜੀ ਨੂੰ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਹੋਰਾਂ ਦੇ ਬਚਨ ਤੇ ਕੀਰਤਨ ਸਰਵਣ ਕਰਨ ਦਾ ਸੁਭਾਗ ਵੀ ਦਾਊਦਪੁਰ ਵਿਖੇ ਪ੍ਰਾਪਤ ਹੁੰਦਾ ਰਹਿੰਦਾ ਸੀ। ਇਕ ਵਾਰ ਦਾ ਜ਼ਿਕਰ ਹੈ ਕਿ ਆਪਸ ਵਿਚ ਸਾਰੇ ਬੈਠੇ ਹੋਏ ਗੁਰਮਤਿ ਵਿਚਾਰਾਂ ਕਰ ਰਹੇ ਸਨ ਤਾਂ ਬਾਬਾ ਜੀ ਨੇਤਰ ਬੰਦ ਕਰਕੇ ਇਕ ਪਾਸੇ ਬੈਠੇ ਹੋਏ ਸਨ। ਕਾਫੀ ਸਮਾਂ ਲੰਘ ਗਿਆ ਇਹਨਾਂ ਨੇ ਨੇਤਰ ਨਾ ਖੋਲ੍ਹੇ ਤੇ ਭਾਈ ਸਾਹਿਬ ਹੈਰਾਨ ਹੋ ਗਏ ਤੇ ਕਹਿਣ ਲੱਗੇ ਕਿ ਇਹ ਨਿਕਾ ਇਸ ਤਰ੍ਹਾਂ ਸਮਾਧੀ ਵਿਚ ਬੈਠਾ ਹੈ ਜਿਵੇਂ ਕੋਈ ਤਪੱਸਵੀ ਹੋਵੇ। ਜਦੋਂ ਨੇਤਰ ਖੋਲ੍ਹੇ ਤਾਂ ਉਹਨਾਂ ਨੇ ਪੁਛਿਆ, ਨਿਕਿਆ! ਤੁਸਾਂ ਅੱਖਾਂ ਬੰਦ ਕੀਤੀਆਂ ਸਨ, ਅੰਦਰ ਕਿਹੜਾ ਸ਼ਬਦ ਸੁਣ ਰਿਹਾ ਸੀ? ਬਾਬਾ ਜੀ ਕਹਿਣ ਲੱਗੇ, ਮੇਰੇ ਅੰਦਰ ਉਸ ਵੇਲੇ ਇਹ ਸ਼ਬਦ ਚਲ ਰਿਹਾ ਸੀ -

***ਮਨ ਵੈਰਾਗ ਭਇਆ, ਦਰਸ਼ਨ ਦੇਖਣੇ ਕਾ ਚਾਉ -2.***

ਭਾਈ ਸਾਹਿਬ ਜੀ ਵਾਹ ਵਾਹ ਕਰ ਉਠੇ, ਕਹਿਣ ਲੱਗੇ, ਦੇਖੋ ਕਿੰਨੀ ਕਮਾਈ ਹੈ, ਇਸ ਨਿਕੀ ਅਵਸਥਾ ਵਿਚ ਹੀ ਵੈਰਾਗ ਲੱਗ ਗਿਆ ਹੈ ਪਿਆਰੇ ਦੇ ਦਰਸ਼ਨ ਕਰਨ ਦਾ, ਬਿਰਤੀ ਕਿੰਨੀ ਅਰੂੜ ਹੈ, ਹੋਰ ਕਿਸੇ ਦਾ ਧਿਆਨ ਹੀ ਨਹੀਂ ਤੇ ਇਸ ਉਮਰ ਵਿਚ ਹੀ ਸ਼ਬਦ ਸੁਣਾਈ ਦੇ ਰਿਹਾ ਹੈ। ਬਾਬਾ ਜੀ ਆਪ ਹੀ ਦੱਸਿਆ ਕਰਦੇ ਸਨ ਕਿ ਭਾਈ ਸਾਹਿਬ ਰਣਧੀਰ ਸਿੰਘ ਜੀ ਐਨੇ ਖੁਸ਼ ਹੋਏ ਕਿ ਉਨ੍ਹਾਂ ਨੇ ਘੁਟ ਕੇ ਮੈਨੂੰ ਛਾਤੀ ਨਾਲ ਲਾ ਲਿਆ, ਬਹੁਤ ਪਿਆਰ ਕੀਤਾ ਤੇ ਅਸੀਸਾਂ ਦਿਤੀਆਂ। ਸੋ ਬਚਪਨ ਵਿਚ ਵੀ ਬਾਬਾ ਜੀ ਪੂਰਨ ਸਨ ਅਤੇ ਇੰਨੀ ਉਚੀ ਆਤਮਕ ਅਵਸਥਾ ਦੇ ਮਾਲਕ ਸਨ। ਸਤਸੰਗ ਤੇ ਸਾਧੂ ਸੰਤਾਂ ਨਾਲ ਪਿਆਰ ਸੀ ਅਤੇ ਇਨ੍ਹਾਂ ਦੀ ਸੰਗਤ ਕਰਨ ਦਾ ਸ਼ੌਕ ਸੀ। ਜਿਥੇ ਕਿਤੇ ਵੀ ਸੰਤ ਮੰਡਲੀ ਆਉਂਦੀ, ਆਪ ਉਥੇ ਹੀ ਚਲੇ ਜਾਇਆ ਕਰਦੇ ਸਨ। ਦੇਸ਼ ਦੀ ਵੰਡ ਤੋਂ ਪਹਿਲਾਂ ਸਮੇਂ ਚੰਗੇ ਸਨ, ਸਾਧੂ ਸੰਤਾਂ ਦੀਆਂ ਮੰਡਲੀਆਂ ਥਾਂ ਥਾਂ ਤੇ ਘੁੰਮ ਫਿਰ ਕੇ ਨਾਮ ਬਾਣੀ ਤੇ ਪ੍ਰਭੂ ਭਗਤੀ ਦਾ ਉਪਦੇਸ਼ ਦਿਆ ਕਰਦੀਆਂ ਸਨ। ਇਹ ਸਾਧੂ ਇਕ-ਇਕ ਦੋ ਦੋ ਮਹੀਨੇ ਇਕ ਥਾਂ ਤੇ ਟਿਕ ਕੇ ਬਿਤਾਉਂਦੇ ਤੇ ਸਾਰਾ ਸਾਲ ਇਸੇ ਤਰ੍ਹਾਂ ਬਿਤਾਅ ਦਿਆ ਕਰਦੇ ਸਨ। ਮਜ਼ਬ ਦਾ ਕੋਈ ਵਿਤਕਰਾ ਨਹੀਂ ਸੀ, ਸਾਰੇ ਮਜ਼ਬਾਂ ਦੇ ਲੋਕ ਆ ਕੇ ਸੁਣਿਆ ਕਰਦੇ ਸਨ। ਇਸੇ ਤਰ੍ਹਾਂ ਨਾਲ ਉਦਾਸੀ ਸਾਧੂ ਅਤੇ ਨਿਰਮਲੇ ਸੰਤ ਆਪਣੀਆਂ ਮੰਡਲੀਆਂ ਲੈ ਕੇ ਪਿੰਡਾਂ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਦਾ ਉਪਦੇਸ਼ ਦਿਆ ਕਰਦੇ ਸਨ। ਗੁਰਬਾਣੀ ਪੜ੍ਹਨ, ਪੜ੍ਹਾਉਣ ਦੀ ਸੰਥਿਆ ਦੇ ਕੇ ਆਮ ਜਨ ਸਾਧਾਰਨ ਲੋਕਾਂ ਨੂੰ ਗੁਰਬਾਣੀ ਦੇ ਲੜ ਲਾਇਆ ਕਰਦੇ ਸਨ। ਪਿੰਡਾਂ ਦੇ ਲੋਕ, ਇਨ੍ਹਾਂ ਦੇ ਰਹਿਣ ਦਾ ਪ੍ਰਬੰਧ ਧਰਮਸ਼ਾਲਾ ਵਿਚ ਕਰ ਦਿਆ ਕਰਦੇ ਸਨ ਅਤੇ ਲੰਗਰ ਦਾ ਪ੍ਰਬੰਧ ਵੀ ਕਰਦੇ ਸਨ। ਇਸ ਤਰ੍ਹਾਂ ਨਾਲ ਲੋਕਾਂ ਨੂੰ ਸੇਵਾ ਤੇ ਸਿਮਰਨ ਕਰਨ ਦਾ ਅਵਸਰ ਪ੍ਰਾਪਤ ਹੋ ਜਾਇਆ ਕਰਦਾ ਸੀ ਅਤੇ ਸਤਸੰਗ ਦਾ ਮੰਡਲ ਵੀ ਜਾਰੀ ਰਹਿੰਦਾ ਸੀ। ਉਦਾਸੀ ਤੇ ਨਿਰਮਲੇ ਸਾਧੂਆਂ ਨੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਨੂੰ ਪ੍ਰਚਾਰਨ, ਪੜ੍ਹਾਉਣ ਤੇ ਸੰਥਿਆ ਦੇਣ ਦਾ ਬਹੁਤ ਵੱਡਾ ਉਦਮ ਕੀਤਾ ਹੈ ਅਤੇ ਨਾਲ ਦੀ ਨਾਲ ਲੋਕਾਂ ਦੇ ਸਮਾਜਿਕ ਤੇ ਅਧਿਆਤਮਕ ਜੀਵਨ ਪੱਧਰ ਨੂੰ ਉਚਾ ਬਨਾਉਣ ਵਿਚ ਬਹੁਤ ਯੋਗਦਾਨ ਦਿਤਾ ਹੈ। ਇਸ ਤਰ੍ਹਾਂ ਦੇ ਵਿਚਾਰ ਬਾਬਾ ਜੀ ਵੀ ਅਕਸਰ ਸੰਗਤ ਵਿਚ ਦੱਸਿਆ ਕਰਦੇ ਸਨ ਅਤੇ ਦਾਸ ਨੇ ਵੀ ਬਜ਼ੁਰਗਾਂ ਤੋਂ ਘਟਨਾਵਾਂ ਸੁਣੀਆਂ ਹੋਈਆਂ ਤੇ ਅੱਖੀਂ ਦੇਖੀਆਂ ਹੋਈਆਂ ਹਨ।

ਬਜ਼ੁਰਗਾਂ ਨੇ ਦੱਸਿਆ ਸੀ ਕਿ ਸੰਨ 1910 ਦੇ ਕਰੀਬ ਦੇਸ਼ ਦੇ ਉਤਰੀ ਭਾਗ ਵਿਚ ਅਤੇ ਪੰਜਾਬ ਵਿਚ ਮਹਾਂਮਾਰੂ ਪਲੇਗ ਦੀ ਬੀਮਾਰੀ ਫੈਲ ਗਈ ਸੀ। ਇਹ ਹਾਲਤ ਹੋ ਗਈ ਸੀ ਤੇ ਚਾਰ ਬੰਦਿਆਂ ਦਾ ਸਸਕਾਰ ਕਰਦੇ ਤਾਂ ਆਉਂਦਿਆਂ ਅੱਗੇ ਚਾਰ ਹੋਰ ਮਰੇ ਪਏ ਹੁੰਦੇ ਸਨ। ਪਿੰਡਾਂ ਵਿਚ ਸੈਂਕੜੇ ਮੁਰਦਿਆਂ ਦੀਆਂ ਲਾਸ਼ਾਂ ਸਾੜਨ ਤੇ ਦਫਨਾਉਣ ਵਾਸਤੇ ਮੌਤ ਦੇ ਭੈਅ ਕਾਰਨ ਕੋਈ ਨੇੜੇ ਨਹੀਂ ਜਾਂਦਾ ਕਿਉਂਕਿ ਪਲੇਗ ਛੂਤ ਦੀ ਬੀਮਾਰੀ ਹੁੰਦੀ ਹੈ, ਮਰੀਜ਼ ਦੇ ਨੇੜੇ ਹੋਣ ਕਰਕੇ ਜਾਂ ਛੂਹਣ ਕਰਕੇ ਲਗ ਜਾਂਦੀ ਹੈ। ਉਸ ਵੇਲੇ ਪੰਜਾਬ ਵਿਚ ਉਦਾਸੀ ਸਾਧੂਆਂ ਦਾ ਇਕ ਕਾਫਲਾ ਆਇਆ ਜੋ ਕਿ ਆਮ ਤੌਰ ਤੇ ਹਾਥੀਆਂ, ਬੈਲ ਗੱਡੀਆਂ ਉਤੇ ਬਜ਼ੁਰਗ ਤੇ ਵੱਡੇ ਮਹਾਤਮਾ

ਅਤੇ ਸਮਾਨ ਹੁੰਦਾ ਤੇ ਬਾਕੀ ਦੇ ਹੌਲੀ ਹੌਲੀ ਪੈਦਲ ਚਲਿਆ ਕਰਦੇ ਸਨ। ਇਨ੍ਹਾਂ ਨੇ ਪਿੰਡ ਪਿੰਡ ਆ ਕੇ ਮੁਰਦਿਆਂ ਦੀਆਂ ਲਾਸ਼ਾਂ ਨੂੰ ਦਫਨਾਉਣਾ ਸ਼ੁਰੂ ਕੀਤਾ ਅਤੇ ਪਿੰਡਾਂ ਦੇ ਲੋਕਾਂ ਨੂੰ ਗੁਰਬਾਣੀ, ਕਥਾ ਕੀਰਤਨ ਸੁਣਾ ਕੇ ਧੀਰਜ ਤੇ ਹੌਂਸਲਾ ਦਿਤਾ। ਹੌਲੀ ਹੌਲੀ ਜਦੋਂ ਪਲੇਗ ਦੀ ਬੀਮਾਰੀ ਖਤਮ ਹੋ ਗਈ ਤਾਂ ਟਾਂਵੇਂ, ਟਾਂਵੇਂ ਪਿੰਡਾਂ ਵਿਚ ਕੁਝ ਉਦਾਸੀ ਸਾਧੂ ਨਾਮ ਬਾਣੀ ਦਾ ਪ੍ਰਚਾਰ ਕਰਨ ਲਈ ਟਿਕ ਗਏ। ਇਸ ਤਰੀਕੇ ਨਾਲ ਕਈ ਪਿੰਡਾਂ ਵਿਚ ਸਤਸੰਗ ਘਰ ਬਣ ਗਏ ਜਿਨ੍ਹਾਂ ਨੇ ਮਗਰੋਂ ਡੇਰਿਆਂ ਦਾ ਰੂਪ ਧਾਰਨ ਕਰ ਲਿਆ। ਲੰਗਰ ਚਲਣੇ ਸ਼ੁਰੂ ਹੋ ਗਏ। ਗੁਰਮੁਖੀ ਅੱਖਰਾਂ ਦੀ ਵਿਦਿਆ ਤੇ ਗੁਰਬਾਣੀ ਦੀ ਸੰਥਿਆ ਦੇ ਕੇ ਲੋਕਾਂ ਨੂੰ ਗੁਰਬਾਣੀ ਦੇ ਲੜ ਲਾਇਆ ਜਾਂਦਾ ਸੀ। ਹੈਰਾਨੀ ਦੀ ਗੱਲ ਇਹ ਸੀ ਕਿ ਇਹਨਾਂ ਵਿਚੋਂ ਬਹੁਤੇ ਸਾਧੂ ਪੰਜਾਬ ਤੋਂ ਬਾਹਰਲੇ ਪ੍ਰਾਂਤਾਂ ਦੇ ਸਨ ਜੋ ਖੁਦ ਤਾਂ ਬ੍ਰਿਜ ਭਾਸ਼ਾ ਬੋਲਦੇ ਸਨ ਪਰ ਸੰਥਿਆ ਗੁਰਮੁਖੀ ਅੱਖਰਾਂ ਵਿਚ ਦਿੰਦੇ ਸਨ ਤੇ ਗੁਰਬਾਣੀ ਦਾ ਪਾਠ ਪਿੰਡਾਂ ਦੇ ਅਨਪੜ੍ਹ ਲੋਕਾਂ ਨੂੰ ਸਿਖਾਇਆ ਕਰਦੇ ਸਨ। ਸ੍ਰੀ ਗੁਰੂ ਗਰੰਥ ਸਾਹਿਬ ਦਾ ਸਤਿਕਾਰ ਬਹੁਤ ਕਰਦੇ ਸਨ ਅਤੇ ਘਰ ਵਿਚ ਸਾਧਾਰਨ ਪਾਠ ਤੇ ਅਖੰਡ ਪਾਠ ਕਰਿਆ ਕਰਦੇ ਸਨ ਅਤੇ ਗੁਰਬਾਣੀ ਐਨੀ ਮਧੁਰ ਬੋਲੀ ਵਿਚ ਉਚਾਰਨ ਕਰਦੇ ਸਨ ਕਿ ਇਨ੍ਹਾਂ ਦਾ ਪਾਠ ਬਹੁਤ ਸੁਖੈਨ ਤੇ ਸਰਲ ਹੋਇਆ ਕਰਦਾ ਸੀ।

ਐਸੇ ਹੀ ਇਕ ਮਹਾਤਮਾ ਦੇ ਦਰਸ਼ਨ ਮੈਂ ਬਚਪਨ ਵਿਚ ਕੀਤੇ ਹਨ ਜੋ ਪਲੇਗ ਦੇ ਸਮੇਂ ਸਾਡੇ ਪਿੰਡ ਵਿਚ ਆ ਕੇ ਟਿਕ ਗਏ ਸਨ ਅਤੇ ਗੁਰਦੁਆਰਾ ਸਾਹਿਬ ਬਣਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਥਾਪਨ ਕੀਤੇ ਸਨ। ਅਤੇ ਲੰਗਰ ਹਰ ਵਕਤ ਚਲਦਾ ਸੀ। ਇਨ੍ਹਾਂ ਦਾ ਨਾਮ ਬਾਵਾ ਨਰਸਿੰਗ ਦਾਸ ਸੀ ਜੋ ਯੂ.ਪੀ. ਪ੍ਰਾਂਤ ਦੇ ਰਹਿਣ ਵਾਲੇ ਸਨ ਅਤੇ ਬ੍ਰਿਜ ਭਾਸ਼ਾ ਹੀ ਬੋਲਿਆ ਕਰਦੇ ਸਨ। ਇਨ੍ਹਾਂ ਦੇ ਸਿਰ ਤੇ ਜਟਾਵਾਂ ਦਾ ਜੂੜਾ ਹੁੰਦਾ ਸੀ ਤੇ ਕੱਪੜੇ ਨਾਲ ਢੱਕ ਕੇ ਰੱਖਦੇ ਸਨ ਅਤੇ ਅਕਸਰ ਚਿਟਾ ਚੋਗਾ ਰਹਿਨ ਕੇ ਰੱਖਿਆ ਕਰਦੇ ਸਨ। ਚਿਹਰੇ ਤੇ ਹਰ ਵਕਤ ਮੰਦ ਮੰਦ ਮੁਸਕਾਨ ਰਹਿੰਦੀ ਸੀ ਅਤੇ ਬਹੁਤ ਮਿਠ ਬੋਲੜੇ ਸੁਭਾਅ ਦੇ ਸਨ। ਇਨ੍ਹਾਂ ਨੇ ਪਿੰਡ ਵਿਚ ਬਹੁਤ ਸਾਰੇ ਅਨਪੜ੍ਹ ਲੋਕਾਂ ਨੂੰ ਗੁਰਮੁਖੀ ਲਿਪੀ ਦੀ ਪੜ੍ਹਾਈ ਕਰਵਾਈ ਜੋ ਉਸ ਸਮੇਂ ਵਿਚ ਧਰਤੀ ਉਤੇ ਉਂਗਲੀਆਂ ਨਾਲ ਲਿਖੀ ਜਾਂਦੀ ਸੀ। ਜਿਹੜੇ ਵੀ ਇਨ੍ਹਾਂ ਤੋਂ ਪੜ੍ਹੇ ਹੋਏ ਸਨ ਉਨ੍ਹਾਂ ਨੂੰ ਸ੍ਰੀ ਗੁਰੂ ਗਰੰਥ ਸਾਹਿਬ ਦੀਆਂ ਬਹੁਤ ਸਾਰੀਆਂ ਬਾਣੀਆਂ ਮੂੰਹ ਜ਼ਬਾਨੀ ਕੰਠ ਸਨ। ਸੋ ਇਹ ਮਹਾਤਮਾ ਲਾਗਲੇ ਪਿੰਡਾਂ ਵਿਚ ਵੀ ਇਸੇ ਤਰ੍ਹਾਂ ਪ੍ਰਚਾਰ ਕਰਦੇ ਰਹਿੰਦੇ ਸਨ ਅਤੇ ਵੱਧ ਤੋਂ ਵੱਧ ਲੋਕਾਂ ਨੂੰ ਗੁਰੂ ਨਾਨਕ ਨਾਲ ਜੋੜਨ ਦਾ ਯਤਨ ਕਰਿਆ ਕਰਦੇ ਸੀ। ਪਰਉਪਕਾਰੀ ਸੁਭਾਅ ਵਾਲੇ, ਸਿਧੇ ਸਾਦੇ ਲਿਬਾਸ ਵਿਚ ਰਹਿ ਕੇ ਬਿਨਾ ਕਿਸੇ ਲਾਲਚ ਤੋਂ ਨਿਸ਼ਕਾਮ ਸੇਵਾ ਨਿਭਾਉਂਦੇ ਰਹੇ। ਆਪਣਾ ਸਾਰਾ ਜੀਵਨ ਪਰਉਪਕਾਰ ਵਿਚ ਲਾ ਦਿਤਾ। ਪਿੰਡ ਵਾਲੇ ਉਨ੍ਹਾਂ ਦਾ ਬਹੁਤ ਆਦਰ ਮਾਣ ਕਰਦੇ ਸਨ। ਪੁਰਾਣੇ ਵਕਤਾਂ ਵਿਚ ਕਲਜੁਗ ਦਾ ਜੋਰ ਘੱਟ ਸੀ, ਆਮ ਕਰਕੇ ਲੋਕ ਸਾਧੂ ਸੰਤਾਂ ਦਾ ਸਤਿਕਾਰ ਕਰਿਆ ਕਰਦੇ ਸਨ।

ਬਾਬਾ ਜੀ ਨੂੰ ਸਾਧੂ ਸੰਤਾਂ ਦੀ ਸੰਗਤ ਕਰਨ ਦਾ ਬਹੁਤ ਚਾਅ ਰਹਿੰਦਾ ਸੀ। ਉਹ ਆਪ ਵੀ ਇਹ ਬਚਨ ਕਈ ਵੇਰਾਂ ਕਰਿਆ ਕਰਦੇ ਸੀ ਕਿ ਛੋਟੇ ਹੁੰਦਿਆਂ ਮੈਂ ਜਿਥੇ ਵੀ ਸੁਣਨਾ ਕੋਈ ਸਾਧੂ ਮਹਾਤਮਾ ਆਏ ਹੋਏ ਹਨ ਉਥੇ ਹੀ ਚਲਿਆ ਜਾਇਆ ਕਰਦਾ ਸੀ। ਉਥੇ ਕਈ ਕਈ ਦਿਨ ਰਹਿ ਕੇ ਉਨ੍ਹਾਂ ਦੇ ਪ੍ਰਬਚਨ ਸੁਣਦਾ ਰਹਿੰਦਾ ਸੀ। ਘਰ ਵਾਲੇ ਵੀ ਫਿਕਰ ਨਹੀਂ ਸੀ ਕਰਿਆ ਕਰਦੇ ਕਿਉਂਕਿ ਉਨ੍ਹਾਂ ਨੂੰ ਮੇਰੀ ਆਦਤ ਦਾ ਪਤਾ ਸੀ ਕਿ ਉਹ ਕਿਸੇ ਸਾਧੂ ਸੰਤ ਪਾਸ ਹੀ ਗਿਆ ਹੋਵੇਗਾ, ਸਤਿਸੰਗ ਜਾਂ ਕੀਰਤਨ ਸੁਣਨ ਗਿਆ ਹੋਵੇਗਾ। ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਦੀ ਸੰਗਤ ਵੀ ਇਨ੍ਹਾਂ ਨੂੰ ਬਚਪਨ ਵਿਚ ਹੀ ਪ੍ਰਾਪਤ ਹੋਈ ਜਦੋਂ ਉਹ ਇਹਨਾਂ ਦੇ ਖ਼ੂਹ ਉਤੇ ਕਈ ਕਈ ਦਿਨ ਰਹਿ ਕੇ ਜਾਇਆ ਕਰਦੇ ਸੀ। ਦੂਰੋਂ ਦੂਰੋਂ ਪਿੰਡਾਂ ਤੋਂ ਸੰਗਤ ਆਉਂਦੀ ਰਹਿੰਦੀ ਸੀ ਤੇ ਸਤਸੰਗ ਦੇ ਪ੍ਰਬਚਨ ਚਲਦੇ ਰਹਿੰਦੇ ਸਨ। ਸੰਤ ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲਿਆਂ ਦੀ ਸੰਗਤ ਵੀ ਉਹਨਾਂ ਨੂੰ ਬਚਪਨ ਵਿਚ ਪ੍ਰਾਪਤ ਹੋਈ ਸੀ। ਬਾਬਾ ਜੀ ਨੇ ਆਪ ਹੀ ਦੱਸਿਆ ਸੀ ਕਿ ਮੈਂ ਛੋਟਾ ਜਿਹਾ ਸੀ, ਬਾਬਾ ਨੰਦ ਸਿੰਘ ਜੀ ਦੇ ਦੀਵਾਨ ਲਾਗੇ ਕਿਸੇ ਪਿੰਡ ਵਿਚ ਲੱਗੇ ਹੋਏ ਸਨ। ਦੀਵਾਨ ਦੀ ਸਮਾਪਤੀ ਤੋਂ ਬਾਅਦ ਬਾਬਾ ਜੀ ਤੁਰ ਪਏ ਅਤੇ ਉਹਨਾਂ ਦੇ ਪਿਛੇ ਬਹੁਤ ਸਾਰੀ ਸੰਗਤ ਤੁਰ ਪਈ। ਜਦੋਂ ਪਿੰਡ ਤੋਂ ਬਾਹਰ ਖੇਤਾਂ ਵਿਚ ਆਏ ਤਾਂ ਬਾਬਾ ਜੀ ਨੇ ਹੱਥ ਉਚਾ ਕਰਕੇ ਸਭ ਨੂੰ ਵਾਪਸ ਜਾਣ ਦਾ ਇਸ਼ਾਰਾ ਕੀਤਾ। ਮੈਂ ਵੀ ਨਾਲ ਨਾਲ ਚਲ ਰਿਹਾ ਸੀ ਤੇ ਉਹਨਾਂ ਨੇ ਮੇਰੇ ਵੱਲ ਦੇਖਿਆ ਤੇ ਮੈਨੂੰ ਕੁਝ ਨਾ ਕਿਹਾ, ਮੈਂ ਨਾਲ ਹੀ ਪਿਛੇ ਪਿਛੇ ਤੁਰਦਾ ਗਿਆ, ਖੇਤ ਦੇ ਵਿਚਕਾਰ ਇਕ ਡੂੰਘਾ ਟੋਆ, ਭੋਰੇ ਵਾਂਗ ਪੁਟ ਕੇ ਬਣਵਾਇਆ ਹੋਇਆ ਸੀ। ਬਾਬਾ ਜੀ ਹੇਠਾਂ ਉਤਰ ਗਏ ਤੇ ਮੈਂ ਵੀ ਨਾਲ ਹੀ ਭੋਰੇ ਵਿਚ ਚਲਾ ਗਿਆ। ਬਾਣ ਦੇ ਮੰਜੇ ਉਤੇ ਬਾਬਾ ਜੀ ਲੇਟ ਗਏ ਤੇ ਮੈਂ ਉਨ੍ਹਾਂ ਦੀ ਮੁਠੀ ਚਾਪੀ ਕਰਨ ਲਗ ਪਿਆ। ਕਾਫੀ ਦੇਰ ਮੈਂ ਉਥੇ ਬੈਠਾ ਮੁਠੀ ਚਾਪੀ ਕਰਦਾ ਰਿਹਾ ਤੇ ਫੇਰ ਮੈਨੂੰ ਪਿਆਰ ਦੇ ਕੇ ਕਹਿਣ ਲੱਗੇ, ਕਾਕਾ! ਹੁਣ ਤੂੰ ਵੀ ਜਾਹ, ਅਸੀਂ ਥੋੜ੍ਹਾ ਆਰਾਮ ਕਰਕੇ ਭਜਨ ਕਰਨਾ ਹੈ। ਤੂੰ ਵੀ ਹੋਰ ਜ਼ਿਆਦਾ ਭਜਨ ਕਰਿਆ ਕਰ।

ਸੋ ਇਥੇ ਗ੍ਰਹਿਣ ਕਰਨ ਵਾਲੀ ਗੱਲ ਇਹ ਹੈ ਕਿ ਹੋਰ ਬਹੁਤ ਸੰਗਤ ਪਿਛੇ ਆ ਰਹੀ ਸੀ, ਬਾਬਾ ਨੰਦ ਸਿੰਘ ਜੀ ਨੇ ਹੋਰ ਕਿਸੇ ਨੂੰ ਕਿਉਂ ਨਹੀਂ ਬੁਲਾਇਆ ਤੇ ਇਹਨਾਂ ਨੂੰ ਹੀ ਕਿਉਂ ਆਉਣ ਦਿਤਾ। ਉਹ ਜਾਣਦੇ ਸਨ ਕਿ ਇਹ ਨਾਮ ਜੱਪਣ ਵਾਲੀ ਤੇ ਪਿਆਰ ਵਾਲੀ ਰੂਹ ਹੈ। ਇਸੇ ਤਰ੍ਹਾਂ ਦਾ ਇਕ ਹੋਰ ਵੀ ਜ਼ਿਕਰ ਹੈ ਜੋ ਕਿ ਬਾਬਾ ਜੀ ਦੀ ਮੁਲਾਕਾਤ ਸੰਤ ਬਾਬਾ ਈਸ਼ਰ ਸਿੰਘ ਜੀ ਕਲੇਰਾਂ ਵਾਲਿਆਂ ਨਾਲ ਹੋਈ ਸੀ। ਉਸ ਵੇਲੇ ਆਪ ਨੇ ਸਕੂਲ ਦੀ ਪੜ੍ਹਾਈ ਖਤਮ ਕਰ ਲਈ ਸੀ ਤੇ ਆਪ ਦੀ ਅਵਸਥਾ ਜਵਾਨੀ ਪਹਿਰੇ ਵਿਚ ਸੀ। ਬਾਬਾ ਈਸ਼ਰ ਸਿੰਘ ਜੀ ਕਿਸੇ ਪ੍ਰੇਮੀ ਦੇ ਘਰ ਚਰਨ ਪਾਉਣ ਆਏ ਹੋਏ ਸਨ। ਉਪਰ ਚੁਬਾਰੇ ਵਿਚ ਪਲੰਘ ਤੇ ਬਿਰਾਜਮਾਨ ਸਨ ਤੇ ਘਰ ਦੇ ਪ੍ਰੇਮੀ ਤੇ ਉਨ੍ਹਾਂ ਦੇ ਸਿੰਘ ਵੀ ਬੈਠੇ ਹੋਏ ਸਨ। ਜਦੋਂ ਬਾਬਾ ਜੀ ਉਨ੍ਹਾਂ ਦੇ ਦਰਸ਼ਨ ਕਰਨ ਪਹੁੰਚੇ ਤਾਂ ਸੰਤ ਬਾਬਾ ਈਸ਼ਰ ਸਿੰਘ ਜੀ ਕਲੇਰਾਂ ਵਾਲੇ ਉਠ ਕੇ ਖੜ੍ਹੇ ਹੋ ਗਏ

ਤੇ ਬਾਬਾ ਜੀ ਨੂੰ ਬਾਹੋਂ ਫੜ ਕੇ ਆਪਣੇ ਨਾਲ ਬਿਠਾ ਲਿਆ ਤੇ ਕਹਿਣ ਲੱਗੇ, ਆਪਾਂ ਪੁਰਾਣੇ ਸਾਥੀ ਹਾਂ, ਤੁਹਾਡਾ ਦਰਜਾ ਸਾਡੇ ਬਰਾਬਰ ਦਾ ਹੈ, ਹੇਠਾਂ ਬੈਠਣ ਦਾ ਨਹੀਂ ਹੈ। ਸੰਤਾਂ ਦੀ ਆਪਸੀ ਪਹਿਚਾਣ ਨਾਮ ਜਪਣ ਨਾਲ, ਨਾਮ ਦੀ ਅਵਸਥਾ ਪ੍ਰਾਪਤੀ ਕਰਕੇ ਹੋਇਆ ਕਰਦੀ ਹੈ ਨਾ ਕਿ ਬਾਹਰਲੀ ਭੇਸ਼ ਭੂਸ਼ਾ ਨਾਲ ਕਿ ਇਸ ਨੇ ਸੰਤਾਂ ਵਾਲੇ ਕੱਪੜੇ ਪਾਏ ਹੋਏ ਹਨ। ਸੰਤ ਅੰਦਰਲੀ ਅਵਸਥਾ ਨੂੰ ਕਿਹਾ ਜਾਂਦਾ ਹੈ ਜਿਸ ਬਾਰੇ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ–

***ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥***
***ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥***

***ਪੰਨਾ – 319***

ਸੰਤ ਬਾਬਾ ਜੋਧ ਸਿੰਘ ਅਤੇ ਸੰਤ ਬਾਬਾ ਅਤਰ ਸਿੰਘ ਜੀ ਅਤਲੇ ਵਾਲਿਆਂ ਦੀ ਸੰਗਤ ਵਿਚ ਵੀ ਆਪ ਜਾਂਦੇ ਰਹਿੰਦੇ ਸਨ। ਭਜਨ ਬੰਦਗੀ ਤੇ ਨਾਮ ਅਭਿਆਸ ਲਈ ਆਪ ਕਈ ਕਈ ਦਿਨ ਬਾਹਰ ਇਨ੍ਹਾਂ ਸੰਤਾਂ ਪਾਸ ਬਿਤਾਇਆ ਕਰਦੇ ਸੀ। ਸੰਤ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਦੇ ਤਾਂ ਬਾਬਾ ਜੀ ਦੇ ਦਾਦਾ ਜੀ ਤੇ ਪਿਤਾ ਜੀ ਸਾਰਾ ਪਰਵਾਰ ਸੇਵਾ ਕਰਿਆ ਕਰਦਾ ਸੀ ਤੇ ਅਕਸਰ ਇਨ੍ਹਾਂ ਦਾ ਜਾਣਾ ਉਥੇ ਵੀ ਬਣਿਆ ਰਹਿੰਦਾ ਸੀ। ਇਨ੍ਹਾਂ ਸੰਤਾਂ ਦੀ ਚਰਨ ਛੂਹ ਤੇ ਦਰਸ਼ਨ ਵੀ ਪ੍ਰਾਪਤ ਹੁੰਦੇ ਰਹਿੰਦੇ ਸਨ। ਇਨ੍ਹਾਂ ਨੂੰ ਬਚਪਨ ਤੋਂ ਹੀ ਇਹ ਸੋਝੀ ਸੀ ਕਿ ਭਲੇ ਪੁਰਸ਼ਾਂ ਦੀ ਸੰਗਤ ਚੰਗੀ ਹੁੰਦੀ ਹੈ। ਇਹਨਾਂ ਭਲੇ ਪੁਰਸ਼ਾਂ ਦੀ ਸੰਗਤ ਵਿਚ ਰਹਿ ਕੇ ਬੁਰਿਆਈਆਂ ਮਨੁਖ ਦੇ ਨੇੜੇ ਨਹੀਂ ਪੌਹਦੀਆਂ ਅਤੇ ਸਤਪੁਰਸ਼ਾਂ ਦੀ ਸੋਭਤ ਜਗਿਆਸੂ ਲਈ ਕਿਲੇ ਦਾ ਕੰਮ ਕਰਦੀ ਹੈ। ਜਿਵੇਂ ਕਿਲੇ ਵਿਚ ਰਹਿ ਕੇ ਬਾਹਰਲੇ ਦੁਸ਼ਮਣਾਂ ਦਾ ਡਰ ਨਹੀਂ ਰਹਿੰਦਾ, ਇਸੇ ਤਰ੍ਹਾਂ ਸੰਗਤ ਰੂਪੀ ਕਿਲੇ ਵਿਚ ਰਹਿ ਕੇ ਅੰਦਰਲੇ ਪੰਜ ਚੋਰਾਂ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਦੇ ਹਮਲੇ ਦਾ ਡਰ ਨਹੀਂ ਰਹਿੰਦਾ। ਇਸੇ ਕਰਕੇ ਭਾਈ ਸਾਹਿਬ ਨੰਦ ਲਾਲ ਜੀ ਦਾ ਕਥਨ ਹੈ –

***ਸੁਹਬਤੇ ਨੇਕਾਂ ਅਗਰ ਬਾਸ਼ਿਦ ਨਸੀਬ॥***
***ਦੌਲਤੇ ਜਾਵੇਦ ਯਾਬੀ ਏ ਹਬੀਬ॥***

ਐ ਪਿਆਰੇ! ਜੇਕਰ ਭਲੇ ਪੁਰਸ਼ਾਂ ਦੀ ਸੰਗਤ, ਸਾਧੂਆਂ ਦੀ ਸੰਗਤ, ਸਤ ਪੁਰਸ਼ਾਂ ਦੀ ਸੰਗਤ ਪ੍ਰਾਪਤ ਹੋ ਜਾਵੇ ਤਾਂ ਉਹ ਦੋ ਜਹਾਨ ਦੀ ਦੌਲਤ ਮਿਲਣ ਦੇ ਬਰਾਬਰ ਹੈ। ਇਸੇ ਤਰ੍ਹਾਂ ਦੀ ਸੰਗਤ ਕਰਨ ਵਾਲਿਆਂ ਦੇ ਲੋਕ ਤੇ ਪਰਲੋਕ ਦੋਵੇਂ ਸੰਵਰਦੇ ਹਨ ਕਿਉਂਕਿ ਉਥੇ ਕੇਵਲ ਸੱਤ ਦੀ ਵਿਚਾਰ ਹੋਇਆ ਕਰਦੀ ਹੈ।

***ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ॥***

***ਪੰਨਾ – 146***

ਮਹਾਂਪੁਰਸ਼ਾਂ ਦੀ ਸੰਗਤ ਵਿਚ ਕੇਵਲ ਪਾਪ ਪੁੰਨ ਦੀ ਵਿਚਾਰ ਹੁੰਦੀ ਹੈ ਤੇ ਨਾਮ ਜੱਪਣ ਵਾਲਿਆਂ ਦੀ ਮਹਿਮਾ ਹੁੰਦੀ ਹੈ। ਐਸੇ ਵਿਚਾਰ ਸੁਣ ਕੇ ਪਾਪਾਂ ਦੀ ਰਾਸ ਘੱਟਦੀ ਹੈ ਤੇ ਪੁੰਨ ਕਰਮ ਬਣਦੇ ਹਨ ਅਤੇ ਕੂੜ ਦੀ ਮੈਲ ਉਤਰਨੀ ਸ਼ੁਰੂ ਹੋ ਜਾਂਦੀ ਹੈ। ਸਾਡੇ ਅੰਤਸ਼ਕਰਣ ਉਤੇ ਇਸ ਮੈਲ ਦੀਆਂ ਗਾੜ੍ਹੀਆਂ ਪੜਤਾਂ ਜੰਮੀਆਂ ਪਈਆਂ ਹੋਣ ਕਰਕੇ ਹੀ ਸਤ ਸਰੂਪ ਪ੍ਰਭੂ ਦੇ ਦਰਸ਼ਨ ਅਨੁਭਵ ਨਹੀਂ ਹੁੰਦੇ ਅਤੇ ਇਹ ਜੀਵ ਮਾਇਆ ਦੇ ਥਪੇੜੇ ਖਾਂਦਾ ਹੋਇਆ ਚੌਰਾਸੀ ਦੇ ਚੱਕਰਾਂ ਵਿਚ ਭਟਕਦਾ ਹੋਇਆ ਜੰਮਦਾ ਅਤੇ ਮਰਦਾ ਰਹਿੰਦਾ ਹੈ।

***ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ***
***ਕਾਲਾ ਹੋਆ ਸਿਆਹੁ॥***
***ਖੰਨਲੀ ਧੋਤੀ ਉਜਲੀ ਨਾ ਹੋਵਈ ਜੇ ਸਉ ਧੋਵਣਿ ਪਾਹੁ॥***

***ਪੰਨਾ – 651***

ਇਹ ਵਰਤਾਰਾ ਸਾਡੇ ਵਰਗੇ ਸੰਸਾਰੀ ਲੋਕਾਂ ਦਾ ਹੋਇਆ ਕਰਦਾ ਹੈ ਪਰੰਤੂ ਪਾਰਗ੍ਰਾਮੀ ਮਹਾਂਪੁਰਸ਼ਾਂ ਦਾ ਵਰਤਾਰਾ ਤਾਂ ਬਚਪਨ ਤੋਂ ਹੀ ਅਧਿਆਤਮਕ ਤੇ ਰੂਹਾਨੀ ਹੁੰਦਾ ਹੈ ਇਸੇ ਕਰਕੇ ਉਹ ਹਰ ਵਕਤ ਆਪਣੇ ਮਨ ਦੀ ਸੂਈ ਨੂੰ ਪ੍ਰਭੂ ਪਿਆਰ, ਪ੍ਰਭੂ ਸਿਮਰਨ ਅਤੇ ਪ੍ਰਭੂ ਪਿਆਰਿਆਂ ਦੀ ਸੰਗਤ ਵੱਲ ਝੁਕਾ ਕੇ ਰੱਖਿਆ ਕਰਦੇ ਹਨ। ਬਚਪਨ ਤੋਂ ਹੀ ਆਪ ਇਨ੍ਹਾਂ ਗੱਲਾਂ ਤੋਂ ਖਬਰਦਾਰ ਸਨ ਅਤੇ ਆਪ ਨੇ ਫਰੀਦ ਸਾਹਿਬ ਦੀ ਸਾਖੀ ਚੰਗੀ ਤਰ੍ਹਾਂ ਸੁਣੀ ਹੋਈ ਸੀ ਜਿਸ ਬਾਰੇ ਉਹ ਆਪ ਵੀ ਇਸ ਦਾ ਜ਼ਿਕਰ ਅਕਸਰ ਕਰਿਆ ਕਰਦੇ ਸਨ ਕਿ ਫਰੀਦ ਸਾਹਿਬ ਜਦੋਂ ਪਹਿਲੀ ਵੇਰਾਂ ਜੰਗਲ ਵਿਚ ਤੱਪ ਕਰਨ ਵਾਸਤੇ ਗਏ ਤਾਂ ਉਨ੍ਹਾਂ ਦੀ ਮਾਤਾ ਜੀ ਨੇ ਫਰੀਦ ਜੀ ਨੂੰ ਤਿੰਨ ਗੱਲਾਂ ਕਹੀਆਂ ਸਨ। ਪਹਿਲੀ ਤਾਂ ਇਹ ਸੀ ਕਿ ਛੱਤੀ ਪ੍ਰਕਾਰ ਦੇ ਭੋਜਨ ਖਾਵੀਂ, ਦੂਜਾ ਮਖਮਲੀ ਗਦੈਲਿਆਂ ਤੇ ਸੌਂਇਆ ਕਰੀਂ, ਤੀਜਾ ਇਹ ਕਿ ਕਿਲੇ ਵਿਚ ਰਹੀਂ।" ਬਾਬਾ ਫਰੀਦ ਜੀ ਹੈਰਾਨੀ ਨਾਲ ਮਾਤਾ ਜੀ ਨੂੰ ਪੁਛਣ ਲੱਗੇ ਕਿ ਮਾਤਾ ਜੀ! ਜੰਗਲਾਂ ਬੀਆਬਾਨਾਂ ਵਿਚ ਮੇਰੇ ਲਈ ਛੱਤੀ ਪ੍ਰਕਾਰ ਦੇ ਭੋਜਨ ਕੌਣ ਲੈ ਕੇ ਬੈਠਾ ਹੋਵੇਗਾ, ਉਥੇ ਤਾਂ ਜੇ ਇਕ ਵਕਤ ਰੁਖੀ ਮਿਸੀ ਵੀ ਮਿਲ ਜਾਵੇ ਉਹੀ ਬਹੁਤ ਹੈ। ਤਾਂ ਮਾਤਾ ਜੀ ਨੇ ਸਮਝਾਇਆ ਕਿ ਬੇਟਾ! ਸਾਧੂ ਰਮਜ਼ ਵਿਚ ਗੱਲ ਕਰਿਆ ਕਰਦੇ ਹਨ, ਜੇ ਤੈਨੂੰ ਰਮਜ਼ ਸਮਝ ਨਾ ਆਈ ਤਾਂ ਤੈਨੂੰ ਪਤਾ ਨਹੀਂ ਲਗਣਾ। ਇਸ ਦਾ ਮਤਲਬ ਇਹ ਹੈ ਕਿ ਜਦੋਂ ਤੈਨੂੰ ਅੱਤ–ਦਰਜੇ ਦੀ ਭੁਖ ਲਗੇ ਕਿ ਹੁਣ ਤਾਂ ਸਰੀਰ ਸਹਿ ਨਹੀਂ ਸਕਦਾ ਤਾਂ ਉਸ ਵੇਲੇ ਭਾਵੇਂ ਤੈਨੂੰ ਕਈਆਂ ਦਿਨਾਂ ਦਾ ਸੁਕਾ ਟੁਕਰ ਵੀ ਮਿਲ ਜਾਵੇਗਾ ਤਾਂ ਉਸ ਨੂੰ ਪਾਣੀ ਵਿਚ ਭਿਉਂ ਕੇ ਖਾ ਲਵੀਂ, ਤੈਨੂੰ ਛੱਤੀ ਪ੍ਰਕਾਰ ਦੇ ਭੋਜਨ ਦਾ ਸਵਾਦ ਆਵੇਗਾ। ਦੂਸਰਾ ਭਜਨ ਕਰਦੇ ਕਰਦੇ, ਬੰਦਗੀ ਕਰਦੇ ਕਰਦੇ, ਨਾਮ ਜਪਦੇ ਜਪਦੇ ਜਦੋਂ ਤੇਰਾ ਸਰੀਰ ਨਿਢਾਲ ਹੋ ਜਾਵੇ, ਉਸ ਵੇਲੇ ਸੌਂਵੀਂ ਤੇ ਉਸ ਵੇਲੇ ਭਾਵੇਂ ਉਭੜ–ਖੜ੍ਹਬੀ ਧਰਤੀ ਹੋਵੇ, ਜਿਸ ਨੂੰ ਕਿਸਾਨ ਨੇ ਹਲ ਵਾਹ ਕੇ ਛੱਡਿਆ ਹੁੰਦਾ ਹੈ, ਜੇਕਰ ਤੂੰ ਉਸ ਉਤੇ ਵੀ ਸੌਂਵੇਂਗਾ ਤਾਂ ਤੈਨੂੰ ਮਖਮਲੀ ਗਦੈਲਿਆਂ ਜੈਸਾ ਅਨੰਦ ਆਵੇਗਾ। ਇਨ੍ਹਾਂ ਦੋਵੇਂ ਰਮਜ਼ਾਂ ਦਾ ਭਾਵ ਇਹ ਹੈ ਕਿ ਘੱਟ ਤੋਂ ਘੱਟ ਖਾਣਾ ਹੈ ਤੇ ਘੱਟ ਤੋਂ ਘੱਟ ਸੌਣਾ ਹੈ ਪਰੰਤੂ ਭਜਨ ਵੱਧ ਤੋਂ ਵੱਧ ਕਰਨਾ ਹੈ। ਤੀਸਰੀ ਗੱਲ ਇਸ ਤਰ੍ਹਾਂ ਹੈ ਕਿ ਸੁਣ ਬੇਟਾ! ਤੇਰੀ ਉਮਰ ਕਿਸ਼ੋਰ ਅਵਸਥਾ ਤੋਂ ਜਵਾਨੀ ਦੇ ਪਹਿਰੇ ਵਲ ਜਾ ਰਹੀ ਹੈ। ਮਨੁਖ ਦੀ ਅਵਸਥਾ ਦਾ ਇਹ ਸਮਾਂ ਸਭ ਤੋਂ ਵੱਧ ਨਾਜ਼ੁਕ ਅਤੇ ਅਨਭੋਲ ਹੋਇਆ ਕਰਦਾ ਹੈ। ਕੋਈ ਵੀ ਨਾਸਤਿਕ ਬੰਦਾ ਤੈਨੂੰ ਇਧਰਲੀਆਂ ਉਧਰਲੀਆਂ ਗੱਲਾਂ ਕਰਕੇ ਵਰਗਲਾ ਸਕਦਾ ਹੈ, ਤੇਰੀ ਵੈਰਾਗਮਈ ਅਵਸਥਾ ਤੇ ਚੋਟ ਕਰਦਾ ਹੈ, ਆਸਤਿਕਤਾ ਨੂੰ ਨਾਸਤਿਕਤਾ ਵੱਲ ਮੋੜਨ ਦਾ ਕੋਝਾ ਯਤਨ

ਕਰ ਸਕਦਾ ਹੈ। ਤੈਨੂੰ ਭਜਨ ਬੰਦਗੀ ਵਾਲੇ ਪਾਸਿਓਂ ਹਟਾ ਕੇ ਦੁਨੀਆਂਦਾਰੀ ਦੀਆਂ ਗੱਲਾਂ ਸੁਣਾ ਕੇ, ਮਾਇਆ ਦੀ ਚਮਕ-ਦਮਕ ਦੀਆਂ ਕੂੜੀਆਂ ਗੱਲਾਂ ਨਾਲ ਬਹਿਕਾ ਕੇ, ਹਵਾਈ ਕਿਲੇ ਉਸਾਰ ਕੇ ਤੇਰਾ ਮਨ ਮੋੜ ਸਕਦਾ ਹੈ। ਜਵਾਨੀ ਦੀ ਆਉਣ ਵਾਲੀ ਹਨ੍ਹੇਰੀ ਤੈਨੂੰ ਵਿਸ਼ੇ ਵਿਕਾਰਾਂ ਵੱਲ ਨੂੰ ਧਕੇਲ ਸਕਦੀ ਹੈ। ਇਸ ਤੋਂ ਬਚਣ ਦਾ ਇਕੋ ਉਪਾਅ ਹੈ ਕਿ ਤੂੰ ਸਾਧੂ-ਸੰਤਾਂ ਤੇ ਮਹਾਂਪੁਰਸ਼ਾਂ ਦੀ ਸੰਗਤ ਵਿਚ ਰਹੀਂ ਤੇ ਕਦੀ ਵੀ ਇਕੱਲਾ, ਕਿਸੇ ਦੇ ਘਰ ਨਾ ਠਹਿਰੀਂ ਅਤੇ ਨਾ ਹੀ ਇਕੱਲਾ ਕਿਤੇ ਜਾਵੀਂ, ਨਾ ਹੀ ਇਧਰ ਉਧਰ ਭਟਕੀਂ ਕਿਉਂਕਿ ਸਤਪੁਰਸ਼ਾਂ ਦੀ ਸੰਗਤ ਤੋਂ ਦੂਰ ਹੋ ਕੇ ਮਾਇਆ ਪੈਣ ਦਾ ਡਰ ਰਹਿੰਦਾ ਹੈ। ਸਤਿਪੁਰਸ਼ਾਂ ਨੇ ਜਦੋਂ ਵੀ ਗਲ ਕਰਨੀ ਹੈ ਕੇਵਲ ਪ੍ਰਮੇਸ਼ਰ ਦੀ ਗੱਲ ਕਰਨੀ ਹੈ। ਪ੍ਰਭੂ ਪਿਆਰ ਤੇ ਪ੍ਰਭੂ ਭਗਤੀ ਦੀਆਂ ਹੀ ਕਥਾਵਾਂ ਸੁਣਾਉਣੀਆਂ ਹਨ ਜੋ ਤੇਰੇ ਮਨ ਨੂੰ ਹਮੇਸ਼ਾ ਵੱਧ ਤੋਂ ਵੱਧ ਨਾਮ ਜੱਪਣ ਦਾ ਉਤਸ਼ਾਹ ਦੇਣਗੀਆਂ, ਵੈਰ, ਵਿਰੋਧ, ਰਾਗ, ਦ੍ਵੈਸ਼, ਈਰਖਾ, ਬਖੀਲੀ, ਪਰਾਈ ਨਿੰਦਿਆ ਤੇ ਚੁਗਲੀ ਤੋਂ ਬਚਾ ਕੇ ਰਖਣਗੀਆਂ। ਉਹਨਾਂ ਦੀ ਸੰਗਤ ਵਿਚ ਸੱਤ ਮਾਰਗ ਤੇ ਚੱਲਣ ਦਾ, ਭਗਤੀ ਕਰਨ ਦਾ, ਨੇਕੀ, ਦਇਆ ਧਰਮ, ਸਤ, ਸੰਤੋਖ ਆਦਿ ਸ਼ੁਭ ਗੁਣਾਂ ਨੂੰ ਧਾਰਨ ਕਰਨ ਦਾ ਉਪਦੇਸ਼ ਮਿਲਦਾ ਰਹੇਗਾ, ਤੇਰੇ ਲਈ ਇਕ ਕਿਲੇ ਦਾ ਕੰਮ ਦੇਵੇਗਾ। ਇਸ ਕਰਕੇ ਐਸੇ ਉਪਦੇਸ਼ ਸੁਣਨ ਦਾ, ਭਜਨ ਬੰਦਗੀ ਕਰਨ ਦਾ ਤੇ ਸੰਤਾਂ ਦੀ ਸੰਗਤ ਕਰਨ ਦਾ ਸ਼ੌਕ ਵੀ ਬਾਬਾ ਜੀ ਦੇ ਮਨ ਵਿਚ ਸੀ।

ਪੂਰਬਲੇ ਜਨਮਾਂ ਦੀ ਕਮਾਈ ਹੋਣ ਕਰਕੇ ਅਧਿਆਤਮਕ ਸੰਸਕਾਰ ਬਹੁਤ ਪਰਬਲ ਸਨ। ਅਸੂਲਾਂ ਦੀ ਪਰਪੱਕਤਾ ਅਤੇ ਨਿਰਭੈਤਾ ਆਪਦੇ ਹਿਰਦੇ ਵਿਚ ਕੁਟ ਕੁਟ ਕੇ ਭਰੀ ਹੋਈ ਸੀ। ਬਚਪਨ ਵਿਚ ਸੁਣੀਆਂ ਹੋਈਆਂ ਗੁਰ ਮਰਯਾਦਾ ਦੀਆਂ ਸਾਖੀਆਂ ਨੇ ਮਨ ਵਿਚ ਘਰ ਕੀਤਾ ਹੋਇਆ ਸੀ। ਆਪ ਜੀ ਨੇ ਇਹ ਸਾਖੀ ਸੁਣੀ ਹੋਈ ਸੀ ਕਿ ਇਕ ਦਫਾ ਦਾ ਜ਼ਿਕਰ ਹੈ ਕਿ ਗੁਰੂ ਦਸ਼ਮੇਸ਼ ਪਿਤਾ ਜੀ ਨੀਲੇ ਘੋੜੇ ਤੇ ਸਵਾਰ ਹੋ ਕੇ ਸਿੰਘਾਂ ਸਮੇਤ ਕਿਸੇ ਕਾਰਜ ਵਸ ਤੇਜ਼ੀ ਨਾਲ ਘੋੜਿਆਂ ਨੂੰ ਸਰਪਟ ਦੁੜਾਉਂਦੇ ਹੋਏ ਖੇਤਾਂ ਦੇ ਵਿਚੋਂ ਦੀ ਜਾ ਰਹੇ ਸਨ। ਅਚਾਨਕ ਹੀ ਗੁਰੂ ਦਸ਼ਮੇਸ਼ ਪਿਤਾ ਜੀ ਦਾ ਨੀਲਾ ਘੋੜਾ ਰੁਕ ਗਿਆ। ਗੁਰੂ ਮਹਾਰਾਜ ਜੀ ਘੋੜੇ ਨੂੰ ਅੱਗੇ ਤੁਰਨ ਲਈ ਕਹਿ ਰਹੇ ਹਨ ਪਰ ਘੋੜਾ ਪਿਛਲ-ਖੋੜੀ ਪਿਛੇ ਨੂੰ ਜਾ ਰਿਹਾ ਹੈ। ਗੁਰੂ ਮਹਾਰਾਜ ਜੀ ਨੇ ਸਿੰਘਾਂ ਨੂੰ ਇਸ਼ਾਰਾ ਕੀਤਾ, ਕਹਿੰਦੇ ਭਾਈ ਦੇਖੋ ਤਾਂ ਅੱਗੇ ਖੇਤ ਵਿਚ ਕੀ ਹੈ, ਸਾਡਾ ਨੀਲਾ ਅੱਗੇ ਵੱਧਣ ਤੋਂ ਇਨਕਾਰ ਕਰ ਰਿਹਾ ਹੈ। ਸਿੰਘ ਕਹਿਣ ਲੱਗੇ, ਸੱਚੇ ਪਾਤਿਸ਼ਾਹ! ਅਗਲੇ ਖੇਤਾਂ ਵਿਚ ਤਮਾਕੂ ਬੀਜਿਆ ਹੋਇਆ ਹੈ, ਇਸ ਕਰਕੇ ਆਪ ਜੀ ਦਾ ਨੀਲਾ ਘੋੜਾ ਅੱਗੇ ਨਹੀਂ ਵੱਧ ਰਿਹਾ। ਮਹਾਰਾਜ ਜੀ ਨੇ ਨੀਲੇ ਨੂੰ ਥਾਪੜਾ ਦਿਤਾ ਅਤੇ ਦੂਜੇ ਪਾਸੇ ਦੀ ਹੋ ਕੇ ਨਿਕਲ ਗਏ ਜਿਧਰ ਤਮਾਕੂ ਦੇ ਖੇਤ ਨਹੀਂ ਸਨ। ਗੁਰੂ ਮਹਾਰਾਜ ਜੀ ਨੇ ਖਾਲਸੇ ਨੂੰ ਇਸ ਕੁਰਹਿਤ ਤੋਂ ਮਨ੍ਹਾ ਕੀਤਾ ਹੋਇਆ ਹੈ ਜਿਸ ਕਰਕੇ ਉਹਨਾਂ ਦਾ ਕਰਮ ਧਰਮ ਵੀ ਨਾਸ਼ ਨਹੀਂ ਹੋਵੇਗਾ ਅਤੇ ਇਸ ਦੇ ਸੇਵਨ ਤੋਂ ਪੈਦਾ ਹੋਣ ਵਾਲੀਆਂ ਕੈਂਸਰ ਵਰਗੀਆਂ ਜਾਨ ਲੇਵਾ ਬੀਮਾਰੀਆਂ ਤੋਂ ਛੁਟਕਾਰਾ ਰਵੇਗਾ। ਕਲਜੁਗ ਦੇ ਭਿਆਨਕ ਸਮੇਂ ਵਿਚ ਬਹੁਤ ਘੱਟ ਲੋਕ ਇਸ ਤੋਂ ਬਚ ਸਕਣਗੇ। ਇਸ ਦੇ ਸੇਵਨ ਨਾਲ ਕੈਂਸਰ ਵਰਗੀ ਬੀਮਾਰੀ ਦਾ ਬੀਜ ਸੌ ਕੁਲਾਂ ਤੱਕ ਖ਼ੂਨ ਦੇ ਅੰਦਰ ਦਾਖਲ ਹੋ ਜਾਂਦਾ ਹੈ ਅਤੇ ਪੁਸ਼ਤ ਦਰ ਪੁਸ਼ਤ ਇਹ ਬੀਮਾਰੀ ਅੱਗੇ ਤੁਰਦੀ ਰਹਿੰਦੀ ਹੈ। ਯੂਰਪੀਅਨ ਦੇਸ਼ਾਂ ਵਿਚ ਤਾਂ ਇਸ ਦੇ ਸੇਵਨ ਦੀ ਮਨਾਹੀ ਕਰ ਦਿਤੀ ਗਈ ਹੈ। ਪਬਲਿਕ ਥਾਵਾਂ ਤੇ ਸੈਰਗਾਹਾਂ ਵਿਚ, ਬੱਸਾਂ ਵਿਚ, ਟਰੇਨਾਂ ਵਿਚ, ਹਵਾਈ ਜਹਾਜਾਂ ਵਿਚ ਧੂਮਰਪਾਨ ਦੀ ਮਨਾਹੀ ਕਰ ਦਿਤੀ ਗਈ ਹੈ। ਪਰ ਅਫਸੋਸ! ਸਾਡੇ ਦੇਸ਼ ਵਿਚ ਇਸ ਸੰਬੰਧ ਵਿਚ ਹਾਲੇ ਬਹੁਤ ਕੁਝ ਕਰਨਾ ਬਾਕੀ ਹੈ ਕਿਉਂਕਿ ਇਥੇ ਤਾਂ ਬਜ਼ਾਰਾਂ ਵਿਚ ਕੀ, ਬੱਸਾਂ ਵਿਚ, ਗੱਡੀਆਂ ਵਿਚ ਹਰ ਥਾਂ ਖਲੋਣਾ ਤੇ ਸਫਰ ਕਰਨਾ ਵੀ ਬਹੁਤ ਮੁਸ਼ਕਲ ਹੈ ਅਤੇ ਜੋ ਇਸ ਭੈੜੀ ਆਦਤ ਤੋਂ ਦੂਰ ਰਹਿੰਦੇ ਹਨ, ਉਹਨਾਂ ਦਾ ਸਾਹ ਘੁਟਣਾ ਸ਼ੁਰੂ ਹੋ ਜਾਂਦਾ ਪਰ ਕਨੂੰਨ ਦੀ ਢਿਲ ਹੋਣ ਕਰਕੇ ਕਿਸੇ ਨੂੰ ਕੁਝ ਵੀ ਕਹਿਣਾ ਉਸ ਨਾਲ ਲੜਾਈ ਮੁਲ ਲੈਣ ਦੇ ਬਰਾਬਰ ਹੈ। ਸੋ ਕਲਜੁਗ ਦੇ ਮਨੁਖਾਂ ਦਾ ਹਾਲ ਇਹ ਹੋ ਰਿਹਾ ਹੈ। ਦੂਜੇ ਪਾਸੇ ਦਸ਼ਮੇਸ਼ ਪਿਤਾ ਜੀ ਦੇ ਘੋੜੇ ਨੂੰ ਕਿੰਨੀ ਸੋਝੀ ਹੈ, ਹਾਲਾਂ ਇਕ ਬੇਜ਼ੁਬਾਨ ਜਾਨਵਰ ਹੈ, ਉਸ ਨੂੰ ਤਮਾਕੂ ਦੇ ਖੇਤ ਵੱਲ ਨੂੰ ਜਾਣਾ ਵੀ ਪ੍ਰਵਾਨ ਨਹੀਂ, ਕਿਉਂਕਿ ਉਹ ਦੋ ਜਹਾਨ ਦੇ ਵਾਲੀ ਦਾ ਵਾਹਨ ਹੈ, ਉਸ ਨੂੰ ਪਤਾ ਹੈ ਕਿ ਮੇਰੇ ਪਾਤਸ਼ਾਹ ਨੇ ਇਸ ਦੀ ਸਖਤ ਮਨਾਹੀ ਕੀਤੀ ਹੋਈ ਹੈ। ਬਾਬਾ ਜੀ ਦੇ ਮਨ ਤੇ ਵੀ ਇਸ ਘਟਨਾ ਦੀ ਗਹਿਰੀ ਛਾਪ ਸੀ। ਆਪ ਜਦੋਂ ਪਾਇਲ ਦੇ ਸਕੂਲ ਵਿਚ ਪੜ੍ਹਦੇ ਸਨ, ਮਾਸਟਰ ਜੀ ਕਲਾਸ ਵਿਚ ਸਾਧਾਰਨ ਵਿਗਿਆਨ ਪੜ੍ਹਾ ਰਹੇ ਸਨ। ਹਰ ਇਕ ਵਿਦਿਆਰਥੀ ਕਿਤਾਬ ਵਿਚੋਂ ਪਾਠ ਦੀਆਂ ਦੋ ਦੋ ਪੰਗਤੀਆਂ ਪੜ੍ਹ ਕੇ ਕਰਮਵਾਰ ਸੁਣਾਈ ਜਾ ਰਿਹਾ ਸੀ। ਜਦੋਂ ਬਾਬਾ ਜੀ ਦੀ ਵਾਰੀ ਆਈ ਤਾਂ ਇਹ ਪੜ੍ਹਦੇ ਪੜ੍ਹਦੇ ਰੁਕ ਗਏ ਤੇ ਚੁਪ ਕਰ ਗਏ। ਮਾਸਟਰ ਜੀ ਨੇ ਕਿਹਾ ਕਿ ਪੜ੍ਹਦੇ ਕਿਉਂ ਨਹੀਂ, ਅੱਗੇ ਪੜ੍ਹੋ ਪਰ ਇਹ ਫੇਰ ਵੀ ਚੁਪ ਹੀ ਰਹੇ। ਮਾਸਟਰ ਜੀ ਨੂੰ ਇਨ੍ਹਾਂ ਦੀ ਇਸ ਚੁਪ ਤੇ ਗੁਸਾ ਆ ਗਿਆ। ਪਹਿਲੇ ਸਮਿਆਂ ਵਿਚ ਮਾਸਟਰ ਹੱਥ ਵਿਚ ਬੈਂਤ ਜਾਂ ਲੱਕੜ ਦਾ ਡੰਡਾ ਰੱਖਿਆ ਕਰਦੇ ਸਨ ਜਿਸ ਨਾਲ ਵਿਦਿਆਰਥੀ ਡਰ ਨਾਲ ਪੜ੍ਹਾਈ ਵੀ ਕਰਦੇ ਰਹਿੰਦੇ ਸਨ ਅਤੇ ਜੇ ਕੋਈ ਬੱਚਾ ਜਿੱਦ ਕਰੇ ਜਾਂ ਪੜ੍ਹਾਈ ਨਾ ਕਰੇ ਤਾਂ ਡੰਡੇ ਨਾਲ ਮਾਰਦੇ ਵੀ ਸਨ। ਬਾਬਾ ਜੀ ਜਦੋਂ ਅੱਗੇ ਨਾ ਬੋਲੇ ਤਾਂ ਮਾਸਟਰ ਨੂੰ ਗੁਸਾ ਆਇਆ ਉਸ ਨੇ ਇਨ੍ਹਾਂ ਦੇ ਕੋਮਲ ਸਰੀਰ ਤੇ ਕਈ ਡੰਡੇ ਮਾਰੇ ਪਰ ਬਾਬਾ ਜੀ ਨੇ ਚੁਪ ਚਾਪ ਸਹਿ ਲਏ। ਜਦੋਂ ਅਗਲੇ ਬੱਚੇ ਨੇ ਪੜ੍ਹਨਾ ਸ਼ੁਰੂ ਕੀਤਾ ਤਾਂ ਮਾਸਟਰ ਨੇ ਪੁਛਿਆ ਕਿ ਇਹ ਕਿਉਂ ਨਹੀਂ ਸੀ ਅੱਗੇ ਬੋਲਦਾ, ਕੀ ਕਾਰਨ ਸੀ? ਤਾਂ ਨਾਲ ਦੇ ਵਿਦਿਆਰਥੀ ਨੇ ਦੱਸਿਆ ਕਿ ਮਾਸਟਰ ਜੀ ਅੱਗੇ 'ਤਮਾਕੂ' ਅੱਖਰ ਲਿਖਿਆ ਹੋਇਆ ਸੀ, ਇਸ ਕਰਕੇ ਇਹ ਨਹੀਂ ਬੋਲੇ, ਇਸ ਦੇ ਮਾਤਾ ਪਿਤਾ ਸਿੰਘ ਹਨ ਤੇ ਇਹਨਾਂ ਨੇ ਅੰਮ੍ਰਿਤ ਛਕਿਆ ਹੋਇਆ ਹੈ, ਇਸ ਕਰਕੇ 'ਤਮਾਕੂ' ਦਾ ਨਾਮ ਲੈਣ ਤੋਂ ਵੀ ਗੁਰੇਜ਼ ਕਰਦਾ ਹੈ ਕਿਉਂਕਿ ਇਹ ਗੱਲਾਂ ਕਰਿਆ ਕਰਦਾ ਹੈ ਕਿ ਇਸ ਚੀਜ਼ ਦੇ ਪੀਣ ਨਾਲ ਸਰੀਰ ਦੂਸ਼ਤ ਹੋ ਜਾਂਦਾ ਹੈ ਤੇ ਨਾਮ ਲੈਣ ਨਾਲ ਜ਼ੁਬਾਨ ਅਪਵਿੱਤਰ ਹੋ ਜਾਂਦੀ ਹੈ। ਅਸੀਂ ਦਸਮੇਸ਼

ਪਿਤਾ ਦੇ ਸਿੰਘ ਹਾਂ, ਪੰਜ ਪਿਆਰਿਆਂ ਨੇ ਅੰਮ੍ਰਿਤ ਛਕਾਉਣ ਵੇਲੇ ਇਸ ਦੀ ਸਖਤ ਮਨਾਹੀ ਕੀਤੀ ਹੋਈ ਹੈ। ਸ਼ਰਾਬ ਪੀਣ ਵਾਲੇ ਦੀਆਂ ਸੱਤ ਕੁਲਾਂ ਨਸ਼ਟ ਹੋ ਜਾਇਆ ਕਰਦੀਆਂ ਹਨ, ਭੰਗ ਪੀਣ ਵਾਲੇ ਦਾ ਆਪਣਾ ਸਰੀਰ ਨਾਸ਼ ਹੋ ਜਾਇਆ ਕਰਦਾ ਹੈ ਅਤੇ ਤਮਾਕੂ ਪੀਣ ਵਾਲੇ ਦੀਆਂ ਸੌ ਕੁਲਾਂ ਦਾ ਨਾਸ਼ ਹੋ ਜਾਇਆ ਕਰਦਾ ਹੈ। ਐਸਾ ਹੀ ਸਿਆਣਿਆਂ ਦਾ ਮੱਤ ਹੈ -

***ਮਦਰਾ ਦਹਤੀ ਸਪਤ ਕੁਲ ਭਾਂਗ ਦਹੈ ਤਨ ਏਕ॥***
***ਜਗਤ ਜੂਠ ਸ਼ਤ ਕੁਲ ਦਹੈ ਨਿੰਦਾ ਦਹੈ ਅਨੇਕ॥***

ਸਤਿਗੁਰੂ ਜੀ ਨੇ ਵੀ ਇਨ੍ਹਾਂ ਨਸ਼ਿਆਂ ਨੂੰ ਸੇਵਨ ਕਰਨ ਵਾਲਿਆਂ ਦੀ ਹਾਲਤ ਦਾ ਜ਼ਿਕਰ ਕਰਦਿਆਂ ਇਸ ਦੀ ਸਖਤ ਮਨਾਹੀ ਕੀਤੀ ਹੈ। ਨਸ਼ਾ ਇਕ ਐਸੀ ਚੀਜ਼ ਹੈ ਕਿ ਜਿਉਂ ਹੀ ਇਹ ਇਨਸਾਨ ਦੇ ਸਰੀਰ ਵਿਚ ਦਾਖਲ ਹੁੰਦਾ ਹੈ ਤਾਂ ਇਸ ਦੀ ਮੱਤ ਮਾਰੀ ਜਾਂਦੀ ਹੈ। ਇਹ ਆਪਣੀ ਸੋਝੀ ਖੋ ਬੈਠਦਾ ਹੈ ਤੇ ਗਲਤ-ਬੋਲਣਾ ਸ਼ੁਰੂ ਕਰ ਦਿੰਦਾ ਹੈ। ਇਸ ਨੂੰ ਉਸ ਵੇਲੇ ਪਤਾ ਨਹੀਂ ਲਗਦਾ ਕਿ ਕੀ ਬੋਲ ਰਿਹਾ ਹੈ। ਜੋ ਮੂੰਹ ਵਿਚ ਆਉਂਦਾ ਹੈ ਬੋਲੀ ਜਾਂਦਾ ਹੈ, ਬੁਰਾ ਭਲਾ ਬੋਲਦਾ ਹੈ, ਫਿਕਾ ਬੋਲਦਾ ਹੈ, ਅਸੱਭਿਯ ਭਾਸ਼ਾ ਬੋਲਦਾ ਹੈ ਕਿਉਂਕਿ ਉਸ ਵੇਲੇ ਨਸ਼ਾ ਪੀ ਕੇ ਇਹ ਬਉਰਾ ਹੋ ਚੁਕਿਆ ਹੁੰਦਾ ਹੈ; ਜੇ ਇਸ ਨੂੰ ਸਵੇਰ ਵੇਲੇ ਪੁਛੋ ਕਿ ਤੂੰ ਆਹ ਬੋਲਿਆ ਸੀ ਤਾਂ ਕਹੇਗਾ, ਬਿਲਕੁਲ ਗਲਤ ਹੈ, ਮੈਂ ਤਾਂ ਕਿਸੇ ਨੂੰ ਕੁਝ ਕਿਹਾ ਹੀ ਨਹੀਂ ਕਿਉਂਕਿ ਉਸ ਵੇਲੇ ਮੱਤ ਮਾਰੀ ਹੋਈ ਹੁੰਦੀ ਹੈ। ਉਸ ਵੇਲੇ ਇਸ ਨੂੰ ਆਪਣੇ ਪਰਾਏ ਦਾ ਵੀ ਪਤਾ ਨਹੀਂ ਹੁੰਦਾ। ਇਸ ਤਰ੍ਹਾਂ ਦੇ ਕਰਮ ਕਰਕੇ ਇਸ ਨੂੰ ਗੁਰੂ ਦੀ ਮਾਰ ਪੈਂਦੀ ਹੈ। ਗੁਰੂ ਦੀ ਦਰਗਾਹ ਵਿਚੋਂ ਧੱਕਿਆ ਜਾਂਦਾ ਹੈ -

***ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥***
***ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥***
***ਪੰਨਾ - 554***

ਨਸ਼ੇ ਕਰਨ ਵਾਲਿਆਂ ਦੀ ਇਹ ਹਾਲਤ ਹੋਇਆ ਕਰਦੀ ਹੈ। ਇਨ੍ਹਾਂ ਗੱਲਾਂ ਦੀ ਬਾਬਾ ਜੀ ਨੂੰ ਬਚਪਨ ਤੋਂ ਹੀ ਸੋਝੀ ਸੀ।

ਸਕੂਲ ਦੀ ਪੜ੍ਹਾਈ ਕਰਨ ਦੇ ਨਾਲ ਨਾਲ ਆਪ ਘਰੇਲੂ ਕੰਮਾਂ ਵਿਚ ਵੀ ਹੱਥ ਵਟਾਉਂਦੇ ਸੀ। ਅੰਮ੍ਰਿਤ ਵੇਲੇ ਸਾਰੇ ਪਿੰਡ ਵਿਚ ਹਰ ਘਰ ਵਿਚ ਆਸਾ ਜੀ ਦੀ ਵਾਰ ਦਾ ਕੀਰਤਨ ਕਰਨਾ, ਅਖੰਡ ਪਾਠਾਂ ਦੀ ਰੌਲ ਲਾਉਣੀ, ਇਹ ਸਭ ਕੁਝ ਜਾਰੀ ਰਹਿੰਦਾ ਸੀ। ਘਰ ਦਾ ਕੰਮ ਕਰਦੇ ਹੋਏ ਜੇਕਰ ਖੇਤਾਂ ਨੂੰ ਪਾਣੀ ਦਿਤਾ ਜਾ ਰਿਹਾ ਹੈ ਤਾਂ ਖੂਹ ਹਲਟ ਦੁਆਰਾ ਚਲਦਾ ਰਹਿੰਦਾ ਤੇ ਆਪ ਕਿਆਰਿਆਂ ਵਿਚ ਪਾਣੀ ਦੇਣਾ ਜਿਸ ਨੂੰ ਨੱਕੇ ਛੱਡਣਾ ਕਹਿੰਦੇ ਹਨ, ਇਸ ਕੰਮ ਨੂੰ ਲੈ ਕੇ ਖੁਸ਼ ਹੁੰਦੇ। ਆਪ ਦੱਸਿਆ ਕਰਦੇ ਸਨ ਕਿ ਇਸ ਤਰ੍ਹਾਂ ਨਾਲ ਭਜਨ ਕਰਨ ਦਾ ਟਾਈਮ ਮਿਲ ਜਾਂਦਾ ਸੀ। ਕਿਆਰਾ ਭਰਨ ਨੂੰ ਦੇਰ ਲਗਦੀ ਸੀ ਤੇ ਓਨਾ ਚਿਰ ਕਿਆਰੇ ਦੇ ਸਿਰੇ ਤੇ ਜਾ ਕੇ ਬੈਠ ਜਾਂਦੇ ਤੇ ਜਦੋਂ ਪਾਣੀ ਹੇਠਾਂ ਸਰੀਰ ਨੂੰ ਛੂੰਹਦਾ ਤਾਂ ਪਤਾ ਲਗ ਜਾਂਦਾ ਕਿ ਕਿਆਰਾ ਭਰ ਗਿਆ ਹੈ। ਫੇਰ ਅਗਲੇ ਕਿਆਰੇ ਦਾ ਨੱਕਾ ਛੱਡ ਦਿੰਦੇ, ਇਸ ਤਰ੍ਹਾਂ ਨਾਲ ਕੰਮ ਦੇ ਨਾਲ ਨਾਲ ਭਜਨ ਵੀ ਕਰਦੇ ਰਹਿੰਦੇ ਸਨ। ਘਰ ਵਿਚ ਪੱਠਿਆਂ ਆਦਿ ਦਾ ਕੁਤਰਾ ਕਰਨਾ ਹੁੰਦਾ ਤਾਂ ਆਪ ਹੀ ਕਰਦੇ ਹੁੰਦੇ ਸੀ। ਟੋਕੇ ਦੀ ਮਸ਼ੀਨ ਨਾਲ ਖਾਸ ਕਰਕੇ ਜਦੋਂ ਮੱਕੀ ਦੇ ਬੰਦ ਜਾਂ ਕਮਾਦ ਦੇ ——— ਦਾ ਟੋਕਾ ਕਰਨਾ ਹੁੰਦਾ ਹੈ ਤਾਂ ਇਸ ਵਿਚ ਬਹੁਤ ਜ਼ੋਰ ਲਗਦਾ ਹੈ। ਉਨ੍ਹਾਂ ਸਮਿਆਂ ਵਿਚ ਹੁਣ ਵਾਂਗ ਇੰਜਨ ਅਤੇ ਬਿਜਲੀ ਦੀਆਂ ਮੋਟਰਾਂ ਨਹੀਂ ਸਨ ਹੁੰਦੀਆਂ, ਸਾਰਾ ਕੰਮ ਹੱਥੀਂ ਹੀ ਕਰਨਾ ਪੈਂਦਾ ਸੀ। ਆਪ ਜੀ ਨੇ ਟੋਕਾ ਕਰਨਾ ਸ਼ੁਰੂ ਕਰ ਦੇਣਾ ਅਤੇ ਰੁਗ ਲਾਉਣ ਵਾਲੇ ਨੂੰ ਕਹਿ ਦਿਆ ਕਰਦੇ ਸਨ ਕਿ ਜਦੋਂ ਉਂਗਲ ਨਾਲ ਇਸ਼ਾਰਾ ਕਰਾਂ ਤਾਂ ਰੁੱਗ ਲਾਉਣਾ ਸ਼ੁਰੂ ਕਰਨਾ। ਆਪਣੇ ਇਕਾਗਰ ਚਿਤ ਹੋ ਕੇ ਧਿਆਨ ਧਰਨਾ ਤੇ ਆਪ ਵਿਚ energy (ਸ਼ਕਤੀ) ਪਰਵੇਸ਼ ਹੋ ਜਾਂਦੀ ਸੀ ਤੇ ਉਸ ਵੇਲੇ ਆਪਣੇ ਇਸ਼ਾਰਾ ਕਰ ਦੇਣਾ ਤੇ ਘੰਟਿਆਂ ਬੱਧੀ ਟੋਕਾ ਕਰਦੇ ਰਹਿਣਾ। ਆਪ ਦੱਸਿਆ ਕਰਦੇ ਸੀ ਕਿ ਸਾਰੇ ਹੈਰਾਨ ਹੁੰਦੇ ਸਨ ਕਿ ਇਸਨੂੰ ਥਕੇਵਾਂ ਨਹੀਂ ਹੁੰਦਾ ਤੇ ਨਾ ਹੀ ਦਮ ਚੜ੍ਹਦਾ ਹੈ। ਇਸ ਤਰ੍ਹਾਂ ਨਾਲ ਜਦੋਂ ਵੀ ਮਸ਼ੀਨ ਤੇ ਜ਼ਿਆਦਾ ਪੱਠਿਆਂ ਆਦਿ ਦਾ ਕੁਤਰਾ ਕਰਨਾ ਹੁੰਦਾ ਸੀ ਤਾਂ ਆਪ ਨੂੰ ਹੀ ਲੱਭ ਕੇ ਇਸ ਕੰਮ ਤੇ ਲਾਇਆ ਜਾਂਦਾ ਸੀ। ਆਪ ਨੇ ਕੋਈ ਵੀ ਘਰ ਦਾ ਕੰਮ ਕਰਨਾ ਹੋਵੇ ਤਾਂ ਆਪ ਦੀ ਪਹਿਲ ਇਹੋ ਹੁੰਦੀ ਸੀ ਕਿ ਮੈਂ ਕੰਮ ਕਰਦਿਆਂ ਹੋਇਆਂ ਵੀ ਆਪਣਾ ਮਨ ਪ੍ਰਭੂ ਦੇ ਸਿਮਰਨ ਵਿਚ ਲਾ ਕੇ ਰੱਖਣਾ ਹੈ। ਇਸੇ ਤਰ੍ਹਾਂ ਜੇ ਖੂਹ ਚਲ ਰਿਹਾ ਹੈ ਤਾਂ ਅਗਰ ਆਪ ਦੀ ਡਿਊਟੀ ਬਲਦ ਹੱਕਣ ਦੀ ਹੈ ਤਾਂ ਆਪ ਹੱਥ ਵਿਚ ਆਰ ਵਾਲੀ ਸੋਟੀ ਜਾਂ ਬੈਂਤ ਵਾਲੀ ਸੋਟੀ ਨਹੀਂ ਸਨ ਰੱਖਦੇ ਬਲਕਿ ਸਣ ਆਦਿ ਦਾ ਕੱਚਾ ਕਾਨਾ ਜਿਹਾ ਰੱਖਦੇ ਤੇ ਉਸ ਨੂੰ ਬਲਦਾਂ ਦੇ ਮਾਰਦੇ ਨਹੀਂ ਸਨ ਸਗੋਂ ਡਰਾਉਣ ਵਾਸਤੇ ਹੀ ਉਪਰ ਨੂੰ ਚੁਕਿਆ ਕਰਦੇ ਸਨ। ਬਲਦਾਂ ਦੇ ਮਗਰ ਮਗਰ ਗੁਰਬਾਨੀ ਦੇ ਸ਼ਬਦਾਂ ਦਾ ਉਚਾਰਣ ਉਚੀ ਸੁਰ ਵਿਚ ਕਰਦੇ ਰਹਿੰਦੇ ਸਨ। ਕਈ ਦਫਾ ਅਗਰ ਖੂਹ ਉਤੇ ਬੋਤਾ ਜੋੜਿਆ ਹੋਇਐ ਤਾਂ ਆਪ ਨਿਸ਼ਚਿੰਤ ਹੋ ਕੇ ਲਾਗੇ ਬੇਰੀਆਂ ਦੇ ਝੁੰਡ ਵਿਚ ਅੱਖਾਂ ਮੀਚ ਕੇ ਸਮਾਧੀ ਸਥਿਤ ਹੋ ਜਾਇਆ ਕਰਦੇ ਸਨ ਕਿਉਂਕਿ ਬੋਤਾ ਘੁੰਗਰੂਆਂ ਦੀ ਆਵਾਜ਼ ਸੁਣ ਕੇ ਆਪਣੇ ਆਪ ਹੀ ਤੁਰਦਾ ਰਹਿੰਦਾ ਹੈ ਤੇ ਇਸ ਤਰ੍ਹਾਂ ਨਾਲ ਹਲਟ ਦੁਆਰਾ ਟਿੰਡਾਂ ਨਾਲ ਪਾਣੀ ਆਪਣੇ ਆਪ ਖੂਹ ਵਿਚੋਂ ਨਿਕਲਦਾ ਰਹਿੰਦਾ ਹੈ ਤੇ ਖੇਤਾਂ ਵਿਚ ਭਰਦਾ ਰਹਿੰਦਾ ਹੈ। ਪਿੰਡ ਦੇ ਲੋਕਾਂ ਤੇ ਘਰ ਵਾਲਿਆਂ ਨੇ ਆਪ ਨੂੰ ਕਈ ਵੇਰਾਂ ਸਾਵਧਾਨ ਕੀਤਾ ਸੀ ਕਿ ਇਥੇ ਨਾ ਬੈਠਿਆ ਕਰੋ। ਇਹਨਾਂ ਬੇਰੀਆਂ ਵਿਚ ਬਹੁਤ ਭਾਰਾ ਸੱਪ ਰਹਿੰਦਾ ਹੈ ਪਰ ਆਪ ਨੇ ਕਦੀ ਵੀ ਇਸ ਦੀ ਪਰਵਾਹ ਨਹੀਂ ਸੀ ਕੀਤੀ ਤੇ ਨਾ ਹੀ ਕਦੇ ਡਰੇ ਸਨ। ਇਸੇ ਤਰ੍ਹਾਂ ਜਦੋਂ ਆਪ ਧਲੇਤੇ ਭੈਣ ਜਸਵੰਤ ਕੌਰ ਜੀ ਪਾਸ ਗਏ ਹੋਏ ਸਨ ਆਪ ਉਥੇ ਵੀ ਇਕ ਬਹੁਤ ਵੱਡੇ ਦਰਖਤ ਤੇ ਹੇਠਾਂ ਜਾ ਕੇ ਬੈਠ ਜਾਂਦੇ। ਪਿੰਡਾਂ ਦੇ ਲੋਕਾਂ ਨੇ ਦੱਸਿਆ ਕਿ ਇਥੇ ਸੱਪ ਰਹਿੰਦਾ ਹੈ ਪਰ ਆਪ ਨੇ ਕਦੀ ਵੀ ਇਸ ਗੱਲ ਨੂੰ ਗੌਲਿਆ ਨਹੀਂ। ਆਪ ਦਾ ਹਿਰਦਾ ਬਚਪਨ ਤੋਂ ਹੀ ਨਿਰਭੈਅ ਸੀ ਅਤੇ ਆਪ ਨੂੰ ਭਲੀ ਭਾਂਤ ਪਤਾ ਸੀ ਕਿ ਵਾਹਿਗੁਰੂ ਦਾ ਭਜਨ ਕਰਨ ਨਾਲ ਕੋਈ ਚੀਜ਼

ਨੇੜੇ ਨਹੀਂ ਫਟਕਦੀ ਕਿਉਂਕਿ ਵਾਹਿਗੁਰੂ ਆਪ ਰਾਖਾ ਹੋ ਜਾਂਦਾ ਹੈ। ਆਪ ਨੂੰ ਇਸ ਗੱਲ ਦਾ ਗਿਆਨ ਸੀ ਕਿ ਨਿਰਭਉ ਦਾ ਭਜਨ ਕਰਨ ਨਾਲ ਸਾਰੇ ਭੈਅ ਦੂਰ ਹੋ ਜਾਂਦੇ ਹਨ।

***ਨਿਰਭਉ ਜਪੈ ਸਗਲ ਭਉ ਮਿਟੈ॥***
***ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ॥ ਪੰਨਾ - 293***

ਆਪ ਨੂੰ ਬਚਪਨ ਤੋਂ ਹੀ ਕੀਰਤਨ ਸੁਣਨ ਅਤੇ ਕੀਰਤਨ ਕਰਨ ਦਾ ਸ਼ੌਕ ਸੀ। ਛੋਟੇ ਹੁੰਦੇ ਜਦੋਂ ਚਾਰ-ਪੰਜ ਸਾਲ ਦੇ ਸਨ, ਉਦੋਂ ਵੀ ਵੱਡੇ ਭੈਣ ਜਸਵੰਤ ਕੌਰ ਜੀ ਨੂੰ ਕਿਹਾ ਕਰਦੇ ਸੀ, "ਬੀਬੀ! ਆਪਾਂ ਦੋਵੇਂ ਜਣੇ ਕੀਰਤਨ ਕਰਿਆ ਕਰਾਂਗੇ।" ਆਪ ਰੋਜ਼ ਸਕੂਲ ਵੀ ਪੜ੍ਹਨ ਜਾਂਦੇ ਅਤੇ ਨਾਲ ਨਾਲ ਕੀਰਤਨ ਦਾ ਪਰਵਾਹ ਵੀ ਜਾਰੀ ਕਰ ਦਿਤਾ। ਹਰਮੋਨੀਅਮ ਲੈ ਲਿਆ, ਢੋਲਕੀ ਤੇ ਛੈਣੇ ਵਾਲੇ ਸਾਥੀ ਵੀ ਤਿਆਰ ਕਰ ਲਏ। ਇਸ ਤਰ੍ਹਾਂ ਨਾਲ ਦੋਵੇਂ ਭੈਣ ਭਰਾ ਨੇ ਸਾਥੀਆਂ ਨਾਲ ਮਿਲ ਕੇ ਆਸਾ ਜੀ ਦੀ ਵਾਰ ਦਾ ਕੀਰਤਨ ਕਰਨਾ ਸ਼ੁਰੂ ਕਰ ਦਿਤਾ। ਗੁਰਮੁਖ ਪਰਵਾਰ ਹੋਣ ਕਰਕੇ ਆਪ ਦੇ ਘਰ ਵਿਚ ਸਾਰੇ ਹੀ ਅੰਮ੍ਰਿਤ ਵੇਲੇ ਜਾਗ ਪਿਆ ਕਰਦੇ ਸਨ। ਬਾਬਾ ਜੀ ਨੇ ਗਲੀਆਂ ਵਿਚ ਉਚੀ ਉਚੀ ਬਾਣੀ ਗਾਉਂਦੇ ਹੋਏ ਤੁਰੀ ਜਾਣਾ, ਜਿਸ ਨਾਲ ਆਂਢ-ਗਵਾਂਢ ਸਾਰੇ ਜਾਗ ਪੈਂਦੇ ਅਤੇ ਆਪੋ ਆਪਣੇ ਕੰਮਾਂ ਕਾਰਾਂ ਵਿਚ ਲੱਗ ਜਾਂਦੇ ਸਨ। ਇਕ ਤਰ੍ਹਾਂ ਨਾਲ ਆਪ ਦਾ ਇਸ ਤਰ੍ਹਾਂ ਬਾਣੀ ਪੜ੍ਹਦੇ ਹੋਏ ਗਾਉਂਦੇ ਜਾਣਾ ਪਿੰਡ ਵਾਲਿਆਂ ਲਈ ਅਲਾਰਮ ਦਾ ਕੰਮ ਕਰਦਾ ਸੀ ਜਿਸ ਨਾਲ ਸਾਰੇ ਜਾਗ ਪਿਆ ਕਰਦੇ ਸਨ। ਇਹ ਗੱਲ ਦਾਸ ਨੂੰ ਪਿੰਡ ਦੇ ਪੁਰਾਣੇ ਬਜੁਰਗਾਂ ਨੇ ਦੱਸੀ ਸੀ। ਸਾਰੇ ਬਜੁਰਗ ਤੇ ਨੌਜਵਾਨ ਖੂਹ ਉਤੇ ਇਸ਼ਨਾਨ ਕਰਿਆ ਕਰਦੇ ਸੀ। ਨੌਜਵਾਨਾਂ ਨੇ ਹਲਟੀ ਗੇੜ ਗੇੜ ਕੇ ਪਾਣੀ ਕੱਢੀ ਜਾਣਾ ਤੇ ਬਜੁਰਗਾਂ ਨੇ ਇਸ਼ਨਾਨ ਕਰਨਾ, ਇਹ ਆਮ ਰਿਵਾਜ਼ ਸੀ। ਇਸ਼ਨਾਨ ਕਰਕੇ ਸਾਰੇ ਆਪੋ ਆਪਣੇ ਥਾਵਾਂ ਤੇ ਇਕਾਂਤ ਵਿਚ ਬੈਠ ਜਾਂਦੇ ਤੇ ਪ੍ਰਭੂ ਦਾ ਸਿਮਰਨ ਕਰਿਆ ਕਰਦੇ ਸੀ। ਬਾਬਾ ਜੀ ਵੀ ਬਾਹਰੋਂ ਖੂਹ ਤੇ ਇਸ਼ਨਾਨ ਆਦਿ ਕਰਕੇ ਆ ਜਾਂਦੇ ਤੇ ਕੀਰਤਨ ਸ਼ੁਰੂ ਕਰ ਦਿੰਦੇ ਸਨ। ਜੋਟੀਆਂ ਦਾ ਕੀਰਤਨ ਹੁੰਦਾ ਸੀ, ਸਾਰੇ ਬਜੁਰਗ ਮਾਈ ਭਾਈ ਤੇ ਸਾਥੀ ਗੱਜ-ਵੱਜ ਕੇ ਸ਼ਬਦ ਵਿਚ ਬੋਲਿਆ ਕਰਦੇ ਹਨ ਤੇ ਸਾਰਾ ਵਾਤਾਵਰਣ ਸ਼ਾਂਤ ਹੋਣ ਕਰਕੇ ਸ਼ਬਦ ਗੂੰਜ ਉਠਦਾ ਸੀ। ਬਹੁਤ ਹੀ ਰਸ ਬੱਝਦਾ ਸੀ ਤੇ ਸਾਰੇ ਮਗਨ ਹੋ ਜਾਇਆ ਕਰਦੇ ਸਨ। ਬਾਬਾ ਜੀ ਨੇ ਸਾਰਾ ਪ੍ਰਬੰਧ ਕਰਕੇ ਘਰੋ ਘਰੀ ਕੀਰਤਨ ਦਾ ਪ੍ਰੋਗਰਾਮ ਜਾਰੀ ਰੱਖਿਆ ਕਰਦੇ ਸਨ। ਇਸ ਤਰ੍ਹਾਂ ਵਾਰੀ ਸਿਰ ਕਰਦੇ ਕਰਦੇ ਪਿੰਡ ਦੇ ਰਾਮਗੜ੍ਹੀਆ ਪਰਵਾਰ ਦੀ ਵਾਰੀ ਵੀ ਆ ਗਈ। ਇਹ ਸਾਰਾ ਪਰਵਾਰ ਵਿਸ਼ਕਰਮਾ ਉਪਾਸ਼ਕ ਸੀ ਅਤੇ ਇਨ੍ਹਾਂ ਨੂੰ ਸਿਖੀ ਰਹੁ ਰੀਤ ਬਾਰੇ ਕੁਝ ਪਤਾ ਨਹੀਂ ਸੀ, ਨਾ ਹੀ ਇਹ ਪਰਵਾਰ ਗੁਰਦੁਆਰਾ ਸਾਹਿਬ ਜਾਂਦਾ ਸੀ, ਕੇਵਲ ਵਿਸ਼ਵਕਰਮਾ ਜੀ ਦੇ ਮੰਦਰ ਵਿਚ ਹੀ ਜਾਇਆ ਕਰਦੇ ਸਨ। ਬਾਬਾ ਜੀ ਨੇ ਇਸ ਪਰਵਾਰ ਨੂੰ ਇਹਨਾਂ ਦੇ ਘਰ ਕੀਰਤਨ ਕਰਨ ਲਈ ਕਿਹਾ ਤਾਂ ਇਹਨਾਂ ਨੇ ਖੁਸ਼ੀ ਮਹਿਸੂਸ ਕੀਤੀ ਤੇ ਕਿਹਾ ਕਿ ਸਾਡੇ ਧੰਨਭਾਗ ਹਨ, 'ਜੀ ਆਇਆਂ ਨੂੰ' ਕਿਹਾ, ਧੰਨ ਗੁਰੂ ਨਾਨਕ ਦੇ ਪਿਆਰੇ ਸਾਡੇ ਘਰ ਕੀਰਤਨ ਕਰਨਗੇ। ਬਾਬਾ ਜੀ ਨੇ ਜਦੋਂ ਪਹਿਲੀ ਵਾਰ ਇਸ ਪਰਵਾਰ ਦੇ ਗ੍ਰਿਹਿ ਵਿਖੇ ਕੀਰਤਨ ਕੀਤਾ ਤਾਂ ਇਹ ਸਾਰਾ ਪਰਵਾਰ ਬਹੁਤ ਪ੍ਰਭਾਵਿਤ ਹੋਇਆ ਅਤੇ ਮੰਗ ਕੀਤੀ ਕਿ ਸਾਡੇ ਘਰ ਹੋਰ ਕੁਝ ਦਿਨਾਂ ਲਈ ਕੀਰਤਨ ਕਰੋ। ਇਨ੍ਹਾਂ ਦੇ ਘਰ ਵਿਚ ਕਈ ਦਿਨ ਲਗਾਤਾਰ ਕੀਰਤਨ ਹੁੰਦਾ ਰਿਹਾ। ਕੀਰਤਨ ਦੇ ਨਾਲ ਨਾਲ ਬਾਬਾ ਜੀ ਗੁਰੂ ਸਾਹਿਬਾਨ ਦਾ ਇਤਿਹਾਸ ਵੀ ਛੋਟੀਆਂ ਛੋਟੀਆਂ ਸਾਖੀਆਂ ਰਾਹੀਂ ਸੁਣਾਇਆ ਕਰਦੇ ਸਨ। ਇਸ ਕਿਸ਼ੋਰ ਅਵਸਥਾ ਵਿਚ ਪ੍ਰਭੂ ਭਗਤੀ, ਗੁਰੂ ਦੀ ਸੇਵਾ, ਗੁਰੂ ਦਾ ਹੁਕਮ ਕਮਾਉਣ ਅਤੇ ਨਾਮ ਸਿਮਰਨ ਦ੍ਰਿੜ੍ਹ ਕਰਵਾਉਣ ਦੇ ਐਸੇ ਐਸੇ ਬਚਨ ਸੁਣਾਉਂਦੇ ਸਨ ਕਿ ਸੁਣਨ ਵਾਲੇ ਦੰਗ ਰਹਿ ਜਾਂਦੇ ਸਨ ਕਿ ਇਨ੍ਹਾਂ ਨੂੰ ਇਸ ਉਮਰ ਵਿਚ ਕਿਤਨਾ ਗਿਆਨ ਹੈ ਅਤੇ ਐਨਾ ਇਤਿਹਾਸ ਕਿਵੇਂ ਯਾਦ ਕੀਤਾ ਹੋਵੇਗਾ।

ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਸਾਹਿਬ ਅਤੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਸਾਕੇ ਸੁਣਾ ਕੇ ਐਸਾ ਵੈਰਾਗ ਪੈਦਾ ਕਰ ਦਿਆ ਕਰਦੇ ਸਨ ਕਿ ਆਪਦੇ ਨੈਣਾਂ ਵਿਚ ਛਮ ਛਮ ਹੰਝੂ ਵਗਿਆ ਕਰਦੇ ਅਤੇ ਸੁਣਨ ਵਾਲਿਆਂ ਦੇ ਨੇਤਰ ਵੀ ਤਰ ਹੋ ਜਾਇਆ ਕਰਦੇ ਸਨ। ਸੁਣਨ ਵਾਲਿਆਂ ਦਾ ਮਨ ਵੈਰਾਗਮਈ ਹੋ ਕੇ ਗੁਰੂ ਪਿਆਰ ਵਿਚ ਭਿਜ ਜਾਇਆ ਕਰਦਾ ਸੀ। ਦਸ਼ਮੇਸ਼ ਪਿਤਾ ਜੀ ਦੀ ਲਾਸਾਨੀ ਕੁਰਬਾਨੀ ਅਤੇ ਪੰਥ ਖਾਲਸੇ ਨੂੰ ਪਰਗਟ ਕਰਨ ਵਾਲੀ ਗਾਥਾ ਨੂੰ ਇਸ ਕਦਰ ਬਿਆਨ ਕਰਦੇ ਸਨ ਕਿ ਸੁਣਨ ਵਾਲਿਆਂ ਦੇ ਰੌਂਗਟੇ ਖੜ੍ਹੇ ਹੋ ਜਾਂਦੇ ਸਨ। ਸਭ ਦੇ ਅੰਦਰ ਗੁਰੂ ਧਾਰਨ ਕਰਨ ਦਾ ਜਜ਼ਬਾ ਪੈਦਾ ਕਰ ਦਿਆ ਕਰਦੇ ਸਨ। ਬਾਬਾ ਜੀ ਨੂੰ ਇਸ ਗੱਲ ਦੀ ਪੂਰੀ ਸੋਝੀ ਸੀ ਕਿ ਦਰਗਾਹ ਵਿਚ ਕੇਵਲ ਗੁਰੂ ਵਾਲੇ ਨੂੰ ਥਾਂ ਮਿਲਦਾ ਹੈ ਅਤੇ ਨਿਗੁਰੇ ਪੁਰਸ਼ ਨੂੰ ਥਾਂ ਨਹੀਂ ਮਿਲਦੀ, ਇਸੇ ਕਰਕੇ ਆਪ ਨੇ ਪੰਜ ਸਾਲ ਦੀ ਉਮਰ ਵਿਚ ਹੀ ਅੰਮ੍ਰਿਤ ਛੱਕ ਲਿਆ ਸੀ। ਨਿਗੁਰੇ ਪੁਰਸ਼ ਦਾ ਜੀਵਨ ਕਾਵਾਂ, ਕੁਤਿਆਂ, ਸੂਰਾਂ, ਗਧਿਆਂ ਅਤੇ ਸੱਪਾਂ ਦੀ ਨਿਆਈਂ ਹੁੰਦਾ ਹੈ। ਜਿਸ ਮਨੁਖ ਨੇ ਮਨੁਖਾ ਜਨਮ ਧਾਰ ਕੇ ਗੁਰੂ ਨਹੀਂ ਧਾਰਨ ਕੀਤਾ ਉਸ ਦਾ ਜੀਵਨ ਤਾਂ ਇਹਨਾਂ ਧ੍ਰਿਗਦ ਜੂਨਾਂ ਦੇ ਸਮਾਨ ਹੁੰਦਾ ਹੈ। ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

***ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥***
***ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥***
***ਪੰਨਾ - 1357***

ਜਿਸ ਤਰ੍ਹਾਂ ਘੜੇ ਤੋਂ ਬਿਨਾਂ ਜਲ ਨੂੰ ਰੱਖਿਆ ਨਹੀਂ ਜਾ ਸਕਦਾ ਅਤੇ ਜਦ ਤਕ ਘੜੇ ਵਿਚ ਜਲ ਨਾ ਹੋਵੇ ਤਾਂ ਉਸ ਨੂੰ ਕੁੰਭ ਨਹੀਂ ਕਿਹਾ ਜਾ ਸਕਦਾ ਇਸੇ ਤਰ੍ਹਾਂ ਜੋ ਮਨ ਹੈ ਇਹ ਵੀ ਗਿਆਨ ਤੋਂ ਬਿਨਾਂ ਇਕ ਥਾਂ ਤੇ ਟਿਕ ਨਹੀਂ ਸਕਦਾ ਅਤੇ ਗਿਆਨ ਕੇਵਲ ਗੁਰੂ ਦੇ ਸਕਦਾ ਹੈ।

***ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨਾ ਹੋਇ॥***
***ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ॥***
***ਪੰਨਾ - 469***

***ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ॥***
***ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ॥ ਪੰਨਾ - 59***

ਪੁਰਾਤਨ ਕਥਾ ਹੈ ਜੋ ਬਾਬਾ ਜੀ ਸੁਣਾਇਆ ਕਰਦੇ ਸਨ ਕਿ ਨਾਰਦ ਮੁਨ ਜੀ ਦੇਵਤਿਆਂ ਦੀ ਸਭਾ ਵਿਚ ਜਾਇਆ ਕਰਦੇ ਸਨ ਤਾਂ ਇਕ ਦਿਨ ਦੀ ਗੱਲ ਹੈ ਕਿ ਇਹ ਸਤਸੰਗ ਸ਼ੁਰੂ ਹੋਣ ਤੋਂ ਕੁਝ ਦੇਰ ਪਹਿਲਾਂ ਉਸ ਥਾਂ ਤੇ ਪਹੁੰਚ ਗਏ। ਕੀ ਦੇਖਦੇ ਹਨ ਕਿ ਕੁਝ ਮਜ਼ਦੂਰ ਲੋਕ ਉਥੇ ਥਾਂ ਪੁਟ ਰਹੇ ਹਨ ਤੇ ਇਕ ਟੋਆ ਬਣਾ ਦਿਤਾ ਅਤੇ ਉਸ ਤੋਂ ਬਾਅਦ ਦੂਸਰੀ ਥਾਂ ਤੋਂ ਮਿਟੀ ਲਿਆ ਕੇ ਇਸ ਨੂੰ ਪੂਰਨਾ ਸ਼ੁਰੂ ਕਰ ਦਿਤਾ। ਨਾਰਦ ਜੀ ਦੇ ਪੁਛਣ ਤੇ ਉਨ੍ਹਾਂ ਨੇ ਦੱਸਿਆ ਕਿ ਸਾਨੂੰ ਹੁਕਮ ਹੈ, ਅਸੀਂ ਹਰ ਰੋਜ਼ ਇਸੇ ਤਰ੍ਹਾਂ ਕਰਦੇ ਹਾਂ ਜਿਸ ਦਿਨ ਦਾ ਸਤਸੰਗ ਸ਼ੁਰੂ ਹੋਇਆ ਹੈ। ਨਾਰਦ ਜੀ ਨੇ ਪੁਛਿਆ ਇਸ ਦਾ ਕੀ ਕਾਰਨ ਹੈ ਕਿ ਤੁਹਾਨੂੰ ਹਰ ਰੋਜ਼ ਮਿੱਟੀ ਪੁਟ ਕੇ ਭਰਨੀ ਪੈਂਦੀ ਹੈ। ਉਨ੍ਹਾਂ ਨੇ ਦੱਸਿਆ ਕਿ ਇਥੇ ਨਾਰਦ ਨਾਮ ਦਾ ਇਕ ਰਿਸ਼ੀ ਸਭਾ ਵਿਚ ਆਉਂਦਾ ਹੈ ਅਤੇ ਜਿਸ ਥਾਂ ਤੇ ਉਹ ਬੈਠਦਾ ਹੈ ਸਾਨੂੰ ਸਵਾ ਗਜ਼ ਡੂੰਘੀ ਤੇ ਸਵਾ ਗਜ਼ ਲੰਬੀ ਚੌੜੀ ਧਰਤੀ ਪੁਟਣੀ ਪੈਂਦੀ ਹੈ ਕਿਉਂਕਿ ਉਹ ਨਿਗੁਰਾ ਹੈ। ਨਿਗੁਰਾ ਪੁਰਸ਼ ਜਿਸ ਥਾਂ ਤੇ ਬੈਠਦਾ ਹੈ ਉਥੇ ਸਵਾ ਗਜ਼ ਧਰਤੀ ਭਰਿਸ਼ਟ ਕਰ ਦਿੰਦਾ ਹੈ। ਨਾਰਦ ਜੀ ਹੈਰਾਨ ਹੋ ਗਏ ਤੇ ਇਹ ਸਾਰੀ ਵਾਰਤਾ ਆਪਣੇ ਪਿਤਾ ਬ੍ਰਹਮਾ ਜੀ ਨੂੰ ਦੱਸੀ ਕਿ ਮੈਂ ਤਾਂ ਬਹੁਤ ਤਪ ਕੀਤਾ ਹੈ ਤੇ ਮੈਨੂੰ ਇੰਨੀ ਸ਼ਕਤੀ ਪ੍ਰਾਪਤ ਹੈ ਕਿ ਮੈਂ ਬ੍ਰਹਿਮੰਡ ਦੇ ਕਿਸੇ ਲੋਕ ਵਿਚ ਬਿਨਾਂ ਕਿਸੇ ਰੋਕ ਟੋਕ ਤੋਂ ਜਾ ਸਕਦਾ ਹਾਂ, ਫੇਰ ਵੀ ਮੇਰੇ ਬੈਠਣ ਵਾਲੀ ਥਾਂ ਭਰਿਸ਼ਟ ਕਿਉਂ ਮੰਨੀ ਜਾਂਦੀ ਹੈ। ਬ੍ਰਹਮਾ ਜੀ ਨੇ ਦੱਸਿਆ ਕਿ ਪੁੱਤਰ ਠੀਕ ਹੈ ਤੂੰ ਤਪ ਸਾਧੇ ਹਨ, ਸ਼ਕਤੀਆਂ ਦਾ ਮਾਲਕ ਹੈਂ, ਪਰ ਤੂੰ ਹਾਲੇ ਗੁਰੂ ਨਹੀਂ ਧਾਰਨ ਕੀਤਾ, ਇਸ ਕਰਕੇ ਤੂੰ ਦਰਗਾਹ ਵਿਚ ਬੈਠਨ ਦੇ ਕਾਬਿਲ ਨਹੀਂ ਕਿਉਂਕਿ ਤੂੰ ਨਿਗੁਰਾ ਹੈਂ।

............. ***ਨਿਗੁਰੇ ਕਾ ਹੈ ਨਾਉ ਬੁਰਾ॥***

***ਪੰਨਾ - 435***

***ਜਿਉ ਨਿਗੁਰਾ ਬਹੁ ਬਾਤਾ ਜਾਣੈ***
***ਓਹੁ ਹਰਿ ਦਰਗਹ ਹੈ ਭ੍ਰਸਟੀ॥*** ***ਪੰਨਾ - 528***

ਨਿਗੁਰਾ ਪੁਰਸ਼ ਗੱਲਾਂ ਬਹੁਤ ਕਰਿਆ ਕਰਦਾ ਹੈ, ਗੱਲਾਂ ਵਿਚ ਕਿਸੇ ਨੂੰ ਬਾਰੇ ਨਹੀਂ ਆਉਣ ਦਿਆ ਕਰਦਾ। ਕਹੇਗਾ ਕਿ ਗੁਰੂ ਧਾਰਨ ਕਰਨ ਦੀ ਕੀ ਲੋੜ ਹੈ ਜਦੋਂ ਮਨ ਸਾਫ ਹੈ, ਸ਼ੁਭ ਕਰਮ ਕਰਦੇ ਹਾਂ ਤੇ ਕਿਸੇ ਦਾ ਬੁਰਾ ਨਹੀਂ ਚਿਤਵਦੇ, ਧਰਮ ਦੀ ਕਿਰਤ ਕਰਦੇ ਹਾਂ। ਪਰ ਇਸ ਨਾਲ ਨਹੀਂ ਕੰਮ ਚਲਦਾ, ਨਿਗੁਰੇ ਬੰਦਿਆਂ ਨੂੰ ਧਰਮਰਾਜ ਦੀ ਕਚਿਹਰੀ ਵਿਚ ਜਾ ਕੇ ਆਪਣੇ ਚੰਗੇ ਮਾੜੇ ਕਰਮਾਂ ਦਾ ਹਿਸਾਬ ਦੇਣਾ ਪੈਂਦਾ ਹੈ ਕਿਉਂਕਿ ਉਸ ਕੋਲ ਉਹ ਹੀ ਜਾਇਆ ਕਰਦੇ ਹਨ ਜਿਨ੍ਹਾਂ ਨੇ ਸੰਸਾਰ ਵਿਚ ਮਨ ਮਰਜ਼ੀ ਨਾਲ ਆਪਣਾ ਜੀਵਨ ਬਿਤਾਇਆ ਹੁੰਦਾ ਹੈ। ਇਨ੍ਹਾਂ ਨੂੰ 'ਦੂਜੇ ਭਾਇ' ਵਾਲੇ ਆਖਿਆ ਹੈ ਜੋ ਪ੍ਰਭੂ ਤੋਂ ਆਕੀ ਹੋਇਆ ਕਰਦੇ ਹਨ।

***ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ॥***
***ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ॥***

***ਪੰਨਾ - 38***

ਅਸਲੀ ਜੀਵਨ ਉਹ ਹੁੰਦਾ ਹੈ ਜੋ ਕਿਸੇ ਬੰਦਸ਼ ਵਿਚ ਹੋਵੇ, ਆਪ ਹੁਦਰਾ ਨਾ ਹੋਵੇ ਸਗੋਂ ਗੁਰੂ ਦੇ ਹੁਕਮ ਅਨੁਸਾਰ ਬਿਤਾਇਆ ਜਾਵੇ।

***ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ॥***

***ਪੰਨਾ - 465***

ਵਾਹਿਗੁਰੂ ਦੇ ਦੀਦਾਰ ਕਰਨ ਲਈ, ਵਾਹਿਗੁਰੂ ਵਿਚ ਅਭੇਦ ਹੋਣ ਲਈ, ਗੁਰੂ ਦੇ ਹੁਕਮ ਅਨੁਸਾਰ discipline (ਅਨੁਸਾਸ਼ਨ) ਵਿਚ ਜੀਵਨ ਬਤੀਤ ਕਰਨਾ ਜ਼ਰੂਰੀ ਹੁੰਦਾ ਹੈ। ਬਾਬਾ ਜੀ ਤੋਂ ਐਸੇ ਬਚਨ ਸੁਣ ਕੇ ਇਸ ਪਰਵਾਰ ਦਾ ਮਨ ਮੰਨ ਗਿਆ ਕਿ ਸਚਮੁਚ ਇਹ ਮਨੁਖਾ ਜੀਵਨ ਬੜਾ ਕੀਮਤੀ ਹੈ ਤੇ ਇਸ ਨੂੰ ਕਿਸੇ ਬੰਦਸ਼ ਵਿਚ ਚਲਾਉਣਾ ਬਹੁਤ ਜ਼ਰੂਰੀ ਹੈ। ਬੇਲਗਾਮਾਂ ਜੀਵਨ ਪਸ਼ੂਆਂ ਵਰਗਾ ਹੋਇਆ ਕਰਦਾ ਹੈ। ਜਿਵੇਂ ਹਾਥੀ ਦਾ ਜੀਵਨ ਆਪ ਮੁਹਾਰਾ ਹੁੰਦਾ ਹੈ ਪਰ ਜਦੋਂ ਮਹਾਵਤ ਦਾ ਅੰਕੁਸ਼ ਉਸ ਦੇ ਸਿਰ ਤੇ ਪੈਂਦਾ ਹੈ ਤਾਂ ਉਹ ਸਿਧਾ ਹੋ ਕੇ ਤੁਰਨ ਲਗ ਪੈਂਦਾ ਹੈ ਜਿਸ ਦਿਸ਼ਾ ਵਿਚ ਮਹਾਵਤ ਦੀ ਇੱਛਾ ਹੋਵੇ। ਇਸੇ ਤਰ੍ਹਾਂ ਸਿਖ ਦਾ ਜੀਵਨ ਜਦੋਂ ਪੰਜ ਪਿਆਰਿਆਂ ਤੋਂ ਅੰਮ੍ਰਿਤ ਛੱਕ ਕੇ ਨਿਯਮਬੱਧ ਹੋ ਜਾਂਦਾ ਹੈ ਤਾਂ ਇਸ ਦੇ ਸਿਰ ਤੇ ਹਮੇਸ਼ਾ ਸਤਿਗੁਰੂ ਜੀ ਦਾ ਅੰਕਸ਼ ਹੁੰਦਾ ਹੈ ਜੋ ਕਿ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਦਾ ਹੁਕਮ ਹੈ। ਗੁਰਬਾਣੀ ਨਾਮ ਜੱਪਣ ਵੱਲ ਪ੍ਰੇਰਦੀ ਹੈ ਤੇ ਨਾਮ ਜਪਣ ਵਾਲੇ ਸਤਪੁਰਸ਼ਾਂ ਦੀ ਸੰਗਤ ਕਰਨ ਤੇ ਜ਼ੋਰ ਦਿੰਦੀ ਹੈ ਕਿਉਂਕਿ ਸਤਸੰਗਤ ਵਿਚ ਕੇਵਲ ਨਾਮ ਦੀ ਵਿਆਖਿਆ ਹੁੰਦੀ ਹੈ, ਨਾਮ ਜੱਪਣ ਵਾਲਿਆਂ ਦੀ ਮਹਿਮਾ ਹੁੰਦੀ ਹੈ।

***ਸਤਸੰਗਤਿ ਕੈਸੀ ਜਾਣੀਐ॥***
***ਜਿਥੈ ਏਕੋ ਨਾਮੁ ਵਖਾਣੀਐ॥*** ***ਪੰਨਾ - 72***

ਇਹ ਸਾਰਾ ਪਰਵਾਰ ਬਾਬਾ ਜੀ ਦੀ ਪ੍ਰੇਰਨਾ ਅਨੁਸਾਰ ਅੰਮ੍ਰਿਤ ਛਕ ਕੇ ਸਦਾ ਵਾਸਤੇ ਗੁਰੂ ਗਰੰਥ ਸਾਹਿਬ ਜੀ ਦੇ ਲੜ ਲੱਗ ਗਿਆ ਜੋ ਕਿ ਅੱਜ ਤਕ ਉਨ੍ਹਾਂ ਦੀ ਔਲਾਦ, ਸਾਰੇ ਗੁਰਸਿਖ ਹਨ ਅਤੇ ਧਮੋਟ ਤੋਂ ਇਸ ਪਰਿਵਾਰ ਦੀ ਮਾਤਾ ਹਰਬੰਸ ਕੌਰ ਜੋ ਬਾਬਾ ਜੀ ਨੂੰ ਵੀਰ ਜੀ ਕਹਿ ਕੇ ਸਤਿਕਾਰਿਆ ਕਰਦੀ ਹੈ, ਇਥੇ ਬਾਬਾ ਜੀ ਦੇ ਹੁਕਮ ਅਨੁਸਾਰ ਰਤਵਾੜਾ ਸਾਹਿਬ ਮਾਈਵਾੜੇ ਵਿਚ ਸੇਵਾ ਕਰਦੀ ਹੈ।

ਸੋ ਅੰਮ੍ਰਿਤ ਛਕਾਉਣ ਦੀ ਸ਼ੁਰੂਆਤ ਬਾਬਾ ਜੀ ਨੇ ਆਪਣੇ ਪਿੰਡ ਧਮੋਟ ਤੋਂ ਇਸ ਪਰਵਾਰ ਨੂੰ ਅੰਮ੍ਰਿਤ ਛਕਾ ਕੇ ਕੀਤੀ। ਉਸ ਤੋਂ ਬਾਅਦ ਗੁਰੂ ਨਾਨਕ ਦਾ ਝੰਡਾ ਲੈ ਕੇ ਅਗਾਂਹ ਅਗਾਂਹ ਹੀ ਵੱਧਦੇ ਰਹੇ, ਕਦੇ ਪਿਛੇ ਨੂੰ ਕਦਮ ਨਹੀਂ ਰੱਖਿਆ।

# ਜੇਲ੍ਹ ਚਿੱਠੀਆਂ

***ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ***

*(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ-64)*

## ਗੁਰਮਤਿ ਨਾਮ ਦਾ ਪ੍ਰਕਾਸ਼

ਪਰ ਮਲਕ ਮਲਕ ਪੈਰ ਧਰਾਂ। ਜਦੋਂ ਮੈਂ ਅਤਿ ਨੇੜੇ ਢੁੱਕਾ ਤਾਂ ਮਧੁਰ ਮਧੁਰ ਪਾਠ ਦੀ ਰਸੀਲੀ, ਅਤਿ ਮਨਮੋਹਣੀ ਦਿਲ ਖਿੱਚਵੀਂ ਧੁਨੀ ਸੁਣੀ, ਜੋ ਮੈਨੂੰ ਮਸਤ ਕਰਦੀ ਜਾਵੇ ਪਰ ਬਾਣੀ ਸਪਸ਼ਟ ਤੌਰ ਤੇ ਸੁਣੀ ਤੇ ਸਮਝੀ ਨਾ ਜਾਵੇ। ਬੜਾ ਹੈਰਾਨ ਕਿ ਅੱਜ ਸੁਵਖਤੇ ਹੀ ਕਿਸ ਨੇ ਮਹਾਰਾਜ ਦਾ ਪ੍ਰਕਾਸ਼ ਕੀਤਾ ਹੈ ਤੇ ਕੌਣ ਐਸੀ ਚਿੱਤ ਚੀਰਵੀਂ ਪ੍ਰੇਮ ਲਟਕ ਵਿਚ ਅਟਕ ਅਟਕ ਕੇ ਤੇ ਲਮਕ ਲਮਕ ਕੇ ਪਾਠ ਕਰ ਰਿਹਾ ਹੈ। ਜਦ ਮੈਂ ਐਨ ਦਰਵਾਜ਼ੇ ਦੀ ਦੇਹੁਲੀ ਪਾਸ ਪੁੱਜਾ ਅਤੇ ਅੰਦਰ ਵਾਰ ਵੜਨ ਲੱਗਾ ਤਾਂ ਮੇਰਾ ਸੀਸ ਇਕ ਦਮ ਝੁਕ ਗਿਆ ਅਤੇ ਫੜੱਕ ਮੇਰੇ ਸਰਵਣ ਸਰੋਤ ਦੇ ਦਰਵਾਜ਼ੇ ਅੰਦਰ ਏਹੁ ਦੋ ਤੁਕਾਂ ਸਪਸ਼ਟ ਆ ਪਈਆਂ। ਯਥਾ ਦੁਤੁਕੀ -

***ਵੇਮੁਹਤਾਜਾ ਵੇਪਰਵਾਹੁ॥***
***ਨਾਨਕ ਦਾਸ ਕਹਹੁ ਗੁਰ ਵਾਹੁ॥***

'ਕਹਹੁ ਗੁਰ ਵਾਹਾ' ਦੀ ਐਸੀ ਜ਼ਬਰਦਸਤ ਚੁੰਭਕ ਕਲਾ ਵਾਲੀ ਸੱਟ ਪਈ ਕਿ ਤੁਰੰਤ 'ਵਾਹਿਗੁਰੂ' 'ਵਾਹਿਗੁਰੂ' ਦੀ ਝਰਨਾਟ ਦਾ ਰਾਗ ਮੇਰੇ ਰਗ ਰੇਸ਼ੇ ਤੇ ਲੂੰ ਲੂੰ ਅੰਦਰ ਛਿੜ ਗਿਆ। ਮਾਨੋ ਕੋਈ ਅਗੰਮ ਦੀ ਅਨਾਹਦ ਚਾਬੀ ਮੇਰੇ ਘਟ ਰੂਪੀ ਘੜੀ ਨੂੰ ਲਗ ਗਈ। ਮੇਰੇ ਰੋਮ ਰੋਮ ਨੂੰ ਜੀਭਾਂ ਲੱਗ ਗਈਆਂ, ਜਿਨ੍ਹਾਂ ਵਿਚੋਂ ਉਹ ਚੁਅਖਰਾ ਜਾਪ (ਵਿਰਦ) ਛਿੜ ਪਿਆ। ਸੱਟ ਪੈਂਦੇ ਸਾਰ ਹੀ ਮੈਂ ਉਭੜਕੇ ਮਹਾਰਾਜ ਦੀ ਚਰਨ ਸਰਨ ਡੰਡਉਤ ਵਿਚ ਜਾ ਪਿਆ। ਪਰ ਮੈਨੂੰ ਇਹ ਪਤਾ ਨਹੀਂ ਕਿ ਕਿਹੜੀ ਤਾਕਤ, ਕਿਹੜਾ ਅਮਰ ਕਲਾ ਨੇ ਮੈਨੂੰ ਗੁਰਦੁਆਰੇ ਦੀ ਦੇਹੁਲੀ ਵਿਚੋਂ ਉਭੜਾ ਕੇ ਤੇ ਉਛਾਲਾ ਦੇ ਕੇ ਇਕ ਛਿਨ ਮਾਤਰ ਅੱਖ ਦੇ ਫੋਰ ਵਿਚ ਗੁਰੂ ਸਾਹਿਬ ਦੇ ਨਿਕਟ ਸਨਮੁਖੀ ਹਜ਼ੂਰੀ ਸਰਣਾਗਤ ਵਿਚ ਧੜੰਮ ਜਾ ਸਿਟਿਆ। ਪਾਠ ਹੋਣਾ ਉਦੋਂ ਬੰਦ ਹੋ ਚੁੱਕਾ ਸੀ। ਮੈਂ ਡੰਡਉਤ ਵਿਚੋਂ ਉਠ ਕੇ ਗੁਰੂ ਸਾਹਿਬ ਜੀ ਦੇ ਦਰਸ਼ਨ ਕੀਤੇ ਤੇ ਫਤਹਿ ਬੁਲਾਈ ਤਾਂ ਕੀ ਦੇਖਾਂ, ਮਹਾਰਾਜ ਜੀ ਉਤੇ ਚੰਵਰ ਹੋ ਰਿਹਾ ਹੈ ਪਰ ਤਾਬੇ ਕੋਈ ਨਹੀਂ, ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਰ ਵਾਰ ਚੰਦੋਆ ਸਾਹਿਬ ਤੇ ਸ੍ਰੀ ਗੁਰੂ ਸਾਹਿਬ ਦੇ ਵਿਚਕਾਰ ਅਦੁੱਤੀ ਚਮਤਕਾਰਕ ਅਤੇ ਝਿਲਮਿਲਕਾਰ ਛਬੰਨੀ ਚੱਕ੍ਰਤ ਚਿਤਰਕਾਰੀ ਵਿਚ 'ਵਾਹਿਗੁਰੂ' ਸ਼ਬਦ ਚਿਤਰਿਆ ਝਿਲਮਿਲ ਝਿਲਮਿਲ ਕਰੇ, ਜੋ ਆਸਰੇ ਬਿਹੂਣ ਹਵਾ ਵਿਚ ਮੁਅਲਕ ਟਿਕਿਆ ਲਹਿਰੇ ਮਾਰੇ। ਗੁਰਦੁਆਰੇ ਦੇ ਹਵਾਈ ਪੁਲਾੜ ਵਿਚ ਚਾਰ ਚੁਫੇਰੇ ਇਹ ਹੀ ਕਉਤਕ ਵਰਤ ਰਿਹਾ ਸਾਂਗੋ ਪਾਂਗ ਦਿਸੇ।

ਮੈਂ ਸਿਦਕ ਵਿਚ ਪੰਘਰ ਕੇ ਸਿਦਕ ਦਾ ਰੂਪ ਹੋ ਗਿਆ। ਗੁਰੂ ਸਾਹਿਬ ਤੇ ਮੇਰੇ ਬਿਨਾਂ ਗੁਰਦੁਆਰੇ ਵਿਚ ਕੋਈ ਨਾਸ ਪਰ ਚੌਰ ਹੋਈ ਜਾਵੇ। ਨਾ ਚੌਰ ਕਰਨ ਵਾਲਾ ਹੱਥ ਦਿਸੇ ਤੇ ਨਾ ਕੋਈ ਚੌਰ ਕਰਨ ਵਾਲਾ ਨਜ਼ਰ ਆਵੇ। ਮੈਂ ਬਿਸਮਾਦ ਪਰ ਸਿਦਕ ਵਿਚ ਬਿਸਮਾਦ ਹੋ ਗਿਆ ਅਤੇ ਧੰਨ ਗੁਰੂ ਦੀ ਸੰਕੇਤਕ ਮਹਿਮਾ ਵਾਲੇ 'ਵਾਹਿਗੁਰੂ' ਨਾਮ ਦੀ ਝੁਨਕਾਰ ਹੋਰ ਭੀ ਬਿਸਮ ਰੰਗਾਂ ਵਿਚ ਅਰੂੜ ਹੋ ਤੁਰੀ। ਧੌਣ ਨੀਵੀਂ ਸੁੱਟ ਲਈ ਤੇ ਮੇਰੇ ਹੱਥ ਜੁੜ ਗਏ, ਗਲ ਵਿਚ ਪੱਲੂ ਪਿਆ ਹੋਇਆ ਸੀ। ਮੈਂ ਬੜੇ ਅਦਬ ਭੈ ਭਾਵਨੀ ਨਾਲ ਮਹਾਰਾਜ ਦੀ ਦੀ ਪ੍ਰਕਰਮਾ ਕਰਨ ਲਗ ਗਿਆ। ਮੈਂ ਪ੍ਰਕਰਮਾ ਕਰ ਹੀ ਰਿਹਾ ਸੀ ਕਿ ਇਤਨੇ ਨੂੰ ਗ੍ਰੰਥੀ ਸਿੰਘ ਅੰਦਰ ਵਾਰ ਤੇ ਪਰਲੇ ਪਾਸਿਓਂ ਨਿਕਲ ਆਇਆ। ਉਸ ਨੂੰ ਦੇਖ ਮੈਂ ਠਠੰਬਰ ਕੇ ਭੂਰੇ ਦੀ ਬੁੱਕਲ ਮਾਰ ਮਹਾਰਾਜ ਦੇ ਸਨਮੁਖ ਹੋ ਕੇ ਬੈਠ ਗਿਆ। ਗ੍ਰੰਥੀ ਭਾਈ ਨੇ ਆਉਂਦੇ ਹੀ ਪੁਛਿਆ ਕਿ ਪ੍ਰਕਾਸ਼ ਕਿਸ ਨੇ ਕੀਤਾ ਹੈ? ਕੀ ਤੁਸੀਂ ਕੀਤਾ ਹੈ? ਮੈਂ ਉਪਰ ਨੂੰ ਸਿਰ ਚੁੱਕ ਕੇ ਉਸ ਵਲ ਦੇਖਿਆ, ਪਰ ਮੈਥੋਂ ਉਤਰ ਕੁਝ ਨਾ ਦਿਤਾ ਗਿਆ। ਪਰ ਹੁਣ ਮਹਾਰਾਜ ਜੀ ਉਤੇ ਚੌਰ ਹੁੰਦਾ ਨਾ ਦਿਸੇ ਅਤੇ ਉਹ ਅਲੌਕਿਕ ਗੁਰਮੰਤਰ ਚਿਤ੍ਰਕਾਰੀ ਭੀ ਗੁੰਮ। ਇਤਨੇ ਨੂੰ ਗ੍ਰੰਥੀ ਸਿੰਘ ਦਾ ਛੋਟਾ ਭਾਈ ਭਾਈ ਭੀ ਆ ਗਿਆ ਜੋ ਬਹੁਤ ਗੁਰਮੁਖ ਸੀ। ਉਸ ਨੂੰ ਭੀ ਗ੍ਰੰਥੀ ਨੇ ਓਹੋ ਪੁੱਛ ਗਿੱਛ ਕੀਤੀ। ਪਰ ਉਸ ਨੇ ਵੀ ਕੰਨਾਂ ਤੇ ਹੱਥ ਰੱਖਿਆ। ਉਹ ਫੇਰ ਚੁੱਪ ਹੋ ਗਏ। ਮੈਨੂੰ ਪਤਾ ਨਹੀਂ ਕਿ ਉਨ੍ਹਾਂ ਕੀ ਸਮਝਿਆ ਵਿਚਾਰਿਆ ਤੇ ਕਿਵੇਂ ਖਿਆਲ ਕੀਤਾ ਹੋਊ।

ਫੇਰ ਗ੍ਰੰਥੀ ਜਦੋਂ ਤਾਬੇ ਬੈਠ ਕੇ ਆਵਾਜ਼ਾ ਲੈਣ ਨੂੰ ਰੁਮਾਲ ਚੁੱਕਣ ਲੱਗਾ ਜੋ ਗੁਰੂ ਸਾਹਿਬ ਉਪਰ ਦਿਤਾ ਹੋਇਆ ਸੀ, ਤਾਂ ਮੈਂ ਛੜੱਪ ਦੇ ਕੇ ਤਾਬੇ ਵਲ ਨੂੰ ਆ ਖੜ੍ਹਾ ਹੋਇਆ। ਉਧਰ ਗ੍ਰੰਥੀ ਨੇ ਆਵਾਜ਼ਾ ਅਰੰਭ ਦਿਤਾ। ਆਵਾਜ਼ੇ ਦਾ ਜੋ ਵਾਕ ਸੀ, ਉਹ ਦਰਸ਼ਨ ਕਰਨ ਤੋਂ ਇੰਨ ਬਿੰਨ ਉਹੀ ਨਿਕਲਿਆ, ਜੋ ਮੈਂ ਸੁਣਿਆ ਸੀ ਜਾਂ ਮੇਰਾ ਸੁਣਿਆ ਪੇਖਿਆ ਇਕ ਹੋ ਗਿਆ ਤਾਂ ਮੈਂ ਹੋਰ ਭੀ ਹੱਕਾ ਬੱਕਾ ਰਹਿ ਗਿਆ। ਮੈਂ ਮੂਧੇ ਮੂੰਹ ਮਹਾਰਾਜ ਜੀ ਦੇ ਅਗਰ ਭਾਗ ਜਾ ਪਿਆ। ਗ੍ਰੰਥੀ ਤਾਂ ਵਾਕ ਲੈ ਕੇ ਬਾਹਰ ਚਲਿਆ ਗਿਆ, ਉਸ ਦਾ ਪ੍ਰੇਮੀ ਭਾਈ ਬੜੇ ਪਿਆਰ ਸਤਿਕਾਰ ਨਾਲ ਸਹਿਮ ਕੇ ਮੇਰੇ ਕੋਲ ਆ ਬੈਠਾ ਤੇ ਮੈਨੂੰ ਆਖਣ ਲੱਗਾ ਇਉਂ ਕਿਉਂ ਪਏ ਹੋ? ਮੈਂ ਆਖਿਆ, ਜੀ! ਅਰਦਾਸ ਸੋਧ ਕੇ ਚੁੱਭਾ ਮਾਰ ਕੇ ਮੇਰੀ ਨਮਿਤ ਵਾਕ ਲੈ ਦਿਓ। ਉਸ ਕਿਹਾ ਅਰਦਾਸਾ ਮੈਂ ਕਰ ਦਿੰਦਾ ਹਾਂ, ਵਾਕ ਤੁਸੀਂ ਲਵੋ। ਮੈਂ ਆਖਿਆ, ਚੁੱਭਾ ਭੀ ਤੁਸੀਂ ਹੀ ਮਾਰ ਦਿਉ, ਮੈਂ ਖੜ੍ਹਾ ਖੜੋਤਾ ਵਾਕ ਲੈ ਲਵਾਂਗਾ। ਮੈਂ ਤਾਬੇ ਨਹੀਂ ਬੈਠਣਾ, ਤੁਸੀਂ ਬੈਠੇ ਰਹੋ। ਉਸ ਪ੍ਰੇਮੀ ਨੇ ਮੰਨਣ ਵਿਚ ਹੁੱਤ ਨਹੀਂ ਕੀਤੀ। ਬੜੇ ਪ੍ਰੇਮ ਨਾਲ ਅਰਦਾਸਾ ਸੋਧਿਆ, ਬੜੀ ਸਿਦਕ ਭਾਵਨੀ ਨਾਲ ਅੰਤਰ ਧਿਆਨ ਹੋ ਕੇ ਚੁੱਭਾ ਮਾਰਿਆ। ਜਾ ਮੈਂ ਵਾਕ ਲਿਆ ਤਾਂ ਐਨ ਪ੍ਰਥਮ ਪੰਨੇ ਦੀ ਪਹਿਲੀ ਸਤਰ ਦਾ ਅਰੰਭ ਇਹ ਸੀ, ਜਿਸ ਤੇ ਦ੍ਰਿਸ਼ਟੀ ਚੁੰਭਕ ਫੁਰਤੀ ਨਾਲ ਜਾ ਟਿਕੀ -

***ਵਾਹੁ ਵਾਹੁ ਕਰਤੀ ਰਸਨਾ ਸਬਦਿ ਸੁਹਾਈ॥***
***ਪੂਰੈ ਸਬਦਿ ਪ੍ਰਭੁ ਮਿਲਿਆ ਆਈ॥***
***ਵਡਭਾਗੀਆ ਵਾਹੁ ਵਾਹੁ ਮੁਹਹੁ ਕਢਾਈ॥***
***ਵਾਹੁ ਵਾਹੁ ਕਰਹਿ ਸੇਈ ਜਨ ਸੋਹਣੇ***
***ਤਿਨ ਕਉ ਪਰਜਾ ਪੂਜਣ ਆਈ॥***
***ਵਾਹੁ ਵਾਹੁ ਕਰਮਿ ਪਰਾਪਤਿ ਹੋਵੈ***
***ਨਾਨਕ ਦਰਿ ਸਚੈ ਸੋਭਾ ਪਾਈ॥***

ਪੜ੍ਹਨ ਸਾਰ ਹੀ ਮੇਰੀ ਰਸਨਾ ਤੇ ਮੋਹਰ ਲੱਗ ਗਈ। ਪੂਰੇ ਸ਼ਬਦ ਦੀ ਤੇ ਇਸ ਪੂਰੇ ਸ਼ਬਦ ਕਰਕੇ 'ਪ੍ਰਭੁ ਮਿਲਿਆ ਆਈ' ਦੀ ਸਫਲ ਬਿਵਸਥਾ ਸ਼ੀਘਰ ਹੀ ਵਾਪਰ ਜਾਣ ਦਾ ਰਾਈ ਸੰਸਾ ਸੰਦੇਹ ਨਾ ਰਿਹਾ ਅਤੇ ਇਸ ਗੱਲ ਦੀ ਦ੍ਰਿੜ੍ਹਤਾ ਮੇਰੇ ਰੋਮ ਰੋਮ ਅੰਦਰ ਅੰਕ੍ਰਿਤ ਹੋ ਗਈ ਕਿ ਸੱਚਮੁੱਚ ਸਤਿਗੁਰੂ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਗੁਰਮੰਤਰ ਰੂਪੀ ਸੱਚੇ ਰਤਨ ਹਰਿ ਨੂੰ ਕੱਢ ਕੇ ਤਲੀ ਪਰ ਰੱਖ ਦਿਤਾ ਹੈ – 'ਰਤਨੁ ਜਵੇਹਰੁ ਲਾਲੁ ਹਰਿ ਨਾਮਾ ਗੁਰਿ ਕਾਢਿ ਤਲੀ ਦਿਖਲਾਇਆ॥'

ਧਾਈ ਕਰਕੇ ਇਸ ਥੋਂ ਪ੍ਰਥਣ ਸਲੋਕ ਪਤ੍ਰਾ ਪਰਤ ਕੇ ਪੜ੍ਹਿਆ ਤਾਂ ਹੋਰ ਪਤਾ ਲੱਗਾ ਕਿ 'ਵਾਹੁ ਵਾਹੁ ਆਪਿ ਅਖਾਇੰਦਾ' ਹੈ ਅਤੇ ਅਖਾਇੰਦਾ 'ਗੁਰ ਸਬਦੀ' ਹੈ। ਨਾਲੇ ਇਹ ਪਤਾ ਲੱਗਾ ਕਿ 'ਵਾਹੁ ਵਾਹੁ ਸਿਫਤਿ ਸਲਾਹ' ਹੈ। ਜੋ ਜਪੁਜੀ ਸਾਹਿਬ ਦੇ ਪਾਠ ਵਿਚ ਪੜ੍ਹਦੇ ਹੁੰਦੇ ਸੀ 'ਸਾਲਾਹੀ ਸਾਲਾਹ' ਉਹ ਇਹੋ ਸਿਫਤ ਸਾਲਾਹ ਹੈ ਤੇ ਨਾਲ ਇਸ ਸਲੋਕ ਵਿਚੋਂ ਇਹ ਪਤਾ ਲੱਗਾ ਕਿ 'ਵਾਹੁ' ਇਸ ਪੂਰੇ ਸਬਦਿ ਰੂਪੀ ਨਾਮ (ਗੁਰਮੰਤਰ ਵਾਹਿਗੁਰੂ) ਦੇ ਜਾਪ ਮਈ ਸਿਫਤ ਸਲਾਹਿ ਕਰਦੇ ਹੋਇਆਂ ਹੀ 'ਸਚਿ ਮਿਲਾਵਾ' ਹੁੰਦਾ ਹੈ ਅਤੇ 'ਪ੍ਰਭੁ ਪਾਇਆ' ਜਾਂਦਾ ਹੈ। ਮੈਨੂੰ ਇਸ ਵਾਰੀ ਪਉੜੀ ਦੇ ਭੋਗ ਪਾਉਣ ਸਾਰ ਹੀ ਅੰਤਰਗਤੀ ਇਹ ਪ੍ਰੇਰਨਾ ਹੋਈ ਕਿ ਅਗਾੜੀ ਦੀਆਂ ਪਉੜੀਆਂ ਭੀ ਸਲੋਕਾਂ ਸਹਿਤ ਪੜ੍ਹਾਂ। ਪ੍ਰੇਰਨਾ ਹੁੰਦੇ ਸਾਰ ਮੈਂ ਅਗਲਾ ਸਲੋਕ ਪੜ੍ਹਨ ਲੱਗ ਪਿਆ ਤਾਂ ਮੈਨੂੰ ਨਾਮ ਦੀ (ਸਿਫਤਿ ਸਲਾਹ) ਮਹਿਮਾ ਹੋਰ ਤੋਂ ਹੋਰ ਵਧੀਕ ਪ੍ਰਗਟੀਂਦੀ ਜਾਇ। ਐਥੋਂ ਤਾਈਂ ਕਿ 'ਸਦਾ ਅਨੰਦੁ ਹੋਵਣ' 'ਹਰਿ ਸਿਉਂ ਲਿਵ ਲਾਉਣ' ਤੇ 'ਸਤਿ ਰਜ਼ਾ ਵਿਚ ਸਮਾਉਣ' ਦਾ ਏਹੀ ਕੇਵਲ ਏਹੀ ਵਸੀਲਾ ਹੈ। ਅਗਲੇਰੇ ਸਲੋਕ ਤੋਂ ਸਪਸ਼ਟ ਹੋਇਆ ਕਿ 'ਵਾਹੁ ਵਾਹੁ' ਪੂਰਾ ਸ਼ਬਦ ਅਰਥਾਤ (ਸਿਫਤਿ ਸਲਾਹਿ) ਰੂਪੀ ਬਾਣੀ ਸੱਚ (ਅਸਲ ਸੱਚ) ਹੈ ਜੋ ਕੇਵਲ 'ਗੁਰਮੁਖਿ ਲਧੀ ਭਾਲਿ'। ਫੇਰ ਇਹ ਕਿ ਇਸ ਸਿਫਤ ਸਲਾਹ ਨੂੰ 'ਸਬਦੇ' (ਬੈਖਰੀ ਬਾਣੀ ਦਵਾਰਾ) ਭੀ ਉਚਰੇ। ਹਿਰਦੈ ਨਾਲਿ (ਪਰਾ ਪਸੰਤੀ ਮਧਰਾ ਬਿਵਸਥਾ ਵਿਚ ਭੀ) ਅਰਾਧਨ ਕਰੈ। ਤੇ 'ਰਿਦੈ ਸਮਾਲਿ' (ਨਾਭੀ ਵਿਚ ਉਤਾਰ ਕੇ) ਭੀ ਰੱਖੇ, ਹਰ ਤਰ੍ਹਾਂ ਬੇੜਾ ਪਾਰ ਹੈ। ਫਿਰ ਇਸ ਤੋਂ ਅਗਲੇਰੀ ਸੋਲ੍ਹਵੀਂ ਪਉੜੀ ਦੇ ਪ੍ਰਥਮ ਸਲੋਕ ਵਿਚ 'ਵਾਹਿਗੁਰੂ' ਨਾਮ ਦੀ ਮਹੱਤਤਾ ਅਤੇ ਸਰੂਪ ਵਰਨਣ ਕਰਕੇ 'ਵਾਹਿਗੁਰੂ' ਨਾਮ ਦੀ ਸਿਫਤ ਸਲਾਹਿ ਪੱਕੀ ਕਰਕੇ ਦ੍ਰਿੜ੍ਹਾ ਦਿਤੀ। ਤੇ 'ਨਾਨਕ ਵਾਹੁ ਵਾਹੁ ਇਕੋ ਕਰਿ ਸਾਲਾਹੀਐ ਜਿ ਸਤਿਗੁਰ ਦੀਆ ਦਿਖਾਇ' ਦਾ ਠੱਪਾ ਲਾ ਦਿਤਾ ਕਿ ਕੇਵਲ ਇਸੇ ਏਕੇ ਨਾਮ ਤੇ ਕਾਇਮ ਦਾਇਮ ਰਹਿਣਾ ਹੈ, ਜੋ ਹੁਣ ਹੀ ਸਤਿਗੁਰੂ ਸਾਹਿਬ ਜੀ ਨੇ ਬੁਝਾਇ ਦੀਆ ਹੈ। ਦੂਜੇ ਸਲੋਕ ਵਿਚ ਇਸ ਗੁਰਮਤਿ ਨਾਮ ਜਪਣ ਹਾਰਿਆਂ ਦਾ ਪਰਤਾਪ ਵਰਨਣ ਕੀਤਾ ਹੈ। ਇਥੋਂ ਤਾਈਂ ਕਿ 'ਨਾਨਕ ਵਾਹੁ ਵਾਹੁ ਕਰਹਿ ਸੇ ਜਨ ਨਿਰਮਲੇ ਤ੍ਰਿਭਵਣ ਸੋਝੀ ਪਾਇ' ਵਾਲੀ ਉਚ ਪਰਤਾਪੀ ਬਿਵਸਥਾ ਪ੍ਰਾਪਤ ਹੋ ਜਾਂਦੀ ਹੈ। ਇਸ ਤੋਂ ਅਗਾਂਹ ਦੀ ਪਉੜੀ ਦਾ ਜੋ ਸਲੋਕ ਪੜ੍ਹਿਾ ਤਾਂ ਇਸ ਗੱਲ ਦਾ ਨਿਤਾਰਾ ਹੋਇਆ ਕਿ ਇਸ ਨਾਮ ਨੂੰ ਕੇਵਲ ਉਹੀ ਵਡਭਾਗੇ ਜਨ ਸਦਾ ਲਈ ਜਪਦੇ ਰਹਿੰਦੇ ਹਨ 'ਜਿਨ ਕਉ ਆਪੇ ਦੇਇ ਬੁਝਾਇ' 'ਨਾਨਕ ਗੁਰਮੁਖਿ ਜਾਣੀਐ ਜਾ ਕਉ ਆਪਿ ਕਰੇ ਪਰਗਾਸੁ।' ਅਤੇ ਨਾਮ ਜਪਣ ਨਾਲ ਹੀ ਮਨ ਦੀ ਹਉਮੈ ਮਲ ਦੂਰ ਹੁੰਦੀ ਹੈ। ਗੱਲ ਕੀ ਨਾਮ ਦੀ ਪਾਰਸ ਕਲਾ ਨਾਮਜਪਣ ਹਾਰਿਆਂ ਦੀ ਸੋਭਾ, ਸੁੰਦਰਤਾ, ਨਾਮ ਦੀ ਸਰਬ ਫਲ ਪਰਦਾਇਕ ਸਮਰੱਥਾ, ਨਾਮ ਜਪਣਹਾਰਿਆਂ ਦੀ ਸੰਗਤ ਤੇ ਮਿਲਾਪ ਦੀ ਖਿਨ ਖਿਨ ਲੋੜ, ਹਿਰਦੇ ਕਰਕੇ ਤੇ ਮੁਖ ਕਰਕੇ ਭੀ ਨਾਮ ਨੂੰ ਸ੍ਵਾਸ ਸ੍ਵਾਸ ਜਪਦੇ ਰਹਿਣ ਦੀ ਤੱਦੀ ਤਾਕੀਦ ਅਤੇ ਨਾਮ ਅਰਾਧਨ ਕਰਨਹਾਰਿਆਂ ਵਿਟਹੁੰ ਤਨ, ਮਨ, ਨਛਾਵਰ ਕਰਨ ਦੀ ਅਕਾਂਖਿਆ, ਆਗਯਾ ਏਹ ਸਭ ਪਰਮਾਰਥੀ ਅਰਥ ਇਸ ਸਲੋਕ ਦੇ ਭਾਵ ਵਿਚ ਸੰਚਤ ਹੋਏ ਦੇਖੇ। ਸਤਾਰ੍ਹਵੀਂ ਪਉੜੀ ਦੇ ਦੂਜੇ ਸਲੋਕ ਵਿਚ ਨਾਮ ਦੀ ਅਭੇਦਤਾ, ਨਾਮ ਦੀ ਅੰਮ੍ਰਿਤ ਕਲਾ, ਨਾਮ ਦੇ ਸੇਵਨਹਾਰਿਆਂ ਨੂੰ ਨਾਮ ਰੂਪੀ ਫਲ ਦੀ ਪ੍ਰਾਪਤੀ, ਨਾਮ ਅਭਿਆਸ ਦਵਾਰਾ ਨਾਮੀ ਦੀ ਸਰਬ ਵਿਆਪਕਤਾ ਦੀ ਲੱਖਤਾ (realisation) ਵਾਹੁ, ਵਾਹਿਗੁਰੂ ਨਿਤ ਕਰਨਹਾਰੇ ਗੁਰਸਿੱਖਾਂ ਦਾ 'ਵਾਹੁ' ਕਰਨਾ ਗੁਰੂ ਪੂਰੇ ਨੂੰ ਭਾਉਣਾ ਤੇ ਇਕ ਮਨ ਇਕ ਚਿੱਤ ਹੋ ਕੇ 'ਵਾਹੁ ਵਾਹੁ' ਕਰਨ ਕਰਕੇ ਜਮਕੰਕਰ ਦਾ ਨਿਕਟ ਨਾ ਆਉਣਾ ਅਤੇ ਮਨ ਚਿੰਦੇ ਫਲ ਪਾਉਣਾ ਇਹ ਸਰਬ ਗੱਲਾਂ ਵਰਣਨ ਹਨ। ਅਠਾਰਵੀਂ ਪਉੜੀ ਦੇ ਪਹਿਲੇ ਸਲੋਕ ਦਾ ਵਾਕ 'ਵਾਹੁ ਵਾਹੁ' ਅੰਮ੍ਰਿਤ ਨਾਮੁ ਹੈ ਗੁਰਮੁਖਿ ਪਾਵੈ ਕੋਇ, ਜਦੋਂ ਪਾਠ ਵਿਚ ਆਇਆ ਤਾਂ ਸਪਸ਼ਟ ਨਿਤਰਵਾਂ ਫੈਸਲਾ ਹੋਇਆ ਕਿ ਗੁਰਮਤਿ ਅੰਮ੍ਰਿਤ ਨਾਮ ਬਸ ਕੇਵਲ ਇਹੋ ਹੀ ਹੈ। ਸਭ ਤੋਂ ਪਿਛਲੀ ਤੁਕ ਵਿਚ 'ਅਨਦਿਨੁ ਨਾਮੁ ਲਏਇ' ਵਾਲੀ ਪੰਗਤੀ ਨੇ ਮੈਨੂੰ ਪਹਾੜ ਵਾਂਙੂ ਅਟੱਲ ਖੜ੍ਹਾ ਕਰ ਦਿਤਾ, ਹੁਣੇ ਤੋਂ ਹੀ ਅੱਠੇ ਪਹਿਰ ਨਾਮ ਵਿਚ ਜੁਟੇ ਰਹਿਣਾ ਹੈ। ਭਾਵੇਂ 'ਤਨ ਮਨ ਜਾਇ ਤ ਜਾਉ' ਹੁਣ, ਬਸ ਜੀ! ਫੈਸਲਾ ਗਹਿ ਗੱਡਵਾਂ ਹੋ ਗਿਆ ਕਿ ਨਾਮ ਦੀ ਪ੍ਰਾਪਤੀ ਤਾਂ ਹੋ ਗਈ। ਨਾਮੀ ਦੀ ਪ੍ਰਾਪਤੀ ਜਦ ਤਾਈਂ ਨਾ ਹੋ ਜਾਵੇ ਤਦ ਤੀਕ ਇਕ ਤਾਰ ਨਾਮ ਵਿਖੇ ਦਿਨ ਰੈਣ ਜੁਟੇ ਰਹਿਣਾ ਹੈ ਤੇ ਐਸਾ ਜੁਟਣਾ ਹੈ ਕਿ ਖਾਨ ਪਾਨ ਸੈਨ ਚੈਨ ਸਭ ਤਿਆਗ ਦੇਣੇ ਹਨ। ਮੇਰਾ ਹੌਸਲਾ ਹੁਣ ਸਿਖਲੀ ਟੀਸੀ ਦਾ ਸੀ। ਹਿੰਮਤ, ਸਾਹਸ, ਉਦਮ ਮੇਰੇ ਦੁਆਲੇ ਦਿੱਬ ਦੈਵ ਰੂਪ ਧਾਰ ਕੇ ਆਣ ਹਾਜ਼ਰ ਹੋਏ। ਮੈਂ ਹੱਲਾਸ਼ੇਰੀ ਨਾਮ ਮਹਾਰਾਜ ਨੂੰ ਮਾਥਾ ਟੇਕ ਕੇ ਜਦੋਂ ਗੁਰਦੁਵਾਰਿਓਂ ਵਿਦਾ ਹੋਣ ਦੀ ਆਗਿਆ ਮੰਗਣ ਲੱਗਾ ਤਾਂ ਮੈਨੂੰ ਤੁਰਨੇ ਲੱਗੇ ਨੂੰ ਇਹ ਗੁਰ ਅਸੀਸ ਮਿਲੀ –

***ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥***
***ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥***

ਮੈਂ ਇਸ ਅਸੀਸ ਦੇ ਮਿਲਣ ਸਾਰ ਧੰਨਾ ਹੋ ਗਿਆ, ਵਡਭਾਗਾ ਹੋ ਗਿਆ, ਆਪਣੇ ਆਪ ਨੂੰ ਪ੍ਰਤੀਤ ਹੋਵਾਂ। ਇਸ ਅਸੀਸ ਮਈ ਗੁਰਵਾਕ ਤੇ ਪਹਿਲੇ ਗੁਰਵਾਕਾਂ ਦੇ ਅਨੁਭਵੀ ਅਰਥਾਂ ਤੇ ਭਾਵਾਂ ਦਾ ਐਸਾ ਗਹਿ ਗੱਡ ਸਿਕਾ ਮੇਰੇ ਰਿਦੰਤਰ ਬੈਠ ਗਿਆ ਕਿ ਮੇਰਾ ਡਰ ਮਗ ਡੋਲਣਾ ਸਦੀਵ ਲਈ ਉਡੰਤ ਹੋ ਗਿਆ। ਉਸ ਸਮੇਂ ਜੋ ਉਕਤ ਵਾਕਾਂ ਦੀ ਅਨੁਭਵੀ ਵਿਆਖਿਆ ਮੈਨੂੰ ਸਫੁਰ ਹੋਈ, ਉਸ ਨੂੰ ਮੇਰੀ ਪ੍ਰੱਖੋਂ ਨਹੀਂ ਕਿ ਅੱਖਾਂ ਵਿਚ ਲਿਖ ਕੇ ਵਰਣਨ ਕਰ ਸਕਾਂ, ਮੇਰੇ ਹਿਰਦੇ ਤੇ ਉਕਰੀ ਗਈ ਪਰ ਮੇਰਾ ਚਾਉ ਹੁਲਾਸ ਕਿ ਮੈਂ ਨਾਮ ਨਾਲ ਨਿਵਾਜਿਆ ਗਿਆ ਹਾਂ, ਕਿ ਦਾਤ ਇਲਾਹੀ ਮੈਂ ਥੀਂ ਪਾਈ ਗਈ ਹੈ, ਮੈਨੂੰ ਟਿਕਣ ਨਾ ਦੇਵੇ ਕਿ ਕਦੋਂ ਏਕਾਂਤ ਸਹਿਜ ਅਸਥਾਨ ਵਿਖੇ ਬੈਸ ਕੇ ਨਾਮ ਦੇ ਅਖੰਡ ਜਾਪ ਵਿਚ ਜੰਮ ਕੇ ਜੁੱਟ ਜਾਵਾਂ ਅਤੇ ਫੇਰ ਅੱਖਾਂ ਨਾ ਉਘੇੜਾਂ, ਪਰ ਅੰਦਰ ਨਿਰਜਤਨ ਹੀ ਟੱਕ ਟੱਕ ਖੰਡਾ ਖੜਕ ਰਿਹਾ ਸੀ। ਉਠਦੇ ਬੈਠਦੇ, ਜਿੱਧਰ ਜਾਵਾਂ, ਫਿਰਾਂ ਤੁਰਾਂ ਟੱਕ ਟੱਕ ਦੀ ਤਾਨ ਉਵੇਂ ਬੱਝ ਰਹੀ ਸੀ। ਵਾਹੁ ਚਾਬੀ ਲਾਉਣ ਹਾਰਿਆਂ ਦਾਤਿਆ! ਖੂਬ ਚਾਬੀਆਂ ਲਾਈਆਂ ਪਰ ਮੇਰੀਆਂ ਅਜੇ ਭੁੱਖਾਂ ਨਹੀਂ ਗਵਾਈਆਂ। ਹੁਣ ਆਪੇ ਛਹਿਬਰ ਲਾ ਦੇਵੀਂ 'ਮੈਨੂੰ ਕੀ ਚਿੰਤਾ! ਮੈਂ ਨਿਚਿੰਤ ਪਰ 'ਚਰਨ ਪਿਆਸੀ ਦਰਸ ਬੈਰਾਗਨਿ ਪੇਖਉ ਥਾਨ ਸਬਾਏ॥' ਖੋਹ ਪੈ ਰਹੀ ਸੀ ਤੇ ਅਣਡਿੱਠੇ ਆਤਮ ਰਹੱਸ ਦੀ ਤੋਟ ਸੀ। ਮੈਂ ਐਵੇਂ ਉਪਰਲੇ ਦਿਲੋਂ ਦੜੇ ਦਫਤਰ ਜਾ ਕੇ ਬੱਧਾ ਚੱਟੀ ਭਰ ਆਇਆ। ਕਾਲਜਾ ਅੰਨ ਜਲ ਵਲੋਂ ਪ੍ਰਿਥਮ ਦਿਵਸ ਦਾ ਹੀ ਖਾਲੀ ਸੀ ਮੈਨੂੰ ਦਿਸ਼ਾ ਆਦਿਕ ਫਿਰਨ ਦੀ ਦੁਬਿਧਾ ਕੋਈ ਹੈ ਹੀ ਨਹੀਂ ਸੀ ਤੇ ਅਗਾਂਹ ਨੂੰ ਭੋਜਨ ਆਦਿਕ ਨਾਲ ਢਿੱਡ ਭਰਨ ਦੀ ਰੁਚੀ ਹੀ ਨਹੀਂ ਸੀ। ਸਗੋਂ ਕੜਾਕੇ ਰਹਿ ਕੇ ਖੰਡਾ ਖੂਬ ਖੜਕੇ ਤੇ ਕੋਈ ਅਟਕਾ ਝਟਕਾ ਨਾ ਪਵੇ।

ਅੱਜ ਭੀ ਮੈਂ ਬੁੰਗੇ ਪਰ ਆਉਣ ਸਾਰ, ਬਿਨਾਂ ਹੀ ਖਾਨ ਪਾਨ ਕੀਤੇ ਆਪਣੀ ਗੁਫਾ ਵਿਚ ਜਾ ਵੜਿਆ, ਪਰ ਮੇਰੇ ਮਗਰ ਹੀ ਭਾਈ ਰੂੜ ਸਿੰਘ ਗਫੇ ਛਕਾਉਣ ਨੂੰ ਬਿਰ ਬਿਰ ਕਰਦੇ ਫਿਰਨ। ਮੈਥੋਂ ਉਨ੍ਹਾਂ ਦੀ ਨਿਰਾਸਤਾ ਵਾਲੀ ਨਿਮੋਝਾਣੀ ਝੀਣੀ ਬਾਣ ਝੱਲੀ ਨਾ ਜਾਵੇ। ਮੈਂ ਬਾਹਰ ਵਾਰ ਨੂੰ ਫਿਰ ਉਠ ਤੁਰਿਆ। ਉਨ੍ਹਾਂ ਨੂੰ ਹੌਲੀ ਦੇ ਕੇ ਆਖ ਦਿਤਾ ਕਿ ਮੈਨੂੰ ਅਜੇ ਭੀ ਪ੍ਰਸ਼ਾਦੇ ਦੀ ਰੁਚੀ ਨਹੀਂ। ਤੂੰ ਗੱਫਾ ਲਾ ਲੈ, ਮੈਂ ਬਾਹਰ ਫਿਰਨ ਤੁਰਨ ਚਿਤ ਪਰਚਾਉਣ ਚਲਿਆ ਹਾਂ, ਤੂੰ ਮੇਰੇ ਪਿਛੇ ਨਾ ਆਈਂ। ਮੈਂ ਇਤਨਾ ਆਖ ਕੇ ਉਥੋਂ ਜਿਉਂ ਨਿਕਲਿਆ ਇਕ ਹਰਿਆਵਲੀ ਪਹਾੜੀ ਦੀ ਕੰਦਰਾ ਦੇ ਕੁਦਰਤੀ ਨਜ਼ਾਰਿਆਂ ਵਿਚ ਜਾ ਰਮਿਆ। ਕੁਦਰਤ ਦੇ ਚਿੱਤ ਚੁੱਭਵੇਂ ਤੇ ਦਿਲ ਖਿੱਚਵੇਂ ਰਮਣੀਕ ਸੁੰਦਰ ਨਜ਼ਾਰਿਆਂ ਨੇ ਕਾਦਰ ਦੀ ਅਮਿੱਤ ਸੁੰਦਰਤਾ ਦੇ ਅਨੁਮਾਨਕ ਲਹਿਰੇ ਅਜਿਹੇ ਚਿੱਤ ਬ੍ਰਿਤੀ ਅੰਦਰ ਉਤਪੰਨ ਕੀਤੇ ਕਿ ਨਾਮ ਦਾ ਰਟਨ ਸੰਕਲਪ ਵਿਕਲਪ ਰਹਿਤ ਅਫੁਰ ਦਸ਼ਾ ਵਿਚ ਜ਼ੋਰੋ ਜ਼ੋਰੀ ਜਾਰੀ ਹੋ ਗਿਆ -

ਮੈਨੂੰ ਨਾਮ ਜਪਣ ਦਾ ਕੋਈ ਥਹੁ ਪਤਾ ਨਹੀਂ, ਨਾ ਕੋਈ ਨਾਮ ਅਭਯਾਸ ਦੀ ਜੁਗਤੀ ਆਉਂਦੀ ਹੈ ਤੇ ਨਾ ਹੀ ਸ੍ਵਾਸ ਹਿਠਾਹਾਂ, ਉਤਾਹਾਂ ਚੜ੍ਹਾਉਣ ਉਤਾਰਨ ਦੀ ਮੈਂ ਕਿਤੋਂ ਸੰਥਿਆ ਸਿੱਖੀ ਹੈ। ਮੈਨੂੰ ਕੇਵਲ ਪਤੀ ਪ੍ਰਮਾਤਮਾ ਦੀ ਪ੍ਰਾਪਤੀ ਵਾਲੀ ਲਿੱਲ ਲੱਗੀ ਹੋਈ ਹੈ। ਇਹ ਪ੍ਰੇਮ ਭਿੰਨੀ ਲਿੱਲ ਯਾ ਪ੍ਰੇਮ ਪਲੀਤਾ ਹੈ, ਜੋ ਮੇਰੀ ਹਿਚਕਦੀ ਹਟਕਦੀ ਤੇ ਹਟਕੋਰੇ ਖਾਂਦੀ ਬ੍ਰਿਤੀ ਨੂੰ ਚਾਬਕ ਮਾਰ ਮਾਰ ਕੇ ਚੜ੍ਹਦੀ ਕਲਾ ਵਲ ਸਿੱਧੇ ਤੋਰੀ ਜਾਣ ਲਈ ਸਹਾਇਕ ਬਣੀ ਹੋਈ ਹੈ।

ਤਿੰਨ ਬਜੇ ਤੋਂ ਮੈਨੂੰ ਉਸ ਅਸਥਾਨ ਵਿਚ ਬੈਠੇ ਹੋਏ ਨੂੰ ਸਾਂਜ ਕਾਲ ਦਾ ਸਮਾਂ ਹੋ ਗਿਆ ਅਤੇ ਹਨ੍ਹੇਰਾ ਹੋਣ ਹੀ ਲੱਗਾ ਸੀ ਕਿ ਇਤਨੇ ਨੂੰ ਭਾਈ ਰੂੜ ਸਿੰਘ ਜੀ ਮੇਰੀ ਖੋਜ ਕਰਦੇ ਹੋਏ ਉਧਰੇ ਹੀ ਆ ਨਿਕਲੇ। ਰਹਿਰਾਸ ਸਾਹਿਬ ਦਾ ਪਾਠ ਕਰਦੇ ਹੋਏ ਮੇਰੇ ਅੱਗੇ ਆਣ ਖਲੋਤੇ। ਉਸ ਵੇਲੇ ਉਨ੍ਹਾਂ ਦੇ ਮੂੰਹ ਵਿਚ ਇਹ ਤੁਕ ਸੀ 'ਤੁਧੁ ਆਪਿ ਵਿਛੋੜਿਆ ਆਪਿ ਮਿਲਾਇਆ॥' ਮੈਨੂੰ ਇਹ ਤੁਕ ਬੜੀ ਮਿੱਠੀ, ਪਿਆਰੀ, ਗੂੜ੍ਹ ਅੰਤਰੀਵ ਅਰਥਾਂ ਵਾਲੀ ਲੱਗੀ। ਨਾਲੇ ਮੈਨੂੰ ਚੇਤਾ ਆ ਗਿਆ ਕਿ ਰਹਿਰਾਸ ਸਾਹਿਬ ਦਾ ਸਮਾਂ ਹੋ ਗਿਆ ਹੈ ਤੇ ਮੈਂ ਅਜੇ ਪਾਠ ਕਰਨ ਹੀ ਨਹੀਂ ਲੱਗਾ। ਮੈਂ ਭਾਈ ਰੂੜ ਸਿੰਘ ਨੂੰ ਫੇਰ ਉਤੇ ਹੀ ਆਪਣੇ ਸਾਮ੍ਹਣੇ ਬਿਠਾ ਕੇ ਮੁੱਢ ਤੋਂ ਫੇਰ ਦੂਜੀ ਵਾਰ ਪਾਠ ਸੁਣਾਉਣ ਲਈ ਆਖਿਆ। ਉਹ ਪਾਠ ਸੁਣਾਉਣ, ਮੈਂ ਨਾਲੇ ਪਾਠ ਸੁਣਾਂ ਨਾਲ ਨਾਮ ਜਪਾਂ। ਜਿਉਂ ਜਿਉਂ ਸੁਣਾਂ, ਤਿਉਂ ਤਿਉਂ ਮੈਨੂੰ ਰਹਿਰਾਸ ਸਾਹਿਬ ਦੇ ਪਾਠ ਦਾ ਅਨੰਦ ਅੱਗੇ ਨਾਲੋਂ ਅਨੋਖਾ ਹੀ ਆਇਆ। ਭੋਗ ਪਏ ਪਿਛੋਂ ਮੈਨੂੰ ਭਾਈ ਰੂੜ੍ਹ ਸਿੰਘ ਜੀ ਆਖ ਵੇਖ ਕੇ ਆਪਣੇ ਨਾਲ ਹੀ ਬਸਤੀ ਵਲ ਮੋੜ ਲਿਆਏ। ਮੈਂ ਬੁੰਗੇ ਤੇ ਛਪਾ ਛਪ ਪਹਿਲਾਂ ਹੀ ਜਾ ਚੜ੍ਹਿਆ ਤੇ ਝੱਟ ਅੰਦਰ ਵੜ ਕਿਵਾੜ ਦੇ ਕੇ ਕੁੰਡੇ ਜੜ ਦਿਤੇ ਤੇ ਆਸਣ ਪੁਰ ਬੈਠ ਕੇ ਲਗਾ ਗੁਰੂ ਗੁਰੂ ਜਪਣ। ਲਗਾਤਾਰ ਇਕੋ ਸਾਹ ਲੱਗਾ ਜਾਵਾਂ। ਜਦੋਂ ਸਾਹ ਆਪੇ ਮੁੜੇ ਤੇ ਮੁੜ ਪਵੇ, ਮੈਨੂੰ ਮੋੜਨ ਹੋੜਨ ਦੀ ਕੋਈ ਪ੍ਰਵਾਹ ਤੇ ਸੁਰਤ ਸੰਮਾਲ ਨਾ ਸੀ, ਕੇਵਲ ਗੁਰੂ ਗੁਰੂ ਕਰਨ ਦੀ ਬਣੀ ਹੋਈ ਸੀ। ਦਸ਼ਾ ਐਸੀ ਬਣ ਆਈ ਕਿ ਆਸ਼ਾ, ਮਨਸ਼ਾ, ਫੁਰਨੇ, ਫਿਕਰ ਆਦਿਕ ਦੀ ਰਿੰਦਰਤਰ ਰਾਈ ਨਾ ਰਹੀ, ਭਰਮ ਭ੍ਰਾਂਤੀ ਦੀ ਕਾਈ ਮਿਟ ਗਈ। ਇਕ ਦਰਸ ਪਿਆਸ ਦੀ ਆਸ ਯਥਾ ਗੁਰਵਾਕ -

***ਏਕਹਿ ਆਸਾ ਦਰ ਪਿਆਸਾ ਆਨ ਨ ਭਾਵੇ॥***

ਇਹ ਆਸਾ ਭੀ ਤੀਬਰ ਤੋਂ ਤੀਬਰ ਹੁੰਦੀ ਜਾਂਦੀ ਹੈ ਤੇ ਨਾਮ ਦੇ ਜਾਪ ਵਲ ਮੈਨੂੰ ਹੋਰ ਭੀ ਹੱਲਾ-ਸ਼ੇਰੀ ਕਰਕੇ ਲਿਆਉਂਦੀ ਹੈ। ਮੈਂ ਹੱਲੇ ਕਰ ਕਰ ਪਵਾਂ। ਰਾਤ ਤਕੜੀ ਚਲੀ ਗਈ ਸੀ। ਬਾਹਰ ਕੋਈ ਬਿਰਕਣ ਨਹੀਂ ਸੀ। ਚਤੁਰਾਈ ਸਿਆਣਪ ਮੈਨੂੰ ਕੋਈ ਵਿਆਪਦੀ ਨਹੀਂ ਸੀ। ਮੈਂ ਸਿੱਧਾ ਪੱਧਰਾ ਨਾਮ ਨੂੰ ਦੱਬੀ ਜਾਵਾਂ। ਆਲਸ ਮੇਰੇ ਨੇੜੇ ਨਾ ਆਵੇ। ਸੰਕਲਪ ਸੰਸਾ ਮੈਨੂੰ ਕੋਈ ਸੰਤਾਵੇ ਨਹੀਂ। ਨਾਮ ਜਪਣ ਦੇ ਅਨੇਕਾਂ ਹੀ ਤਰੰਗ ਮੈਨੂੰ ਫੁਰ ਪਏ। ਜਿਹੜਾ ਫੁਰੇ ਉਸੇ ਨੂੰ ਦੱਬ ਤੁਰਾਂ ਤੇ ਤੁਰੀ ਜਾਵਾਂ ਜਦ ਤਾਈਂ ਸਾਹ ਨਾ ਮੁੜੇ। ਸਾਹ ਮੁੜੇ ਤਾਂ ਫੇਰ ਹੋਰ ਤਰੰਗ ਦਾ ਤੋਰਾ ਤੁਰ ਪਵੇ। ਮੇਰੇ ਲਈ ਇਹ ਅਨਿਕ ਤਰੰਗ ਵਾਲੀਆਂ ਨਾਮ ਜਪਣ ਦੀਆਂ ਜੁਗਤੀਆਂ ਅਰਸ਼ਾਂ ਕੁਰਸ਼ਾਂ ਤੋਂ

ਆਣ ਉਤਰੀਆਂ। ਅਣਭੋਲ ਹੀ ਵਾਹੋ ਦਾਹ ਲਗਨ ਵਿਚ ਲੱਗਿਆ ਤੁਰਿਆ ਜਾਵਾਂ। ਗਿਣਤੀ ਮਿਣਤੀ ਕੁਛ ਨਾ ਵਿਚਾਰਾਂ। ਜੇ ਕਿਤੇ ਅੱਕ ਥੱਕ ਜਾਵਾਂ ਜਾਂ ਮਨ ਅੜੀ ਕਰ ਖੜੋਵੇ ਤਾਂ ਫੇਰ ਮਨ ਨੂੰ ਤਰੋਡਾ ਦੇਣ ਲਈ ਹੱਠ ਕਰਕੇ ਮੱਧ ਲਵਾਂ ਕਿ ਐਨੀਆਂ ਪੱਕੀਆਂ ਮਾਲਾਂ ਫੇਰ ਕੇ ਸਾਹ ਲੈਣਾ ਹੈ, ਕਿਉਂਕਿ ਸਰਬ ਲੋਹ ਦੀ ਮਾਲਾ ਹਰ ਵਕਤ ਮੇਰੇ ਹੱਥ ਵਿਚ ਹੀ ਰਹਿੰਦੀ ਸੀ। ਮੈਨੂੰ ਸਰਬ ਲੋਹ ਦੀ ਮਾਲਾ ਨੇ ਬੜੀ ਹੀ ਸਹਾਇਤਾ ਦਿਤੀ, ਛਿਨ ਮਾਤ੍ਰ ਭੀ ਨਿਸ਼ਾਨੇ ਤੋਂ ਉਕਣ ਨਹੀਂ ਦਿਤਾ ਤੇ ਚੜ੍ਹਦੀਆਂ ਕਲਾਂ ਵਾਲੀਆਂ ਜਾਪ ਪਦਵੀ ਤੇ ਮੈਨੂੰ ਜਾ ਚਾੜ੍ਹਿਆ। ਹੱਥ ਜਦ ਸੱਚੀ ਕਾਰ ਵਿਚ ਤਦਰੂਪ ਹੋ ਗਏ ਤਾਂ ਮਾਨੋਂ ਮੈਂ ਮੁਜੱਸਮ ਸਾਵਧਾਨਤਾ ਹੀ ਬਣ ਗਿਆ। ਆਲਸ ਨੇੜੇ ਨਹੀਂ, ਦਲਿੱਦਰ ਦੂਰ ਹੋ ਗਿਆ। ਥਕੇਵਾਂ ਅਕੇਵਾਂ ਤੇ ਢਿੱਲ ਪੁਣਾ ਖਬਰ ਨਹਆ ਕਿੱਧਰ ਨੱਸ ਭੱਜ ਗਏ। ਐਸੀ ਸਰਬ ਲੋਹੀ ਸ਼ਕਤੀ ਵਰਤੀ ਤੇ ਐਸੀ ਸਰਬਲੋਹੀ ਰਖਸ਼ਾ ਹੋਈ ਕਿ ਮੇਰੀਆਂ ਉਂਗਲੀਆਂ ਦੇ ਪੋਟਿਆਂ ਵਿਚੋਂ ਜਿਥੇ ਦਬਾ ਦਬ ਸਰਬ ਲੋਹੀ ਮਾਲਾ ਦੇ ਮੋਤੀਆਂ ਦੀ ਘਾਸ ਪੈਂਦੀ ਸੀ, ਇਹੋ ਜਿਹੇ ਬਿਜਲੀ ਦੀਆਂ ਤਾਰਾਂ ਵਾਲੇ ਠੰਡੇ ਠਾਰ ਚਿੰਗਾਰੇ ਉਠੇ ਤੇ ਉਨ੍ਹਾਂ ਪੋਟਿਆਂ ਵਿਚੋਂ ਉਠ ਕੇ ਸਰੇ ਸਰੀਰ ਦੀ ਤਾਰ ਤਾਰ ਵਿਚ ਜਾ ਪ੍ਰਵੇਸ਼ ਹੋਏ ਕਿ ਅੱਗੇ ਜਿਥੇ ਜਿਗਰ (ਹਿਰਦੇ) ਅਸਥਾਨ ਤੇ ਇਕ ਖੰਡਾ ਖੜਕਦਾ ਸੀ, ਹੁਣ ਉਥੇ ਹੀ ਅਨੇਕਾਂ ਖੰਡੇ ਦੇਹੀ (ਪਿੰਡੇ) ਦੇ ਤਿਲ ਤਿਲ ਮਾਤ੍ਰੀ ਖੰਡ ਖੰਡ ਵਿਖੇ ਖੜਕਣ ਲਗ ਪਏ। ਇਸ ਦੇਹੀ ਰੂਪੀ ਪਿੰਡ ਦੀ ਇਹ ਅਖੰਡਾਕਾਰ ਖੰਡੇ ਖੜਕਦੀ ਦਸ਼ਾ ਦੇਖ ਕੇ ਇਕ ਛਿਨ ਤਾਂ ਦਿਲ ਨੇ ਧੜਕਾ ਖਾਧਾ ਪਰ ਦੂਜੀ ਛਿਨ ਹੀ ਸ਼ਾਂਤ ਛਾ ਗਈ ਤੇ ਸੁੰਨ ਦਸ਼ਾ ਵਾਪਰ ਗਈ।

ਮੈਨੂੰ ਆਪਣਾ ਸਰੀਰ ਆਪਣੇ ਆਤਮਾ ਤੋਂ ਅੱਡੋ ਅੱਡ ਹੋਇਆ ਹੋਇਆ ਦਿਸੇ। ਫੇਰ ਸਰੀਰ ਦਿਸੇ ਹੀ ਨਾ ਕਿ ਕਿੱਧਰ ਗਿਆ। ਜਾਪ ਹੀ ਜਾਪ ਦੀ ਝਰਨਾਟ ਪਈ ਸੁਣਾਈ ਦੇਵੇ। ਕੰਨ ਸਣੇ ਸਰੀਰ ਦੇ ਹਨ ਹੀ ਨਾ, ਤਾਂ ਸੁਣਦਾ ਕਉਣ ਹੈ? ਇਸ ਝਮੇਲੇ ਵਿਚ ਪੈ ਕੇ ਮੈਂ ਫਿਰ ਭਮੱਤਰ ਗਿਆ। ਅਗਲੀ ਛਿਨ ਦੇਖਾਂ ਤਾਂ ਮੈਂ ਹਾਂ ਮੈਂ ਆਤਮਾ ਸਰੂਪ ਹਾਂ ਮੈਨੂੰ ਹੁਣ ਆਪਣਾ ਸਰੂਪ ਆਪਣਾ ਆਪਾ ਨਿਰਾਲਾ ਹੀ ਨਜ਼ਰੀਂ ਆਉਣ ਲੱਗਾ। ਉਸ ਆਪੇ ਦੇ ਆਤਮ ਸਰੂਪ ਨੂੰ ਮੈਂ ਲਖ ਲਖ ਪੇਖ ਪੇਖ ਕੇ ਅਚਰਜੋ ਅਚਰਜ ਹੁੰਦਾ ਜਾਵਾਂ, ਪਰ ਮੈਨੂੰ ਐਸ ਸ੍ਵੈ ਪੇਖਣਹਾਰ ਦਸ਼ਾ ਦਾ ਅਨੰਦ, ਸੁਆਦ ਕੁਝ ਬਾਹਲਾ ਲੰਮਾ ਨਾ ਆਵੇ ਕਿਉਂਕਿ ਮੈਂ ਤਾਂ ਪ੍ਰਮਾਤਮ ਦੇਵ ਦੇ ਦਿਦਾਰਿਆਂ ਦਾ ਆਸ਼ਕ ਸੀ। ਮੈਨੂੰ ਉਰਲੀਆਂ ਪਰਲੀਆਂ ਪਰਚਾਵੇ ਦੀਆਂ ਚਾਟਾਂ ਕਿਥੇ ਲੁਭਾ ਸਕਦੀਆਂ। ਮੇਰੀ ਸਿੱਕ, ਮੇਰਾ ਹਾਵਾ ਓਡਾ ਕੇਡਾ ਹੀ ਬਣਿਆ ਤਣਿਆ ਰਿਹਾ। ਮੇਰੀ ਸਿੱਕ ਜਾਵੀਂ ਦੀ ਸਾਵੀਂ! ਮੇਰੀ ਆਸ਼ਾ ਦਰਸ਼ਨ ਦੀ ਦੂਣੀ ਚੌਣੀ, ਹੋਰ ਆਸਾਂ ਦੇ ਫੁਰਨੇ ਤਾਂ ਪਹਿਲਾਂ ਹੀ ਮਿਟ ਚੁਕੇ ਸਨ, ਇਕੋ ਇਹੋ ਆਸ਼ਾ ਸੀ, ਏਸੇ ਦਾ ਫੁਰਨਾ ਸੀ।

(ਪੰਨਾ 2 ਦੀ ਬਾਕੀ)

ਤਰ੍ਹਾਂ ਦੇ ਪਾਖੰਡਾਂ, ਕਰਮ ਕਾਂਡਾਂ, ਫੋਕਟ ਰਸਮਾਂ ਰਿਵਾਜਾਂ ਤੋਂ ਮੁਕਤ ਹੈ। ਖਾਲਸਾ ਅਕਾਲ ਪੁਰਖ ਦੀ ਫੌਜ ਹੈ, ਕਿਸੇ ਦੇਵੀ ਦੇਵਤੇ, ਮੜ੍ਹੀ ਮਸਾਣ ਦਾ ਪੂਜਕ ਨਹੀਂ, ਜਾਤ-ਪਾਤ ਵਰਣ ਆਸ਼ਰਮ ਦੀਆਂ ਵੰਡਾਂ ਤੋਂ ਮੁਕਤ ਹੈ, ਉਹ ਬਾਣੀ ਪੜ੍ਹਨ ਪੜ੍ਹਾਉਣ ਵਾਲਾ ਬ੍ਰਾਹਮਣ ਵੀ ਹੈ, ਜ਼ੁਲਮ ਵਿਰੁੱਧ ਜੂਝਣ ਵਾਲਾ ਖੱਤਰੀ ਵੀ, ਕਿਰਤ ਕਰਨ ਵਾਲਾ ਵੈਸ਼ ਵੀ ਹੈ ਅਤੇ ਛੋਟੀ ਤੋਂ ਛੋਟੀ ਸੇਵਾ - ਬਰਤਨ ਸਾਫ ਕਰਨੇ, ਝਾੜੂ ਦੇਣਾ, ਜੋੜੇ ਸਾਫ ਕਰਨੇ ਆਦਿ ਸ਼ੂਦਰ ਦੇ ਕੰਮ ਕਰਨ ਲਈ ਹਰ ਸਮੇਂ ਤੱਤਪਰ ਰਹਿਣ ਵਾਲਾ ਖਾਲਸਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਆਪਣਾ ਰੂਪ-ਸਰੂਪ ਅਤੇ ਨਿਆਰਾਪਣ ਬਖਸ਼ਿਆ, ਆਤਮ ਰਸ ਦੀ ਦਾਤ ਬਖਸ਼ੀ, ਚੜ੍ਹਦੀ ਕਲਾ ਬਖਸ਼ੀ, ਸੰਸਾਰ ਦੀ ਸੇਵਾ ਲਈ ਤੱਤਪਰ ਕੀਤਾ। ਪੰਜ ਪਿਆਰਿਆਂ ਨੂੰ ਅੰਮ੍ਰਿਤ ਦੀ ਦਾਤ ਦੇਣ ਉਪਰੰਤ ਉਨ੍ਹਾਂ ਨੂੰ ਗੁਰੂ-ਰੂਪ ਜਾਣ ਕੇ ਉਨ੍ਹਾਂ ਤੋਂ ਅੰਮ੍ਰਿਤ ਦੀ ਦਾਤ ਲਈ ਅਤੇ ਗੋਬਿੰਦ-ਰਾਇ ਤੋਂ ਗੋਬਿੰਦ ਸਿੰਘ ਸਜ ਗਏ। 1708 ਈ. ਵਿਚ ਬ੍ਰਹਮਲੀਨ ਹੋਣ ਸਮੇਂ ਗੁਰੂ ਗ੍ਰੰਥ ਅਤੇ ਗੁਰੂ ਪੰਥ ਨੂੰ ਗੁਰਿਆਈ ਬਖਸ਼ੀ। ਇਸ ਤਰ੍ਹਾਂ ਸਰਬ ਗੁਣ ਸੰਪੰਨ ਖਾਲਸਾ ਸਰਬ-ਸ਼ਕਤੀ ਸੰਪੰਨ ਖਾਲਸਾ ਹੋ ਨਿਬੜਿਆ। ਅੱਜ ਸੰਸਾਰ ਕਈ ਭਿਆਨਕ ਰੋਗਾਂ ਨਾਲ ਗ੍ਰਸਤ ਹੈ, ਏਡਜ਼ ਅਤੇ ਤਮਾਕੂ ਸੇਵਨ ਤੋਂ ਪੈਦਾ ਹੋਈਆਂ ਕੈਂਸਰ ਵਰਗੀਆਂ ਭਿਅੰਕਰ ਬਿਮਾਰੀਆਂ ਤੋਂ ਬਚਣ ਲਈ ਸੰਸਾਰ ਭਰ ਦੀਆਂ ਸਰਕਾਰਾਂ ਕਰੋੜਾਂ ਰੁਪਏ ਖਰਚ ਕੇ ਮੁਹਿੰਮਾਂ ਚਲਾ ਰਹੀਆਂ ਹਨ, ਇਨ੍ਹਾਂ ਤੋਂ ਖਾਲਸੇ ਨੂੰ ਸਦਾ ਲਈ ਮੁਕਤ ਕਰ ਦਿਤਾ। ਐਸੀ ਕ੍ਰਿਪਾ ਗੁਰੂ ਗੋਬਿੰਦ ਸਿੰਘ ਜੀ ਨੇ 1699 ਦੀ ਵਿਸਾਖੀ ਨੂੰ ਸਰਬ ਮਨੁੱਖਤਾ ਉਪਰ ਕੀਤੀ। ਜਿਸ ਪੰਜਾਬ ਨੂੰ ਧਾੜਵੀ ਪੈਰਾਂ ਹੇਠ ਰੋਂਦ ਕੇ ਬਹੂ ਬੇਟੀਆਂ ਨੂੰ ਗੁਲਾਮ ਬਣਾ ਕੇ ਗਜ਼ਨੀ ਦੇ ਬਾਜ਼ਾਰਾਂ ਵਿਚ ਨੀਲਾਮ ਕਰਦੇ ਸੀ, ਉਨ੍ਹਾਂ ਨੂੰ ਖਾਲਸੇ ਹੱਥੋਂ ਮੂੰਹ ਦੀ ਖਾਣੀ ਪਈ ਅਤੇ ਦਰਾ ਖ਼ੈਬਰ ਅਤੇ ਬਲੋਚਸਤਾਨ ਤਕ ਖਾਲਸੇ ਦੀ ਸ਼ਾਨ ਦਾ ਪਰਚੰਮ ਬੁਲੰਦ ਹੋਇਆ।

ਗੁਰੂ ਮਹਾਰਾਜ ਦਾ ਖਾਲਸੇ ਨਾਲ ਇਕ ਵਿਸ਼ੇਸ਼ਪ੍ਰਣ ਹੈ। ਜਦ ਤਕ ਖਾਲਸਾ ਰਹਿਤ ਬਹਿਤ ਵਿਚ ਰਹੇਗਾ, ਆਤਮ ਰਸੀਆ ਹੋਵੇਗਾ, ਬਿਪਰਨ ਦੀ ਰੀਤੀ ਵਿਚ ਮੁੜ ਨਹੀਂ ਘਿਰੇਗਾ, ਗੁਰੂ ਉਨ੍ਹਾਂ ਦੀ ਪ੍ਰਤੀਤੀ ਕਰੇਗਾ। ਐਸੇ ਖਾਲਸੇ ਦੀ ਸ਼ਖਸੀਅਤ ਨੂੰ ਸੰਤ ਮਹਾਰਾਜ ਨੇ ਇਸ ਲੇਖ ਵਿਚ ਉਜਾਗਰ ਕੀਤਾ ਹੈ, ਜੋ ਪਾਠਕ ਨੂੰ ਟੁੰਬਦਾ ਵੀ ਹੈ ਅਤੇ ਪੱਥ ਪ੍ਰਦਰਸ਼ਨ ਵੀ ਕਰਦਾ ਹੈ। 'ਆਤਮ ਮਾਰਗ' ਦੀ ਇਹੋ ਵਿਸ਼ੇਸ਼ਤਾ ਹੈ ਕਿ ਇਸ ਦੀ ਸਾਰੀ ਲਿਖਤ ਜੀਵਨ ਨੂੰ ਉਚੇਰਾ, ਸੋਹਣਾ, ਸਹਿਜਮਈ ਅਤੇ ਅਨੰਦਮਈ ਬਣਾਉਣ ਲਈ ਯਤਨਸ਼ੀਲ ਹੈ।

ਆਪ ਜੀ ਸਭਨਾਂ ਨੇ ਸਾਨੂੰ ਰੱਜਵਾਂ ਸਹਿਯੋਗ ਤੇ ਪਿਆਰ ਦਿਤਾ ਹੈ, ਗੁਰੂ ਇਹ ਪਿਆਰ ਬਣਾਈ ਰੱਖੇ, ਮਹਾਂਪੁਰਸ਼ਾਂ ਦੇ ਪਿਆਰ ਸਤਿਕਾਰ ਦਾ ਘੇਰਾ ਹੋਰ ਵਧੇ। ਵਿਸਾਖੀ ਦੇ ਇਸ ਸ਼ੁਭ ਅਵਸਰ ਤੇ ਆਪ ਜੀ ਵੀ ਆਤਮ ਮਾਰਗ ਦਾ ਘੱਟੋ ਘੱਟ ਇਕ ਮੈਂਬਰ ਹੋਰ ਬਣਾਉਣ ਦਾ ਪ੍ਰਣ ਲਵੋ ਤਾਕਿ ਵੱਧ ਤੋਂ ਵੱਧ ਸੰਗਤ ਗੁਰੂ ਪਿਆਰ ਨੂੰ ਮਾਣ ਸਕੇ। ਗੁਰੂ ਤਾਂ ਸਦਾ ਅੰਗ ਸੰਗ ਹੈ, ਉਸ ਦੀ ਰਹਿਮਤ ਸਭਨਾਂ ਤੇ ਸਦਾ ਹੀ ਹੋ ਰਹੀ ਹੈ, ਕੇਵਲ ਗੁਰੂ ਵਲ ਮੁੱਖ ਕਰਨ ਦੀ ਦੇਰ ਹੈ।

# ਦੋਸ ਕਰੰਮਾ ਆਪਣਿਆ

***ਸੰਤ ਵਰਿਆਮ ਸਿੰਘ ਜੀ***
***ਉਤਾਰਾ ਕਰਤਾ – ਪ੍ਰੋ. ਗੁਰਦੇਵ ਸਿੰਘ***

**ਨੋਟ** – ਸੰਤ ਮਹਾਰਾਜ ਜੀ ਦੀ ਇਹ ਕੈਸਟ ਸੰਨ 1981-82 ਵਿਚ ਪਿੰਡ ਸਕਰੁਲਾਪੁਰ ਵਿਖੇ ਰਿਕਾਰਡ ਕੀਤੀ ਗਈ ਸੀ। ਦਾਸ ਇਸ ਦੀਵਾਨ ਵਿਚ ਹਾਜ਼ਰ ਸੀ। ਉਨ੍ਹਾਂ ਦਿਨਾਂ ਵਿਚ ਪਿੰਡਾਂ ਵਿਚ ਇਕ ਦਿਨ ਵਿਚ ਦੋ ਜਾਂ ਤਿੰਨ ਦੀਵਾਨ ਲਗਾ ਕੇ ਲੋਕਾਂ ਨੂੰ ਸਾਧਾਰਨ ਬੋਲੀ ਵਿਚ ਗੁਰਸਿਖੀ ਦੇ ਮੂਲ ਸਿਧਾਂਤ ਸਮਝਾਏ ਜਾਂਦੇ ਸਨ। ਇਸ ਵਿਚ ਸੰਤ ਮਹਾਰਾਜ ਜੀ ਕਿਸਾਨਾਂ ਨੂੰ ਖੇਤੀ ਬੀਜਣ ਤੇ ਉਸ ਦੀ ਸੰਭਾਲ ਕਰਨ ਦੇ ਛੋਟੇ ਛੋਟੇ ਨੁਸਖੇ ਵੀ ਦੱਸ ਕੇ ਇਸ ਨੂੰ ਹੋਰ ਉਪਯੋਗੀ ਬਣਾ, ਉਨਾਂ ਦੀਆਂ ਸਮੱਸਿਆਵਾਂ ਦਾ ਸਮਾਧਾਨ ਵੀ ਦੱਸ ਦਿਆ ਕਰਦੇ ਸਨ। ਸਮਾਜਿਕ ਕੁਰੀਤੀਆਂ ਦਹੇਜ ਆਦਿ ਦੀ ਪ੍ਰਥਾ ਤੋਂ ਵੀ ਹਟਾ ਕੇ ਸਾਦੀਆਂ ਰਸਮਾਂ ਕਰਨ ਤੇ ਜੋਰ ਦਿੰਦੇ ਸਨ। ਇਸੇ ਕਰਕੇ ਲੋਕ ਬਹੁਤ ਦਿਲਚਸਪੀ ਨਾਲ ਸੁਣਦੇ ਸਨ। ਹਜ਼ਾਰਾਂ ਲੋਕਾਂ ਦੇ ਨਸ਼ੇ ਛਡਾ ਕੇ ਉਹਨਾਂ ਦੇ ਜੀਵਨ ਵਿਚ ਖੁਸ਼ਹਾਲੀ ਲਿਆਂਦੀ ਅਤੇ ਗੁਰਬਾਣੀ ਤੇ ਕੀਰਤਨ ਦੁਆਰਾ ਮਨ ਨੂੰ ਨਵਾਂ ਨਰੋਆ ਬਣਾ ਦਿਆ ਕਰਦੇ ਸਨ। ਦੀਵਾਨਾਂ ਦੇ ਆਖਰੀ ਦਿਨ ਸੈਂਕੜੇ ਪ੍ਰੇਮੀ ਅੰਮ੍ਰਿਤ ਛੱਕ ਲਿਆ ਕਰਦੇ ਸਨ।

ਸ਼ਾਨ ......................................।

*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਪੰਨਾ – 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਪੰਨਾ – 289*

*ਧਾਰਨਾ – ਇਹੈ ਮਨੋਰਥ ਮੇਰਾ ਪ੍ਰਭ ਜੀ,*
*ਇਹੈ ਮਨੋਰਥ ਮੇਰਾ –2, 4.*

*ਕ੍ਰਿਪਾ ਨਿਧਾਨ ਦਇਆਲ ਮੋਹਿ ਦੀਜੈ ਕਰਿ ਸੰਤਨ ਕਾ ਚੇਰਾ॥*
*ਪ੍ਰਾਤਹਕਾਲ ਲਾਗਉ ਜਨ ਚਰਨੀ ਨਿਸ ਬਾਸੁਰ ਦਰਸੁ ਪਾਵਉ॥*
*ਤਨੁ ਮਨੁ ਅਰਪਿ ਕਰਉ ਜਨ ਸੇਵਾ ਰਸਨਾ ਹਰਿ ਗੁਨ ਗਾਵਉ॥*
*ਸਾਸਿ ਸਾਸਿ ਸਿਮਰਉ ਪ੍ਰਭੁ ਅਪੁਨਾ ਸੰਤਸੰਗਿ ਨਿਤ ਰਹੀਐ॥*
*ਏਕੁ ਅਧਾਰੁ ਨਾਮੁ ਧਨੁ ਮੋਰਾ ਅਨਦੁ ਨਾਨਕ ਇਹੁ ਲਹੀਐ॥*
*ਪੰਨਾ – 533*

*ਧਾਰਨਾ – ਤੈਨੂੰ ਬਾਰ ਬਾਰ ਨਾ ਮਿਲਣੀ,*
*ਮਾਨਸ ਦੇਹੀ, ਮਾਨਸ ਦੇਹੀ –2, 2.*
*ਬਾਰ ਬਾਰ ਨਾ ਮਿਲਣੀ ਪਿਆਰੇ –2, 2.*
*ਤੈਨੂੰ ਬਾਰ ਬਾਰ ਨਾ ਮਿਲਣੀ,...... –2.*

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ॥*
*ਪੰਨਾ – 631*

ਸਾਧ ਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ।

ਆਪ ਆਪਣੇ ਨਗਰਾਂ ਤੋਂ ਦੂਰ ਦੂਰ ਤੋਂ ਗੁਰੂ ਦਰਬਾਰ ਦੇ ਵਿਚ ਪਹੁੰਚੇ ਹੋ। ਸਤਸੰਗ ਐਵੇਂ ਨਹੀਂ ਪ੍ਰਾਪਤ ਹੋਇਆ ਕਰਦਾ ਕਿ ਆਦਮੀ ਦੇ ਮਨ ਵਿਚ ਆ ਗਿਆ ਤੇ ਸਤਿਸੰਗ ਪ੍ਰਾਪਤ ਹੋ ਜਾਵੇ। ਇਸ ਤਰ੍ਹਾਂ ਨਾਲ ਕੋਈ ਵੀ ਪ੍ਰਾਪਤ ਨਹੀਂ ਕਰ ਸਕਿਆ ਕਰਦਾ। ਗੁਰੂ ਦੀ ਕਿਰਪਾ ਦੇ ਨਾਲ ਸਤਸੰਗ ਦੀ ਪ੍ਰਾਪਤੀ ਹੋਇਆ ਕਰਦੀ ਹੈ। ਜਿਵੇਂ ਪੁਤਾਂ ਧੀਆਂ ਦਾ ਦਾਨ ਮੰਗਦੇ ਹਾਂ, ਮੱਝਾਂ ਗਾਈਆਂ ਦਾ ਮੰਗਦੇ ਹਾਂ, ਸਿਹਤ ਦਾ ਮੰਗਦੇ ਹਾਂ; ਇਹ ਦਾਨ ਮੰਗਣਾ ਪੈਂਦਾ ਹੈ। ਇਹ ਦਾਨ ਪ੍ਰਮੇਸ਼ਰ ਪਾਸੋਂ ਮੰਗਣਾ ਪੈਂਦਾ ਹੈ।

*ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ ॥*
*ਨਾਨਕ ਦਾਸੁ ਇਹੈ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ॥*
*ਪੰਨਾ – 13*

ਸੰਤਾਂ ਦੇ ਦਰਸ਼ਨ, ਤੇ ਸਤਿਸੰਗ ਤਾਂ ਹੀ ਪ੍ਰਾਪਤ ਹੁੰਦਾ ਹੈ ਜੇਕਰ ਪ੍ਰਮੇਸ਼ਰ ਦਇਆਲ ਹੋ ਜਾਵੇ। ਜਿਸ ਦੇ ਉਤੇ ਪ੍ਰਮੇਸ਼ਰ ਪ੍ਰਸੰਨ ਹੋ ਜਾਵੇ ਉਸ ਨੂੰ ਸਤਸੰਗ ਪ੍ਰਾਪਤ ਹੋਇਆ ਕਰਦਾ ਹੈ। ਇਸ ਸ਼ਬਦ ਦੇ ਅੰਦਰ ਵੀ ਆਪਾਂ ਨੇ ਦਾਨ ਮੰਗਿਆ ਹੈ, ਮਨੋਰਥ ਦੱਸਿਆ ਹੈ ਕਿ ਹੇ ਪਾਤਸ਼ਾਹ! ਮੇਰਾ ਮਨੋਰਥ ਇਹੋ ਹੀ ਹੈ ਕਿ ਜੇ ਤੁਸੀਂ ਕਰ ਸਕਦੇ ਹੋ, ਤਾਂ ਤੁਸੀਂ ਕਿਰਪਾ ਦੇ ਖਜਾਨੇ, ਹੱਦ ਤੋਂ ਜਿਆਦਾ ਦਇਆਲੂ, ਮੈਨੂੰ ਸੰਤ ਦਾ ਸੇਵਕ ਬਣਾ ਦਿਓ, ਮੈਨੂੰ ਗੁਰੂ ਦਾ ਸਿਖ ਬਣਾ ਦਿਉ। ਇਹ ਇਕ ਦਾਨ ਹੋਇਆ ਕਰਦੈ ਕਿਉਂਕਿ ਕਰੋੜਾਂ ਜਨਮ ਸਾਨੂੰ ਭਟਕਦਿਆਂ ਨੂੰ ਲੰਘ ਗਏ ਹਨ, ਜੇਕਰ ਗੁਰੂ ਦੇ ਚਰਨੀ ਨਾ ਪਏ ਤਾਂ ਕਰੋੜਾਂ ਹੀ ਹੋਰ ਲੰਘ ਜਾਣਗੇ। ਇਸ ਕਰਕੇ ਅਰਦਾਸ ਕੀਤੀ ਜਾਂਦੀ ਹੈ। ਬਾਕੀ ਚੀਜ਼ਾਂ ਤਾਂ ਮਿਲ ਹੀ ਜਾਣੀਆਂ ਹਨ ਜੋ ਹਰ ਬੰਦੇ ਦੀ ਕਿਸਮਤ ਵਿਚ ਦਰਗਾਹ ਤੋਂ ਲਿਖੀਆਂ ਹੋਈਆਂ ਹਨ। ਜਦੋਂ ਆਦਮੀ ਸੰਸਾਰ ਤੇ ਆਉਂਦਾ ਹੈ ਉਸ ਦੇ ਮੱਥੇ ਉਤੇ ਤਿੰਨ ਲੇਖ ਵੱਡੇ ਲਿਖੇ ਜਾਂਦੇ ਹਨ। ਪਹਿਲਾ ਤਾਂ ਇਹ ਲਿਖਿਆ ਜਾਂਦੈ ਕਿ ਇਹ ਜਿਹੜਾ ਜੀਵ ਅਸੀਂ ਭੇਜ ਰਹੇ ਹਾਂ ਇਹ ਕਿਸ ਤਾਰੀਖ ਨੂੰ ਸਰੀਰ ਧਾਰੇਗਾ ਤੇ ਕਿਸ ਤਾਰੀਖ ਨੂੰ ਇਹ ਵਾਪਸ ਆਏਗਾ। ਕਿਸ ਥਾਂ ਦੇ ਉਤੇ, ਕਿਸ ਸਮੇਂ, ਕਿਸ ਕਾਰਨ ਦੇ ਨਾਲ ਇਹਦੇ ਸਰੀਰ ਦਾ ਅੰਤ ਹੋਵੇਗਾ। ਇਹ ਇਕ ਲੇਖ ਲਿਖ ਦਿਤਾ ਜਾਂਦਾ ਹੈ। ਉਹਦੇ ਮੁਤਾਬਕ ਹੀ ਇਹ ਵਾਪਰਿਆ ਕਰਦਾ ਹੈ। ਆਉਣਾ ਜਾਣਾ ਪ੍ਰਮੇਸ਼ਰ ਨੇ ਆਪਣੇ ਹੱਥ ਵਿਚ ਰੱਖਿਆ ਹੋਇਆ ਹੈ। ਦੂਸਰਾ ਇਹ ਲਿਖਿਆ ਜਾਂਦੈ ਕਿ ਜਿੰਨੀ ਦੇਰ ਇਸ ਨੇ ਸੰਸਾਰ ਤੇ ਰਹਿਣੈ, ਇਸ ਨੂੰ ਤਿੰਨ ਚੀਜ਼ਾਂ ਦੀ ਲੋੜ ਪੈਣੀ ਹੈ, ਇਕ ਕੁੱਲੀ ਦੀ, ਇਕ ਜੁੱਲੀ ਦੀ ਤੇ ਇਕ ਗੁੱਲੀ ਦੀ। ਕੁਲੀ ਰਹਿਣ ਵਾਸਤੇ ਥਾਂ ਮਕਾਨ ਆਦਿ ਨੂੰ ਕਹਿੰਦੇ ਹਨ, ਭਾਵੇਂ ਵੱਡਾ ਹੋਵੇ ਜਾਂ ਛੋਟਾ, ਇਹ ਤਾਂ ਇਕ ਵਹਿਮ ਹੀ ਹੈ ਸਾਧ ਸੰਗਤ ਜੀ! ਮੈਂ ਤਾਂ ਸਭ ਕੁਝ ਦੇਖਿਆ

ਹੋਇਐ। ਵੱਡੀਆਂ ਵੱਡੀਆਂ ਕੋਠੀਆਂ ਹੋ ਜਾਣ, ਬਹੁਤ ਵੱਡੇ ਵੱਡੇ ਫਾਰਮ ਹੋ ਜਾਣ, ਵੱਡੇ ਵੱਡੇ ਕਾਰਖਾਨੇ ਲੱਗ ਜਾਣ, ਕੋਈ ਵੀ ਫਰਕ ਨਹੀਂ ਪਿਆ ਕਰਦਾ, ਕੇਵਲ ਦੇਖਣ ਵਾਲਿਆਂ ਨੂੰ ਫਰਕ ਪਿਆ ਕਰਦਾ ਹੈ ਕਿ ਇਸ ਦੇ ਕੋਲ ਬੜਾ ਧਨ ਹੈ। ਪਰ ਉਸ ਨੂੰ ਕੋਈ ਫਰਕ ਨਹੀਂ ਹੁੰਦਾ, ਉਹ ਤਾਂ ਸਗੋਂ ਔਖਾ ਹੁੰਦੈ ਕਿਉਂਕਿ ਜਦੋਂ ਧਨ ਕਮਾਉਣ ਦੇ ਚਕਰਾਂ ਵਿਚ ਪਵਾਂਗੇ ਤਾਂ ਕਲਪਣਾ ਤੇ ਚਿੰਤਾ ਆਪਣੇ ਆਪ ਹੀ ਆ ਕੇ ਚੰਬੜ ਜਾਣਗੀਆਂ। ਇਕ ਆਦਮੀ ਛੋਟੇ ਜਿਹੇ ਘਰ ਵਿਚ ਰਹਿੰਦੈ, ਐਵੇਂ ਮਾਮੂਲੀ ਸ਼ਤੀਰ ਪਾ ਕੇ ਕੜੀਆਂ ਪਾਈਆਂ ਹੋਈਆਂ ਹਨ, ਉਸ ਦਾ ਜੇ ਮਨ ਠੀਕ ਹੈ ਤੇ ਸੰਤੁਸ਼ਟ ਹੈ ਤਾਂ ਸੁਖ ਦੇ ਹਿਸਾਬ ਨਾਲ ਜਿਆਦਾ ਸੁਖੀ ਹੈ ਅਤੇ ਕੋਠੀ ਵਾਲਾ ਦੁਖੀ ਹੈ ਕਿਉਂਕਿ ਕੋਠੀ ਵਾਲੇ ਦੇ ਟੈਲੀਫੋਨ ਲੱਗਿਐ, ਡਾਕਟਰ ਨੂੰ ਟੈਲੀਫੋਨ ਕਰਦੈ ਕਿ ਮੇਰਾ ਸਿਰ ਦੁਖ ਰਿਹੈ, ਮੈਨੂੰ ਬਲੱਡ ਪਰੈਸ਼ਰ ਹੋ ਗਿਆ, ਮੈਨੂੰ ਆ ਕੇ ਦੇਖੋ ਕੀ ਹੋ ਗਿਆ। ਡਾਕਟਰ ਦੌੜੇ ਫਿਰਦੇ ਹਨ ਕਿਉਂਕਿ ਚਿੰਤਾ ਲੱਗੀ ਹੋਈ ਹੈ। ਕਿਤੇ ਇਨਕਮ ਟੈਕਸ ਦਾ ਕਾਗਜ਼ ਆ ਰਿਹੈ, ਕਿਸੇ ਪਾਸਿਓਂ ਕੁਝ ਆ ਰਿਹੈ, ਕਿਸੇ ਪਾਸਿਓਂ ਕੁਝ ਆ ਰਿਹੈ। ਕਾਰ ਦੇ ਵਿਚ ਬੈਠਾ ਛੇਤੀ ਦੇ ਕੇ ਲੰਘਦਾ ਬਹੁਤ ਸੋਹਣਾ ਲਗਦੈ ਕਿ ਬੜਾ ਅਮੀਰ ਹੈ ਅਤੇ ਬੜਾ ਸੁਖੀ ਹੈ। ਲੇਕਿਨ ਜੇ ਉਸ ਦੇ ਅੰਦਰ ਜਾ ਕੇ ਦੇਖਿਆ ਜਾਵੇ ਤਾਂ ਉਹਦੇ ਵਰਗਾ ਦੁਖੀ ਕੋਈ ਸ਼ਾਇਦ ਹੀ ਹੁੰਦਾ ਹੋਵੇ। ਮਹਾਰਾਜ ਜੀ ਕਹਿੰਦੇ ਹਨ ਕਿ ਸੁਖ ਤਾਂ ਕੇਵਲ ਨਾਮ ਦੇ ਵਿਚ ਹੈ। ਜਿਸ ਦੀ ਬਿਰਤੀ ਨਾਮ ਦੇ ਨਾਲ ਲੱਗ ਗਈ ਉਹ ਸੁਖੀ, ਜਿਸ ਦੀ ਬਿਰਤੀ ਨਾਮ ਨਾਲ ਨਹੀਂ ਲੱਗੀ, ਮਾਇਆ ਨਾਲ ਲੱਗੀ ਹੋਈ ਹੈ ਉਹ ਦੁਖੀ ਹੋਇਆ ਕਰਦੈ ਕਿਉਂਕਿ ਮਾਇਆ ਦੇ ਵਿਚ ਦੋਸ਼ ਹੋਇਆ ਕਰਦਾ ਹੈ। ਪਹਿਲਾਂ ਤਾਂ ਅਤ੍ਰਿਪਤੀ ਹੋਇਆ ਕਰਦੀ ਹੈ। ਅਤ੍ਰਿਪਤੀ ਤੋਂ ਭਾਵ ਹੈ ਕਿ ਇਹ ਰੱਜਿਆ ਨਹੀਂ ਕਰਦਾ। ਆਦਮੀ ਲੱਖ ਜੋੜ ਲਵੇ, ਕਹਿੰਦੈ ਇਹ ਤਾਂ ਥੋੜ੍ਹਾ ਹੀ ਹੈ, ਦੱਸ ਲੱਖ ਚਾਹੀਦੈ। ਦੱਸ ਲੱਖ ਵੀ ਹੋ ਜਾਂਦੈ, ਕਹਿੰਦੈ ਇਹ ਤਾਂ ਕੁਝ ਵੀ ਨਹੀਂ ਹੈ, ਮੇਰੇ ਕੋਲ ਤਾਂ ਪੰਜਾਹ ਲੱਖ ਚਾਹੀਦੈ। ਪੰਜਾਹ ਲੱਖ ਵੀ ਪ੍ਰਮੇਸ਼ਰ ਦੇ ਦਿੰਦੈ ਪਰ ਫੇਰ ਵੀ ਟੀਕੇ ਲਵਾਉਂਦਾ ਰਹਿੰਦੈ, ਚਿੰਤਾ ਲੱਗੀ ਰਹਿੰਦੀ ਹੈ, ਸੋਚਦੈ ਕਿ ਅਜੇ ਮੇਰੇ ਕੋਲ ਕਰੋੜ ਰੁਪਿਆ ਨਹੀਂ ਹੈ। ਮੈਂ ਤਾਂ ਛੋਟਾ ਜਿਹਾ ਹਾਂ, ਮੇਰੇ ਨਾਲੋਂ ਤਾਂ ਵੱਡੇ ਵੱਡੇ ਹੋਰ ਹੈਗੇ ਨੇ। ਇਸ ਨੂੰ ਅਤ੍ਰਿਪਤੀ ਕਹਿੰਦੇ ਹਨ, ਰੱਜ ਨਹੀਂ ਆਇਆ ਕਰਦਾ। ਰੱਜ ਉਸ ਵੇਲੇ ਆਉਂਦਾ ਹੈ ਜਦੋਂ ਇਹ "ਯਥਾ ਲਾਭ ਸੰਤੁਸ਼ਟੇ" ਦੇ ਕਥਨ ਤੇ ਅਮਲ ਕਰੇ। ਮਿਹਨਤ ਕਰੋ ਜੀਅ ਭਰ ਕੇ, ਜਿਹੜਾ ਕੁਛ ਆ ਗਿਆ, ਜੋ ਕੁਛ ਹਾਸਲ ਹੋ ਗਿਆ ਉਸ ਦੇ ਉਤੇ ਸੰਤੁਸ਼ਟ ਹੋ ਜਾਵੇ, ਉਹਦੇ ਨਾਲ ਸਮਝੌਤਾ ਕਰ ਲੈਣਾ ਕਿ ਮੈਂ ਤਾਂ ਬਹੁਤ ਮਿਹਨਤ ਕੀਤੀ ਹੈ, ਖਾਦ ਮੈਂ ਪਾਇਐ, ਪਾਣੀ ਮੈਂ ਦਿਤੈ, ਗੁਡਾਈ ਮੈਂ ਸਮੇਂ ਸਿਰ ਕਰਵਾਉਂਦਾ ਰਿਹਾ ਹਾਂ, ਸਮੇਂ ਸਿਰ ਫਸਲ ਬੀਜੀ ਹੈ, ਸਮੇਂ ਸਿਰ ਪਾਣੀ ਦਿੰਦਾ ਰਿਹਾ ਹਾਂ, ਕੋਈ ਨੁਕਸ ਨਹੀਂ ਪੈਣ ਦਿਤਾ। ਸਾਰੇ ਖਾਦ ਮੈਂ ਦੇਖ ਕੇ ਪਵਾਏ ਹਨ ਕਿ ਸੁਪਰ ਫਾਸਫੇਟ ਕਿੰਨਾ ਪਾਉਣੈ, ਜਿੰਕ ਕਿੰਨਾ ਪਾਉਣੈ, ਨਾਈਟਰੋਜਨ ਕਿੰਨੀ ਪਾਉਣੀ ਹੈ, ਪੋਟਾਸ਼ ਕਿੰਨੀ ਪਾਉਣੀ ਹੈ। ਮੇਰੇ ਵਲੋਂ ਕੋਈ ਗਲਤੀ ਨਹੀਂ ਹੋਈ। ਹੁਣ ਜੇ ਠੰਢੀ ਹਵਾ ਚਲ ਗਈ, ਕਈ ਦਿਨ ਸੂਰਜ ਨਹੀਂ ਨਿਕਲਿਆ, ਇਹ ਤਾਂ ਹੁਣ ਮੇਰੀ ਗਲਤੀ ਨਹੀਂ ਹੈ। ਸੋ ਜੋ ਕੁਝ ਵੀ ਹਾਸਲ ਹੋ ਗਿਆ, ਉਹਦੇ ਨਾਲ ਸਮਝੌਤਾ ਕਰ ਲੈਣਾ ਇਸ ਨੂੰ 'ਯਥਾ ਲਾਭ ਸੰਤੁਸ਼ਟੇ' ਕਹਿੰਦੇ ਹਨ। ਜਿਹੜੇ ਆਦਮੀ ਦਾ ਮਨ ਸਮਝੌਤਾ ਕਰ ਲਵੇ, ਉਹ ਸਹੀ ਹੋਇਆ ਕਰਦਾ ਹੈ। ਜੇ ਸਮਝੌਤਾ ਨਾ ਕਰ ਸਕੇ, ਉਹਦੇ ਕੋਲ ਭਾਵੇਂ ਕਰੋੜ ਰੁਪਿਆ ਹੋਵੇ ਉਹ ਦੁਖੀ ਹੋਇਆ ਕਰਦਾ ਹੈ।

ਸੋ ਸੁਖ ਤੇ ਦੁਖ ਜਿਹੜੇ ਹਨ, ਉਹ ਆਦਮੀ ਦੇ ਆਪਣੇ ਪਸਾਰੇ ਦੇ ਵਿਚ ਹਨ। ਆਦਮੀ ਨੂੰ ਗੁਜ਼ਾਰਾ ਕਰਨ ਵਾਸਤੇ ਰੋਟੀ ਚਾਹੀਦੀ ਹੈ। ਕਈਆਂ ਨੂੰ ਰੋਟੀ ਬਹੁਤ ਜ਼ਿਆਦਾ ਮਿਲਦੀ ਹੈ, ਘਿਓ ਮਿਲਦਾ ਹੈ, ਬੜੇ ਪਦਾਰਥ ਮਿਲਦੇ ਹਨ, ਉਹ ਰੋਗੀ ਹੋ ਜਾਇਆ ਕਰਦੇ ਹਨ।

ਕਈ ਰੁਖੀਆਂ ਰੋਟੀਆਂ ਖਾਂਦੇ ਨੇ, ਉਹਨਾਂ ਦੇ ਅੰਦਰ ਇਹੋ ਜਿਹਾ ਸਿਸਟਮ ਹੁੰਦੈ ਕਿ ਰੁਖੀਆਂ ਰੋਟੀਆਂ ਖ਼ੂਨ ਬਣਾਈ ਜਾਂਦੀਆਂ ਹਨ। ਉਹ ਨਾ ਹੀ ਡਾਕਟਰ ਦੇ ਜਾਂਦੇ ਹਨ ਤੇ ਨਾ ਹੀ ਬਿਮਾਰ ਹੁੰਦੇ ਹਨ। ਇਹ ਵੀ ਸਵਾਲ ਗਲਤ ਹੈ ਕਿ ਇਹ ਦਸ ਕੌਲੀਆਂ ਲਾ ਕੇ ਖਾਂਦੈ, ਬੜਾ ਕੁਝ ਹੋਰ ਹੁੰਦਾ ਹੈ, ਬੇਅੰਤ ਕਿਸਮ ਦੇ ਆਚਾਰ ਹਨ, ਇਹ ਸਭ ਫਜ਼ੂਲ ਗੱਲਾਂ ਹਨ। ਆਦਮੀ ਨੂੰ ਬਿਲਕੁਲ ਸਾਦਾ ਭੋਜਨ ਖਾਣਾ ਚਾਹੀਦਾ ਹੈ; ਜਿਹੋ ਜਿਹਾ ਕੁਦਰਤ ਨੇ ਪੈਦਾ ਕੀਤਾ ਹੈ ਉਹੋ ਜਿਹਾ ਸਾਦਾ ਖਾਵੇ, ਉਹਦੇ ਵਿਚ ਸਿਹਤ ਠੀਕ ਰਿਹਾ ਕਰਦੀ ਹੈ।

ਸੋ ਪਹਿਲੀ ਕੁੱਲੀ ਹੁੰਦੀ ਹੈ। ਪ੍ਰਮੇਸ਼ਰ ਰਹਿਣ ਵਾਸਤੇ ਸਭ ਨੂੰ ਦਿੰਦਾ ਹੈ। ਦੂਜੀ ਗੁੱਲੀ ਹੁੰਦੀ ਹੈ – ਪ੍ਰਮੇਸ਼ਰ ਖਾਣ ਵਾਸਤੇ ਰੋਟੀ ਸਭ ਨੂੰ ਦਿੰਦੈ ਅਤੇ ਤੀਜੀ ਜੁੱਲੀ ਹੁੰਦੀ ਹੈ, ਪਹਿਨਣ ਵਾਸਤੇ ਕੱਪੜੇ ਪ੍ਰਮੇਸ਼ਰ ਸਭ ਨੂੰ ਦਿੰਦਾ ਹੈ। ਭਾਵੇਂ 500 ਰੁਪਏ ਮੀਟਰ ਦਾ ਪਾਇਆ ਹੋਇਐ, ਸਾਦਾ ਸਸਤਾ ਖਦਰ ਪਾਇਆ ਹੋਇਐ ਪਰ ਦੋਨਾਂ ਨੇ ਤਨ ਢਕਿਆ ਹੋਇਆ ਹੈ। ਇਹ ਤਿੰਨ ਚੀਜ਼ਾਂ ਪ੍ਰਮੇਸ਼ਰ ਲਿਖਿਆ ਕਰਦੈ, ਕੁੱਲੀ, ਜੁੱਲੀ ਤੇ ਗੁੱਲੀ।

ਆਦਮੀ ਦੇ ਮਨ ਦੇ ਅੰਦਰ ਇਥੇ ਆ ਕੇ ਸ਼ੰਕਾ ਪੈਦਾ ਹੁੰਦਾ ਹੈ। ਇਹਦੇ ਮਨ ਦੇ ਅੰਦਰ ਸ਼ੰਕਾ ਪੈਂਦਾ ਹੈ ਕਿ ਰਿਜ਼ਕ ਦਾ ਪ੍ਰਬੰਧ ਤਾਂ ਕਰਨਾ ਪੈਣਾ ਹੈ ਪਰ ਮਹਾਰਾਜ ਕਹਿੰਦੇ ਹਨ ਕਿ ਤੂੰ ਸ਼ੱਕ ਨਾ ਕਰ, ਇਹ ਪ੍ਰਮੇਸ਼ਰ ਦੀ ਜੁੰਮੇਵਾਰੀ ਹੈ ਤੈਨੂੰ ਪ੍ਰਸਾਦ ਦੇਣਾ, ਤੈਨੂੰ ਭੁਖਾ ਨਹੀਂ ਮਾਰੇਗਾ।

***ਕਾਹੇ ਰੇ ਮਨ ਚਿਤਵਹਿ ਉਦਮੁ***
***ਜਾ ਆਹਰਿ ਹਰਿ ਜੀਉ ਪਰਿਆ॥***
***ਸੈਲ ਪਥਰ ਮਹਿ ਜੰਤ ਉਪਾਏ***
***ਤਾ ਕਾ ਰਿਜਕੁ ਆਗੈ ਕਰਿ ਧਰਿਆ॥*** ***ਪੰਨਾ – 6***

ਰਿਜਕ ਉਨ੍ਹਾਂ ਦੇ ਅੱਗੇ ਕਰਕੇ ਧਰਦੈ। ਜਿਵੇਂ ਸਮੁੰਦਰ ਵਿਚ ਕੋਈ ਦੁਕਾਨ ਨਹੀਂ ਹੈ, ਕੋਈ ਸੌਦਾ ਨਹੀਂ ਮਿਲਦਾ, ਉਥੇ ਖੁਰਾਕ ਐਸੀ ਬਣਾ ਦਿਤੀ ਕਿ ਜੀਵ ਇਕ ਦੂਜੇ ਨੂੰ ਖਾਈ ਜਾਂਦੇ ਹਨ ਤੇ ਰੱਜੀ ਜਾਂਦੇ ਹਨ। ਬਾਹਰਲੇ ਪਾਸੇ ਕਿਸਾਨ ਖੇਤੀ ਕਰਦਾ ਹੈ। ਚਿੜੀਆਂ ਨੇ ਕਦੇ ਹੱਲ ਨਹੀਂ ਵਾਹਿਆ, ਨਾ ਹੀ ਕਬੂਤਰਾਂ ਨੇ ਹਲ ਵਾਹਿਆ, ਨਾ ਹੀ

ਘੁਗੀਆਂ ਤੇ ਗੁਟਾਰਾਂ ਨੇ, ਨਾ ਹੀ ਕਾਵਾਂ ਨੇ ਤੇ ਨਾ ਹੀ ਇਨ੍ਹਾਂ ਦਾ ਕੋਈ ਸਟੋਰ ਹੈ। ਅੱਜ ਖਾ ਲਿਆ, ਕੱਲ੍ਹ ਦਾ ਪਤਾ ਨਹੀਂ ਪਰ ਇਹਨਾਂ ਨੂੰ ਪੂਰਾ ਭਰੋਸਾ ਹੈ। ਫਰੀਦ ਸਾਹਿਬ ਇਸੇ ਦ੍ਰਿਸ਼ ਨੂੰ ਜੰਗਲ ਵਿਚ ਬੈਠੇ ਦੇਖ ਰਹੇ ਹਨ ਤੇ ਉਹਨਾਂ ਪੰਛੀਆਂ ਦੇ ਬਲਿਹਾਰ ਜਾਂਦੇ ਹਨ ਕਿ ਇਹਨਾਂ ਨੂੰ ਹਰ ਰੋਜ਼ ਚੁਗਣ ਵਾਸਤੇ ਮਿਲਦਾ ਹੈ ਤੇ ਇਹ ਕੋਈ ਸਟੋਰ ਨਹੀਂ ਬਣਾਉਂਦੇ, ਕੁਝ ਜਮ੍ਹਾਂ ਨਹੀਂ ਕਰਦੇ। ਬਲਿਹਾਰ ਜਾਂਦੇ ਹਨ ਇਹਨਾਂ ਪੰਛੀਆਂ ਤੋਂ, ਇਸ ਤਰ੍ਹਾਂ ਪੜ੍ਹ ਲਵੋ।

***ਧਾਰਨਾ – ਕੰਕਰ ਚੁਗਦੇ ਥਲਾਂ ਦੇ ਵਿਚ ਵਸਦੇ,***
***ਰੱਬ ਦੀ ਨਾ ਆਸ ਛੱਡਦੇ ਪੰਛੀ, ਕੰਕਰ ਚੁਗਦੇ –2, 4.***

***ਫਰੀਦਾ ਹਉ ਬਲਿਹਾਰੀ ਤਿਨ੍ ਪੰਖੀਆ ਜੰਗਲਿ ਜਿੰਨ੍ਾ ਵਾਸੁ॥***
***ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ ਪਾਸੁ॥***
***ਪੰਨਾ – 1383***

ਪੰਛੀਆਂ ਦਾ ਕੋਈ ਸਟੋਰ ਨਹੀਂ, ਨਾ ਹੀ ਕੋਈ ਉਨ੍ਹਾਂ ਦਾ ਇਤਜ਼ਾਮ ਹੈ ਕਿ ਅਸੀਂ ਕੱਲ ਵਾਸਤੇ ਦਾਣੇ ਬਚਾ ਕੇ ਰੱਖ ਲਈਏ। ਪ੍ਰਮੇਸ਼ਰ ਨੇ ਸਭ ਦੀ ਪਾਲਨਾ ਕੀਤੀ ਹੈ। ਇਹ ਗਰੀਬ ਅਮੀਰ ਕਿਉਂ ਹੋ ਗਏ? ਕੋਈ ਘਟ ਗਿਆ ਕੋਈ ਵਧ ਗਿਆ। ਇਹਦੇ ਵਿਚ ਆਦਮੀ ਦੇ ਪਾਪ ਸ਼ਾਮਲ ਹਨ। ਆਦਮੀ ਪਾਪ ਕਰਦੈ, ਪਾਪ ਕਰਨ ਦੇ ਬੜੇ ਤਰੀਕੇ ਹਨ। ਸਿਰ ਦੇ ਉਤੇ ਸਰਕਾਰ ਹੈ, ਤੁਹਾਡਾ ਭਾਅ ਦਸ ਰੁਪਏ ਘਟਾ ਦਿਤਾ। ਤੁਹਾਡੇ ਕੋਲ ਕਈ ਕਰੋੜ ਕੁਇੰਟਲ ਕਣਕ ਹੁੰਦੀ ਹੈ, ਪੰਜਾਬ ਦੀ ਦਸ ਕਰੋੜ ਕੁਇੰਟਲ ਕਣਕ ਹੁੰਦੀ ਹੈ। ਜੇ ਦਸ ਰੁਪਏ ਘਟਾ ਦਿਤੇ ਤਾਂ ਇਕ ਅਰਬ ਰੁਪਿਆ ਆਰਾਮ ਨਾਲ ਤੁਹਾਡੀ ਜੇਬ ਵਿਚੋਂ ਨਿਕਲ ਗਿਆ। ਜਾਣ ਬੁਝ ਕੇ ਭਾਅ ਘਟਾ ਦਿੰਦੇ ਹਨ। ਜਿੰਨੀ ਮਿਹਨਤ ਕੀਤੀ ਹੁੰਦੀ ਹੈ ਉਨ੍ਹਾਂ ਦੀ ਉਪਜ ਦਾ ਪੂਰਾ ਮੁਲ ਨਹੀਂ ਦਿੰਦੇ। ਇਥੇ ਆ ਕੇ ਆਦਮੀ ਅੜਿਕਾ ਡਾਹੁੰਦੈ ਤੇ ਆਦਮੀ ਪਾਪ ਕਰਦੈ। ਇਸੇ ਤਰ੍ਹਾਂ ਜਮ੍ਹਾ ਕਰ ਲੈਂਦੇ ਹਨ ਜਿਸ ਨੂੰ hoarding ਕਹਿੰਦੇ ਹਨ। ਧਨ ਦੇ ਜੋਰ ਨਾਲ ਸੀਮਿੰਟ ਖਰੀਦ ਲਿਆ। ਮਕਾਨ ਬਨਾਉਣ ਲਈ ਹਰ ਇਕ ਨੂੰ ਸੀਮਿੰਟ ਜਰੂਰ ਚਾਹੀਦਾ ਹੈ ਭਾਵੇਂ ਕਿਸੇ ਕੀਮਤ ਤੇ ਮਿਲ ਜਾਵੇ। ਜੇ 60 ਰੁਪਏ ਦਾ ਥੈਲਾ ਹੈ ਤਾਂ 100 ਰੁਪਏ ਨੂੰ ਮਿਲਦੈ ਤੇ ਹੋਰਡਿੰਗ ਕਰਨ ਵਾਲਾ ਇਕ ਥੈਲੇ ਪਿਛੇ 40 ਰੁਪਏ ਖਾ ਗਿਆ। ਇਸ ਤਰ੍ਹਾਂ ਦੇ ਨਾਲ ਜਦੋਂ ਆਦਮੀ ਐਸੀਆਂ ਹਰਕਤਾਂ ਕਰਦੈ, ਨਜਾਇਜ਼ ਤਰੀਕੇ ਨਾਲ ਧਨ ਕਮਾਉਂਦੈ ਤਾਂ ਇਨ੍ਹਾਂ ਚੀਜ਼ਾਂ ਨੂੰ ਪਾਪ ਆਖਿਆ ਜਾਂਦਾ ਹੈ। ਇਸ ਤਰ੍ਹਾਂ ਨਾਲ ਆਦਮੀ ਪਾਪ ਬੀਜਦਾ ਹੈ। ਪ੍ਰਮੇਸ਼ਰ ਦੀ ਜੋ ਵੰਡ ਸਾਰਿਆਂ ਵਾਸਤੇ ਬਣੀ ਸੀ, ਇਸ ਨੇ ਉਸ ਵੰਡ ਨੂੰ ਖਰਾਬ ਕਰ ਦਿਤਾ। ਵਾਹਿਗੁਰੂ ਦਾ ਤਾਂ ਇਸ ਤਰ੍ਹਾਂ ਸੀ ਕਿ ਸਾਰੀ ਸ੍ਰਿਸ਼ਟੀ ਤੇ ਇਕੋ ਹੀ ਰਾਜ ਹੁੰਦਾ, ਕੋਈ ਫੌਜ ਨਾ ਹੁੰਦੀ, ਕੋਈ ਪੁਲੀਸ ਨਾ ਹੁੰਦੀ; ਐਵੇਂ ਜਨਤਾ ਤੇ ਬੋਝ ਪਾਇਆ ਹੋਇਆ ਹੈ। ਕੋਈ ਗੋਹਝ ਨਾ ਹੁੰਦੀ ਤੇ ਨਾ ਹੀ ਕੋਈ ਖੋਹ ਖਿਚ ਹੁੰਦੀ। ਪ੍ਰਸ਼ਾਦ ਪਾਣੀ ਪ੍ਰਮੇਸ਼ਰ ਨੇ ਸਭ ਨੂੰ ਦਿਤਾ ਹੋਇਆ ਸੀ, ਸਾਰੇ ਕਿਰਤ ਕਰਦੇ, ਨਾਮ ਜਪਦੇ ਅਤੇ ਵੰਡ ਕੇ ਛਕੀ ਜਾਂਦੇ। ਇਸ ਤਰ੍ਹਾਂ ਨਾਲ ਕਿਸੇ ਕਿਸਮ ਦਾ ਕੋਈ ਝਗੜਾ ਝਾਟਾ ਨਹੀਂ ਸੀ ਹੋਣਾ। ਲੇਕਿਨ ਮਨੁਖ ਨੇ ਇਸ ਗੱਲ ਨੂੰ ਸਮਝਿਆ ਨਹੀਂ ਕਿਉਂਕਿ ਇਹਦੇ ਵਿਚ ਦੋ ਬੀਮਾਰੀਆਂ ਪੈ ਗਈਆਂ – ਇਕ ਨੂੰ ਹੰਗਤਾ ਕਹਿੰਦੇ ਹਨ ਤੇ ਦੂਜੀ ਨੂੰ ਮਮਤਾ ਕਹਿੰਦੇ ਹਨ।

ਹੰਗਤਾ ਤਾਂ ਇਸ ਤਰ੍ਹਾਂ ਨਾਲ ਬਣਦੀ ਹੈ ਕਿ 'ਮੈਂ' ਹੈਗਾ ਪਰ 'ਤੂੰ' ਇਹ ਹੈਗਾ ਸੀ ਪ੍ਰਮੇਸ਼ਰ ਦੀ ਜੋਤ। ਇਹ 'ਮੈਂ' ਨਹੀਂ ਸਗੋਂ ਇਹ ਵਾਹਿਗੁਰੂ ਦੀ ਅੰਸ ਸੀ। ਇਹਦੇ ਉਤੇ ਭੁਲ ਪੈ ਗਈ, ਪੜਦਾ ਪੈ ਗਿਆ, ਪੜਦਾ ਪੈਣ ਦੇ ਨਾਲ ਇਵੇਂ ਹੋਇਆ ਜਿਵੇਂ ਆਦਮੀ ਸੁਪਨੇ ਵਿਚ ਭੁਲ ਜਾਇਆ ਕਰਦਾ ਹੈ ਕਿ ਮੈਂ ਕੌਣ ਹਾਂ। ਪ੍ਰਮੇਸ਼ਰ ਦੀ ਅੰਸ ਹੁੰਦਾ ਹੋਇਆ ਵੀ ਦੁਖੀ ਹੁੰਦਾ ਰਹਿੰਦਾ ਹੈ। ਜਦੋਂ 'ਮੈਂ' ਬਣ ਗਈ ਫੇਰ 'ਮੇਰੀ' ਵੀ ਨਾਲ ਹੀ ਆ ਗਈ – ਮੇਰੇ ਕੱਪੜੇ, ਮੇਰਾ ਘਰ, ਮੇਰੀ ਜਾਇਦਾਦ, ਮੇਰੀ ਇੱਜ਼ਤ, ਸਾਰਾ ਕੁਛ 'ਮੇਰਾ' ਆ ਗਿਆ। ਉਹਦੇ ਨਾਲ ਮੇਰਾ ਆ ਗਿਆ, ਫੇਰ ਮੇਰੇ ਨੂੰ ਤਕੜਾ ਕਰਨ ਵਾਸਤੇ ਇਸ ਨੇ ਹੱਥ ਪੈਰ ਮਾਰਨੇ ਸ਼ੁਰੂ ਕਰ ਦਿਤੇ। ਗਰੀਬ ਤੋਂ ਖੋਹ ਲਈ, ਤਕੜੇ ਤੋਂ ਆਪ ਲੁਟਿਆ ਗਿਆ। ਇਸ ਤਰ੍ਹਾਂ ਨਾਲ ਇਸ ਨੇ ਪਾਪ ਕਰਨੇ ਸ਼ੁਰੂ ਕਰ ਦਿੱਤੇ। ਇਹ ਵਾਹਿਗੁਰੂ ਦੀ ਦਿਤੀ ਹੋਈ ਜਿੰਦਗੀ ਬੇਸੁਆਦੀ ਕਰ ਦਿਤੀ। ਇਹ ਸੰਸਾਰ ਵੀ ਵਾਹਿਗੁਰੂ ਦਾ ਸੀ।

***ਇਹੁ ਜਗੁ ਸਚੇ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥***
***ਪੰਨਾ – 463***

ਵਾਸਾ ਇਸ ਵਿਚ ਵਾਹਿਗੁਰੂ ਦਾ ਸੀ। ਪਰ ਇਹ ਆਪ ਹੀ ਪ੍ਰਮੇਸ਼ਰ ਦੀ ਵੰਡ ਨੂੰ ਆਪਣੇ ਜੋਰ ਨਾਲ ਗਲਤ ਫਲਤ ਕਰਕੇ ਆਪੇ ਹੀ ਦੁਖੀ ਹੋ ਗਿਆ। ਹੁਣ ਇਲਾਜ ਕੋਈ ਨਹੀਂ ਹੈ। ਇਸਦਾ ਇਲਾਜ ਇਕੋ ਹੀ ਹੈ ਕਿ ਜੇ ਇਸ ਨੂੰ ਬ੍ਰਹਮਗਿਆਨ ਹੋ ਜਾਵੇ ਤਾਂ ਸਾਰੀ ਸ੍ਰਿਸ਼ਟੀ ਇਕੋ ਹੀ ਨਜ਼ਰ ਆਉਣ ਲੱਗ ਪਿਆ ਕਰਦੀ ਹੈ। ਜੇਕਰ ਸਾਰੇ ਹੀ ਇਸ ਗੱਲ ਨੂੰ ਅਪਣਾਅ ਲੈਣ ਤਾਂ ਦੁਖ ਤਾਂ ਮਿੰਟਾਂ ਵਿਚ ਦੂਰ ਹੋ ਜਾਂਦਾ ਹੈ। ਸੋ ਪ੍ਰਮੇਸ਼ਰ ਨੇ ਰਿਜ਼ਕ ਤਾਂ ਸਾਰਿਆਂ ਨੂੰ ਦਿਤਾ ਹੈ। ਜਿਸ ਵਕਤ ਲੇਖ ਲਿਖਿਆ ਹੈ, ਉਸ ਵੇਲੇ ਲਿਖਿਐ ਕਿ ਕਿੰਨੀ ਚੀਜ਼ ਇਹਨੂੰ ਖਾਣ ਪੀਣ ਨੂੰ ਦੇਣੀ ਹੈ। ਤੀਸਰਾ ਲੇਖ ਇਹ ਹੋਇਆ ਕਰਦੈ ਕਿ ਇਸ ਨੇ ਸੰਸਾਰ ਵਿਚ ਜਾਣਾ ਹੈ, ਕਿੰਨੇ ਕਰਮਾਂ ਦਾ ਚੰਗਾ ਫਲ ਪ੍ਰਾਪਤ ਕਰਨੈ ਅਤੇ ਕਿੰਨੇ ਕਰਮਾਂ ਦਾ ਮਾੜਾ ਫਲ ਇਸ ਨੂੰ ਮਿਲਣਾ ਹੈ।

ਸਾਧ ਸੰਗਤ ਜੀ! ਸੰਸਾਰ ਦੇ ਅੰਦਰ ਜੋ ਕੁਝ ਵੀ ਹੋ ਰਿਹਾ ਹੈ ਉਹ ਵਾਹਿਗੁਰੂ ਦੇ ਹੁਕਮ ਅਨੁਸਾਰ ਅਤੇ ਆਪਣੇ ਕਰਮਾਂ ਦੀ ਗਤੀ ਦੇ ਹਿਸਾਬ ਨਾਲ ਹੋ ਰਿਹਾ ਹੈ। ਅਸੀਂ ਦੂਸਰਿਆਂ ਨੂੰ ਦੋਸ਼ ਦਿੰਦੇ ਹਾਂ ਕਿ ਫਲਾਣੇ ਨੇ ਮੇਰੇ ਨਾਲ ਆਹ ਜਿਆਦਤੀ ਕੀਤੀ, ਧਿਮਕੇ ਨੇ ਮੇਰੇ ਨਾਲ ਆਹ ਮਾੜਾ ਕੰਮ ਕੀਤਾ। ਮਹਾਰਾਜ ਜੀ ਕਹਿੰਦੇ ਹਨ ਕਿ ਤੇਰੇ ਨਾਲ ਕਿਸੇ ਨੇ ਕੁਛ ਮਾੜਾ ਨਹੀਂ ਕੀਤਾ ਕਿਉਂਕਿ ਤੂੰ ਬੀਜ ਕੇ ਐਸਾ ਹੀ ਆਇਆ ਹੈਂ। ਜਿਸ ਵਕਤ ਤੂੰ ਕੰਡੇ ਬੀਜ ਰਿਹਾ ਸੀ, ਜਦੋਂ ਤੂੰ ਕੰਡਿਆਈਆਂ ਦੀਆਂ ਮੁੱਠੀਆਂ ਭਰ ਭਰ ਸੁਟਦਾ ਸੀ, ਕਣਕ ਦੇ ਅੰਦਰ ਵਾਧੂ ਮੁੱਠੀਆਂ ਭਰ ਭਰ ਸੁਟਦਾ ਸੀ, ਪਿਆਜੀ ਦੀਆਂ ਮੁੱਠੀਆਂ ਭਰ ਭਰ ਸੁਟਦਾ ਸੀ, ਗੁਲੀ ਡੰਡੇ ਘਾਹ ਦੀਆਂ ਸੁਟਦਾ ਸੀ, ਉਦੋਂ ਤੈਨੂੰ ਨਹੀਂ ਸੀ ਪਤਾ? ਹੁਣ

ਤੂੰ ਵੱਢਣ ਵੇਲੇ ਔਖਾ ਹੋ ਰਿਹਾ ਹੈਂ। ਉਦੋਂ ਤੈਨੂੰ ਧਿਆਨ ਦੇਣਾ ਚਾਹੀਦਾ ਸੀ ਕਿ ਮੈਂ ਕੀ ਬੀਜ ਰਿਹਾ ਹਾਂ। ਇਥੇ ਤਾਂ ਆ ਕੇ ਉਹੀ ਚੀਜ਼ ਮਿਲਦੀ ਹੈ ਜਿਹੜੀ ਤੂੰ ਬੀਜ ਕੇ ਆਇਆ ਹੈਂ।

***ਧਾਰਨਾ – ਕਿਥੋਂ ਭਾਲਦੈਂ ਤੂੰ ਦਾਖ ਬਿਜੌਰੀਆਂ***
***ਕਿੱਕਰਾਂ ਦੇ ਬੀਜ ਬੀਜ ਕੇ –2, 2.***
***ਮੇਰੇ ਪਿਆਰੇ, ਕਿਕਰਾਂ ਦੇ ਬੀਜ ਬੀਜ ਕੇ –2, 2.***
***ਕਿਥੋਂ ਭਾਲਦੈਂ ਤੂੰ ਦਾਖ ਬਿਜੌਰੀਆਂ,.... –2.***

***ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥***
***ਪੰਨਾ – 1379***

ਕਿਕਰਾਂ ਦੇ ਬੂਟੇ ਬੀਜ ਦਿਤੇ ਤੇ ਕਿਕਰਾਂ ਦੇ ਬੀਜ ਹੱਥ ਵਿਚ ਦੇਖਣ ਨੂੰ ਬਹੁਤ ਸੋਹਣੇ ਲੱਗੇ। ਜਿਹੜਾ ਅੰਗੂਰ ਦਾ ਬੀਜ ਸੀ ਉਹ ਥੋੜ੍ਹਾ ਖੁਰਦਰਾ ਲੱਗਿਆ ਤੇ ਕਿਕਰਾਂ ਦੇ ਬੀਜ ਬੀਜਣ ਵੇਲੇ ਕੂਲੇ ਲੱਗੇ। ਅਖੀਰ ਨਿਕਲਿਆ ਕੀ, ਜੰਮਦਿਆਂ ਨੂੰ ਹੀ ਸੂਲਾਂ ਆ ਗਈਆਂ। ਕਾਫੀ ਸਮਾਂ ਹੋ ਗਿਆ, ਪਾਣੀ ਦਿੰਦਾ ਰਿਹਾ, ਖਾਦ ਪਾਉਂਦਾ ਰਿਹਾ, ਗੁਡਦਾ ਵੀ ਰਿਹਾ ਤੇ ਬੈਠਾ ਦੇਖੀ ਜਾਂਦੈ। ਕਿਸੇ ਨੇ ਪੁਛਿਆ, ਕੀ ਦੇਖੀ ਜਾ ਰਿਹਾ ਹੈਂ? ਕਹਿਣ ਲੱਗਿਆ ਕਿ ਮੈਂ ਅੰਗੂਰਾਂ ਦੇ ਬੀਜ ਬੀਜੇ ਸੀ, ਅੰਗੂਰ ਤਾਂ ਲੱਗੇ ਹੀ ਨਹੀਂ। ਤੈਨੂੰ ਪਹਿਲਾਂ ਦੇਖਣਾ ਚਾਹੀਦਾ ਸੀ ਕਿ ਤੂੰ ਬੀਜਿਆ ਕੀ ਹੈ? ਜੇ ਤੂੰ ਕਿਕਰਾਂ ਦੇ ਬੀਜ ਬੀਜ ਕੇ ਅੰਗੂਰਾਂ ਦੀ ਆਸ ਕਰੇਂ, ਇਹ ਤਾਂ ਮੁੰਮਕਿਨ ਨਹੀਂ। ਜੇਕਰ ਕਿਕਰਾਂ ਦੇ ਬੀਜ ਬੀਜੇ ਹਨ ਤਾਂ ਉਨ੍ਹਾਂ ਨੂੰ ਅੰਗੂਰ ਕਿਵੇਂ ਲਗ ਸਕਦੇ ਹਨ?

***ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥***
***ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ॥ ਪੰਨਾ – 1379***

ਜਿਹੜੀ ਚੀਜ਼ ਚਾਹੀਦੀ ਹੈ ਉਹੀ ਬੀਜਣੀ ਪੈਂਦੀ ਹੈ। ਜੇਕਰ ਦੁਖ ਬੀਜੇਂਗਾ ਤਾਂ ਸੁਖ ਕਿਥੋਂ ਮਿਲ ਸਕਦਾ ਹੈ? ਦੁਖ ਦਾ ਫਲ ਤਾਂ ਦੁਖ ਹੀ ਹੋਇਆ ਕਰਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਦੂਜਿਆਂ ਨੂੰ ਦੋਸ਼ ਨਹੀਂ ਦੇਣਾ ਚਾਹੀਦਾ ਕਿਉਂਕਿ ਦੋਸ਼ ਤਾਂ ਆਪਣੇ ਕਰਮਾਂ ਦਾ ਹੀ ਹੋਇਆ ਕਰਦਾ ਹੈ –

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥***
***ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥***
***ਪੰਨਾ – 433***

ਇਕ ਵਾਰੀ ਗੁਰੂ ਅੰਗਦ ਸਾਹਿਬ ਜੀ ਮਹਾਰਾਜ, ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਨੂੰ ਬੇਨਤੀ ਕਰਦੇ ਹਨ ਕਿ ਮਹਾਰਾਜ ਜੀ! ਇਹ ਕਰਮਾਂ ਦਾ ਚੱਕਰ ਕਿਸ ਤਰ੍ਹਾਂ ਹੈ? ਕਿਰਪਾ ਕਰਕੇ ਸਮਝਾਉਣ ਦੀ ਕ੍ਰਿਪਾਲਤਾ ਕਰੋ। ਮਹਾਰਾਜ ਜੀ ਕਹਿਣ ਲੱਗੇ, ਪੁਰਖਾ! ਤੂੰ ਚੰਗੀ ਗੱਲ ਸਾਡੇ ਪਾਸੋਂ ਪੁਛੀ ਹੈ ਕਿ ਕਿਸ ਤਰ੍ਹਾਂ ਦੇ ਨਾਲ ਕਰਮਾਂ ਦਾ ਚੱਕਰ ਚਲਦਾ ਹੈ। ਅਸੀਂ ਤੁਹਾਨੂੰ ਇਕ ਸਾਖੀ ਸੁਣਾ ਦਿੰਦੇ ਹਾਂ, ਗੱਲ ਸਮਝ ਵਿਚ ਆ ਜਾਵੇਗੀ। ਤੁਹਾਡਾ ਸਾਰਾ ਜਵਾਬ ਇਸ ਵਿਚ ਮਿਲ ਜਾਵੇਗਾ, ਸਾਰਾ ਤੁਹਾਡਾ ਸ਼ੰਕਾ ਦੂਰ ਹੋ ਜਾਵੇਗਾ ਕਿ ਕਿਸ ਤਰ੍ਹਾਂ ਦੇ ਨਾਲ ਕਰਮਾਂ ਦਾ ਚੱਕਰ ਚਲਦਾ ਹੈ।

ਇਕ ਸੰਤ ਰੋਹੀ (ਉਜਾੜ) ਵਿਚ ਰਿਹਾ ਕਰਦਾ ਸੀ। ਨਾਮ ਜਪਿਆ ਕਰਦੇ ਸੀ ਤੇ ਅਕਾਸ਼ ਬਿਰਤੀ ਦੇ ਸੰਤ ਸੀ। ਸੰਤ ਵੀ ਦੋ ਤਰ੍ਹਾਂ ਦੇ ਹੋਇਆ ਕਰਦੇ ਹਨ, ਇਕ ਤਾਂ ਉਹ ਮਹਾਤਮਾ ਹਨ ਜਿਨ੍ਹਾਂ ਦੇ ਸਕੂਲ ਚਲਦੇ ਹਨ, ਬੱਚਿਆਂ ਨੂੰ ਪੜ੍ਹਾ ਰਹੇ ਹਨ, ਯਾਤਰੂ ਆ ਕੇ ਠਹਿਰਦੇ ਹਨ, ਬੁਢਿਆਂ ਵਾਸਤੇ ਆਸ਼ਰਮ ਬਣਾਏ ਹੋਏ ਹਨ ਅਤੇ ਹੋਰ ਅਨੇਕਾਂ ਸਹੂਲਤਾਂ ਦਿਤੀਆਂ ਹੋਈਆਂ ਹਨ। ਐਸੇ ਜਿਹੜੇ ਮਹਾਤਮਾ ਹਨ, ਉਹਨਾਂ ਨੂੰ ਸਭ ਚੀਜ਼ਾਂ ਦਾ ਪ੍ਰਬੰਧ ਕਰਨਾ ਪਿਆ ਕਰਦੈ, ਪਾਠ ਵਗੈਰਾ ਕਰਨੇ ਪਿਆ ਕਰਦੇ ਹਨ, ਪੈਸਾ ਟਕਾ ਇਕੱਠਾ ਕਰਨਾ ਪੈਂਦਾ ਹੈ। ਪਰ ਸਾਧ ਸੰਗਤ ਜੀ! ਜਿਹੜੇ ਅਸਲੀ ਮਹਾਤਮਾ ਹੁੰਦੇ ਹਨ ਉਹ ਪੈਸਾ ਨਹੀਂ ਇਕੱਠਾ ਕਰਿਆ ਕਰਦੇ ਕਿਉਂਕਿ ਮਾਇਆ ਉਨ੍ਹਾਂ ਦੀ ਦਾਸੀ ਹੋਇਆ ਕਰਦੀ ਹੈ। ਜਿਹੜਾ ਮਹਾਤਮਾ ਪੈਸੇ ਦੇ ਚੱਕਰ ਵਿਚ ਪੈ ਜਾਵੇ, ਸਮਝ ਲਵੋ ਉਸ ਨੂੰ ਹਾਲੇ ਭਰੋਸਾ ਨਹੀਂ ਆਇਆ ਕਿਉਂਕਿ ਇਹ ਪ੍ਰਬੰਧ ਚਲਾਉਣ ਵਾਲਾ ਬਹੁਤ ਵੱਡੀ ਹਸਤੀ ਹੈ। ਉਸ ਨੇ ਆਪ ਹੀ ਚਲਾਉਣਾ ਹੈ, ਜੇ ਨਹੀਂ ਚਲਦਾ, ਖਹਿੜਾ ਛੱਡੋ, ਜੇ ਉਹਨੂੰ ਮਨਜ਼ੂਰ ਹੈ ਨਹੀਂ ਚਲਾਉਂਦਾ ਨਾ ਸਹੀ, ਮਹਾਤਮਾ ਕਿਉਂ ਲੋਕਾਂ ਅੱਗੇ ਜਾ ਕੇ ਹੱਥ ਅੱਡੇ ਕਿ ਐਨੇ ਪੈਸੇ ਦਿਓ, ਫਲਾਣਾ ਕੰਮ ਚਲਾਉਣਾ ਹੈ। ਐਸੇ ਮਹਾਤਮਾ ਨਾ ਹੀ ਅਪੀਲ ਕਰਿਆ ਕਰਦੇ ਹਨ, ਨਾ ਹੀ ਕੋਈ ਹੋਰ ਯਤਨ ਕਰਦੇ ਹਨ। ਉਹ ਸਹਿਜ ਸੁਭਾਅ ਹੀ ਤੁਰੇ ਫਿਰਦੇ ਹਨ ਤੇ ਉਨ੍ਹਾਂ ਦੇ ਸਾਰੇ ਪ੍ਰਬੰਧ ਚਲਦੇ ਹਨ। ਲੰਗਰ ਵੀ ਚਲਦੇ ਹਨ, ਦੂਸਰੇ ਕੰਮ ਵੀ ਚਲਦੇ ਹਨ। ਜਿਹੜੇ ਪਹਿਲੀ ਕਿਸਮ ਦੇ ਦੱਸੇ ਹਨ ਉਹ ਨਿਰਬਿਰਤੀ ਵਾਲੇ ਹੋਇਆ ਕਰਦੇ ਹਨ, ਉਹ ਕੁਝ ਵੀ ਨਹੀਂ ਕਰਿਆ ਕਰਦੇ, ਉਹ ਹੁੰਦੇ ਤਾਂ ਅਵਸਥਾ ਦੇ ਵਿਚ ਵੱਡੇ ਹਨ ਪਰੰਤੂ ਉਹ ਕਿਸੇ ਦਰਖਤ ਹੇਠਾਂ ਹੀ ਆਰਾਮ ਨਾਲ ਬੈਠੇ ਰਿਹਾ ਕਰਦੇ ਹਨ। ਕੋਈ ਭੇਟਾ ਜਾਂ ਕੋਈ ਚੀਜ਼ ਵੀ ਪਰਵਾਨ ਨਹੀਂ ਕਰਿਆ ਕਰਦੇ ਭਾਵੇਂ ਜਿੰਨਾਂ ਮਰਜੀ ਦੇਈ ਜਾਵੋ, ਨਾ ਹੀ ਉਹ ਕਿਸੇ ਨਾਲ ਮੋਹ ਪਾਉਂਦੇ ਹਨ। ਜੋ ਕੁਝ ਛਕਣ ਵਾਸਤੇ ਆ ਗਿਆ ਠੀਕ ਹੈ, ਨਹੀਂ ਆਇਆ ਨਾ ਸਹੀ, ਨਾ ਹੀ ਕਿਸੇ ਨੂੰ ਮਾੜਾ ਕਹਿੰਦੇ ਹਨ, ਸਭ ਨੂੰ ਚੰਗਾ ਚੰਗਾ ਹੀ ਕਹਿੰਦੇ ਹਨ, ਇਹ ਬਿਰਤੀ ਆਕਾਸ਼ ਬਿਰਤੀ ਕਹਾਇਆ ਕਰਦੀ ਹੈ। ਪਿਛਲੇ ਸਮਿਆਂ ਦੇ ਅੰਦਰ ਐਸੇ ਮਹਾਤਮਾ ਟਾਵੇਂ ਟਾਵੇਂ ਹੋਇਆ ਕਰਦੇ ਸੀ। ਅਜਕਲ ਤਾਂ ਮਹਾਤਮਾ ਬਹੁਤ ਵੱਡਾ ਪਸਾਰਾ ਪਸਾਰ ਲੈਂਦੇ ਹਨ ਜੋ ਕਬੀਲਦਾਰਾਂ ਨਾਲੋਂ ਵੀ ਸੌ ਗੁਣਾ ਜਿਆਦਾ ਹੁੰਦਾ ਹੈ। ਉਹ ਮਹਾਤਮਾ ਅਕਾਸ਼ ਬਿਰਤੀ ਦੇ ਸੀ, ਕਿਸੇ ਕੋਲੋਂ ਮੰਗਦੇ ਨਹੀਂ ਸੀ, ਨਾ ਹੀ ਮੰਗਣ ਜਾਂਦੇ ਸੀ। ਦਿਨ ਰਾਤ ਭਜਨ ਕਰਦੇ ਰਹਿੰਦੇ ਸੀ। ਕਿਸੇ ਨੇ ਪ੍ਰਸ਼ਾਦਾ ਲਿਆ ਕੇ ਦੇ ਦਿਤਾ, ਛਕ ਲੈਂਦੇ ਸੀ, ਇਹ ਕਦੇ ਨਹੀਂ ਦੱਸਦੇ ਸੀ ਕਿ ਸਾਨੂੰ ਅੱਜ ਭੁੱਖੇ ਬੈਠਿਆਂ ਨੂੰ ਪੰਜ ਦਿਨ ਹੋ ਗਏ ਜਾਂ ਦਸ ਦਿਨ ਹੋ ਗਏ ਹਨ। ਐਸੀ ਕੋਈ ਗੱਲ ਨਹੀਂ ਸੀ ਕਰਿਆ ਕਰਦੇ, ਕੇਵਲ ਪ੍ਰਮੇਸ਼ਰ ਨਾਲ ਹੀ ਬਾਤ ਕਰਦੇ ਸੀ। ਜੇ ਕਿਸੇ ਨੇ ਲਿਆ ਕੇ ਵੀ ਦਿਤਾ ਤਾਂ ਵੀ ਇਹੋ ਸਮਝਦੇ ਸੀ ਕਿ ਅੱਜ ਪ੍ਰਮੇਸ਼ਰ ਨੇ ਭੇਜ ਦਿਤਾ ਹੈ।

ਇਹੋ ਜਿਹੀ ਬਿਰਤੀ ਦੇ ਨਾਲ ਵਿਚਰਦੇ ਸੀ। ਉਥੇ ਇਕ ਖੂਹ ਸੀ, ਅੰਮ੍ਰਿਤ ਵੇਲੇ ਦੋ ਵਜੇ ਜਾ ਕੇ ਇਸ਼ਨਾਨ ਕਰਿਆ ਕਰਦੇ ਸੀ। ਉਥੇ ਦਾ ਜਿਹੜਾ ਰਾਜਾ ਸੀ ਉਹ ਇਨ੍ਹਾਂ ਦਾ ਬਹੁਤ ਸ਼ਰਧਾਲੂ ਸੀ। ਕਦੀ ਕਦੀ ਵੇਹਲ ਕੱਢ ਕੇ ਦਰਸ਼ਨ ਕਰਨ ਵਾਸਤੇ ਆ ਜਾਇਆ ਕਰਦਾ ਸੀ। ਉਸ ਰਾਜੇ ਦਾ ਲੜਕਾ

ਜਵਾਨ ਹੋ ਗਿਆ, ਉਸ ਨੇ ਸੋਚਿਆ ਕਿ ਹੁਣ ਇਸ ਦੀ ਸ਼ਾਦੀ ਕਰਨੀ ਹੈ, ਇਸ ਕਰਕੇ ਇਹਦੇ ਵਾਸਤੇ ਨਵਾਂ ਮਹਿਲ ਬਣਾਉਣਾ ਚਾਹੀਦਾ ਹੈ। ਜਿਥੇ ਉਹ ਮਹਾਤਮਾ ਰਹਿੰਦੇ ਸੀ ਉਸ ਦੇ ਨੇੜੇ ਹੀ ਖੂਹ ਦੇ ਪਾਸ ਹੀ ਮਹਿਲ ਬਣਵਾ ਦਿਤਾ। ਮਹਿਲ ਤਿਆਰ ਹੋ ਗਿਆ ਅਤੇ ਉਧਰ ਲੜਕੇ ਦੀ ਸ਼ਾਦੀ ਕਰ ਦਿਤੀ। ਸ਼ਾਦੀ ਕਰਨ ਤੋਂ ਬਾਅਦ ਨਵੀਂ ਵਿਆਹੀ ਹੋਈ ਲੜਕੀ ਆ ਗਈ। ਦੋਨਾਂ ਨੂੰ ਇਸ ਮਹਿਲ ਵਿਚ ਭੇਜ ਦਿਤਾ ਗਿਆ। ਪਹਿਲੀ ਰਾਤ ਨੂੰ ਹੀ ਉਸ ਰਾਜਕੁਮਾਰ ਨੂੰ ਜਲਦੀ ਨੀਂਦ ਆ ਗਈ ਤੇ ਰਾਜਕੁਮਾਰੀ ਨੂੰ ਛੇਤੀ ਨੀਂਦ ਨਾ ਆਈ। ਓਪਰਾ ਥਾਂ ਸਮਝ ਕੇ ਇਧਰ ਉਧਰ ਦੇਖਦੀ ਰਹੀ। ਉਸ ਤੋਂ ਬਾਅਦ ਜਦ ਨੀਂਦ ਨਾ ਆਈ ਤਾਂ ਰਾਤ ਦੇ ਗਿਆਰਾਂ ਵਜ ਗਏ। ਉਹ ਉਠ ਕੇ ਰਾਜ ਕੁਮਾਰ ਦੇ ਸ਼ਸਤਰਾਂ ਨੂੰ ਦੇਖਣ ਲਗ ਪਈ। ਕਿਤੇ ਬਰਛਾ ਚੁਕ ਕੇ ਦੇਖਦੀ ਹੈ, ਕਦੇ ਤੀਰ ਕਮਾਨ ਦੇਖਦੀ ਹੈ ਤੇ ਕਰਦੀ ਕਰਦੀ ਨੇ ਢਾਲ ਤੇ ਤਲਵਾਰ ਚੁਕ ਲਈ ਤੇ ਜਿਵੇਂ ਜੁਧ ਕਰੀਦਾ ਹੈ, ਇਸ ਤਰ੍ਹਾਂ ਦੇ ਨਾਲ ਤਲਵਾਰ ਇਧਰ ਉਧਰ ਘੁਮਾਉਣ ਲਗ ਪਈ। ਇਹ ਬਹੁਤ ਹੀ ਤਿਖੀ ਤਲਵਾਰ ਸੀ ਤੇ ਗੱਤਕੇ ਵਾਲੇ ਵਾਗੂੰ ਜਿਵੇਂ ਖੇਡਦੇ ਹਨ, ਜੋਰ ਜੋਰ ਦੀ ਘੁਮਾਉਣ ਲਗ ਪਈ, ਇਸ ਤਰ੍ਹਾਂ ਨਾਲ ਕਰਦੀ ਦੇ, ਉਸ ਦੇ ਹੱਥ ਵਿਚੋਂ ਤਲਵਾਰ ਛੁਟ ਗਈ ਤੇ ਰਾਜ ਕੁਮਾਰ ਜੋ ਸੁਤਾ ਪਿਆ ਸੀ ਉਸ ਦੀ ਸਾਹ ਰਗ ਤੇ ਜਾ ਕੇ ਲੱਗੀ। ਉਸਦੀ ਨਾੜ ਕੱਟੀ ਗਈ ਤੇ ਉਹ ਉਸੇ ਵਕਤ ਹੀ ਮਰ ਗਿਆ।

ਜਦੋਂ ਰਾਜਕੁਮਾਰ ਨੂੰ ਮਰਿਆ ਹੋਇਆ ਦੇਖਿਆ ਤਾਂ ਇਸ ਲੜਕੀ ਨੂੰ ਬਹੁਤ ਪਛਤਾਵਾ ਹੋਇਆ ਕਿ ਇਹ ਕੀ ਭਾਣਾ ਵਰਤ ਗਿਆ ਤੇ ਜੇ ਕਿਸੇ ਨੂੰ ਪਤਾ ਲਗ ਗਿਆ ਕਿ ਮੈਂ ਆਪਣੇ ਪਤੀ ਨੂੰ ਮਾਰ ਦਿਤਾ ਹੈ ਤਾਂ ਮੇਰੇ ਮਾਂ ਬਾਪ ਦੀ ਕੀ ਇਜ਼ਤ ਰਹੇਗੀ, ਲੋਕ ਕੀ ਕਹਿਣਗੇ ਕਿ ਦੇਖੋ ਇਹਨਾਂ ਦੀ ਰਾਜਕੁਮਾਰੀ ਨੇ ਆਪਣਾ ਪਤੀ ਰਾਜ ਕੁਮਾਰ ਮਾਰ ਦਿਤਾ। ਸਾਧ ਸੰਗਤ ਜੀ! ਪੁਰਾਣੇ ਜ਼ਮਾਨਿਆਂ ਦੇ ਅੰਦਰ ਲੜਕੀਆਂ ਮਰ ਜਾਂਦੀਆਂ ਸਨ ਪਰ ਮਾਂ ਬਾਪ ਦੀ ਇਜ਼ਤ ਨੂੰ ਧੱਬਾ ਨਹੀਂ ਸੀ ਲਾਇਆ ਕਰਦੀਆਂ, ਸਗੋਂ ਉਚਾ ਕਰਿਆ ਕਰਦੀਆਂ ਸਨ, ਆਪਣੇ ਸਰੀਰ ਤੇ ਦੁਖ ਸਹਿ ਲੈਂਦੀਆਂ ਸਨ। ਜੇ ਮਾਂ ਬਾਪ ਨੇ ਕਹਿ ਦਿਤਾ, ਦੇਖ ਬੇਟੀ! ਭਾਵੇਂ ਔਖੀ ਰਹੀਂ, ਭਾਵੇਂ ਸੌਖੀ ਰਹੀਂ, ਜਦੋਂ ਅਸੀਂ ਤੈਨੂੰ ਸਹੁਰੇ ਘਰੋਂ ਲੈਣ ਆਵਾਂਗੇ ਤਾਂ ਤੂੰ ਸਾਡੇ ਆਉਣਾ ਹੈ, ਆਪਣੇ ਆਪ ਨਹੀਂ ਆਉਣਾ। ਉਥੇ ਜਿਵੇਂ ਵੀ ਤੇਰਾ ਜੀ ਕਰਦਾ ਹੈ ਰਹਿ ਲਵੀਂ। ਕਿਡੀ ਵੱਡੀ ਲੜਕੀਆਂ ਦੀ ਕੁਰਬਾਨੀ ਸੀ। ਇਸ ਤਰ੍ਹਾਂ ਦੀ ਆਗਿਆ ਦਾ ਪਾਲਣ ਸ਼ਾਇਦ ਹੀ ਕੋਈ ਕਰ ਸਕਦਾ ਹੋਵੇ। ਬੱਚੀਆਂ ਦੀ ਬਹੁਤ ਵੱਡੀ ਕੁਰਬਾਨੀ ਹੁੰਦੀ ਹੈ। ਬਿਗਾਨੇ ਘਰ ਵਿਚ ਜਾਣੈ, ਪਤਾ ਨਹੀਂ ਕਿਹੋ ਜਿਹੇ ਪਤੀ ਨਾਲ ਵਾਹ ਪਵੇ। ਇਥੇ ਅਸੀਂ ਇਕ ਬੀਬੀ ਨੂੰ ਅੰਮ੍ਰਿਤ ਛਕਾ ਦਿਤਾ। ਆਹ ਤੁਹਾਡੇ ਨੇੜੇ ਦੇ ਪਿੰਡ ਵਿਚ ਹੀ ਵਿਆਹੀ ਹੋਈ ਹੈ। ਉਹ ਵਿਆਹੀ ਹੋਈ ਆਪਣੇ ਨਾਲ ਕਕਾਰ ਲੈ ਕੇ ਆ ਗਈ ਤੇ ਜਿਸ ਵਕਤ ਉਸ ਨੂੰ ਡੋਲੀ ਵਿਚੋਂ ਲਾਹਿਆ ਤੇ ਸੱਸ ਨੇ ਤੇਲ ਚੋ ਕੇ ਸਵਾਗਤ ਕੀਤਾ ਤਾਂ ਉਸ ਨੇ ਦੇਖ ਲਿਆ ਕਿ ਇਸ ਨੇ ਤਾਂ ਕਿਰਪਾਨ ਪਾਈ ਹੋਈ ਹੈ। ਉਸ ਦੇ ਮਾਂ ਬਾਪ ਗਰੀਬ ਹੋਣ ਕਰਕੇ ਦੇਣ ਲੈਣ ਥੋੜ੍ਹਾ ਦੇ ਹੋਇਆ। ਗੁੱਸੇ ਤਾਂ ਇਸ ਗੱਲ ਤੋਂ ਸੀ ਕਿ ਇਹ ਤਾਂ ਦਹੇਜ ਨਹੀਂ ਲੈ ਕੇ ਆਈ ਤੇ ਐਵੇਂ ਮਾੜੇ ਮੋਟੇ ਮੰਜੇ ਭਾਂਡੇ ਆਦਿ ਲੈ ਕੇ ਆਈ ਹੈ। ਹੋਰ ਸਾਰੀਆਂ ਬੀਬੀਆਂ ਕਹਿੰਦੀਆਂ ਹਨ ਕਿ ਲੜਕੀ ਤਾਂ ਬਹੁਤ ਸੋਹਣੀ ਸੁਨੱਖੀ ਮਿਲ ਗਈ ਤੇ ਪੜ੍ਹੀ ਲਿਖੀ ਮਿਲ ਗਈ ਪਰ ਸੱਸ ਕਹਿਣ ਲੱਗੀ, ਹੋਰ ਤਾਂ ਸਭ ਠੀਕ ਹੈ ਪਰ ਆਹ ਕਿਰਪਾਨ ਮੈਨੂੰ ਮਾਰਨ ਵਾਸਤੇ ਨਾਲ ਲੈ ਕੇ ਆਈ ਹੈ। ਪਤਾ ਨਹੀਂ ਕਿਹੜੇ ਵੇਲੇ ਮੇਰਾ ਸੁਤੀ ਪਈ ਦਾ ਗਲ ਵੱਢ ਦੇਵੇ। ਕਿੰਨੇ ਦਿਨ ਹੀ ਉਹਦੇ ਪਿਛੇ ਪਈ ਰਹੀ ਤੇ ਉਹਦਾ ਜੀਣਾ ਹਰਾਮ ਕਰ ਦਿੱਤਾ।

ਹੁਣ ਦੱਸੋ ਸਾਧ ਸੰਗਤ ਜੀ! ਜਿਹੜੀ ਬੱਚੀ ਚਾਂਈ ਚਾਂਈ ਨਵੇਂ ਘਰ ਵਿਚ ਆਈ ਹੈ ਤੇ ਉਸ ਨੇ ਇਸ ਘਰ ਨੂੰ ਆਪਣਾ ਘਰ ਬਨਾਉਣਾ ਹੈ ਤੇ ਸੱਸ ਇਸ ਤਰ੍ਹਾਂ ਤਾਂ ਦੇਖਦੀ ਨਹੀਂ ਕਿ ਉਸ ਨੂੰ ਲੜਕੀ ਚਾਹੀਦੀ ਹੈ ਕਿ ਲਕੜਾਂ ਚਾਹੀਦੀਆਂ ਹਨ। ਜੇ ਕਿਸੇ ਨੇ ਦਾਜ ਦਹੇਜ ਦੇ ਵੀ ਦਿਤਾ ਤਾਂ ਉਹਦੇ ਨਾਲ ਕੀ ਫਰਕ ਪੈਂਦਾ ਹੈ ਜਦ ਤੱਕ ਲੜਕੀ ਤੇ ਲੜਕੇ ਦਾ ਘਰ ਪਰਵਾਰ ਸੁਖ ਨਾ ਮਾਣ ਸਕੇ।

ਸਾਧ ਸੰਗਤ ਜੀ! ਸਾਡੇ ਰਿਸ਼ਤੇਦਾਰਾਂ ਦੀ ਗੱਲ ਹੈ ਕਿ ਉਨ੍ਹਾਂ ਦੇ ਟਰੱਕ ਆਦਿ ਹਨ। ਅਸੀਂ ਸ਼ਾਦੀ ਤੇ ਚਲੇ ਗਏ ਤੇ ਬੈਠਕ ਦੇ ਅੰਦਰ ਮੰਜੇ ਪਏ ਸਨ ਤੇ ਸੰਦੂਕ ਤੇ ਉਪਰ ਕੁਰਸੀਆਂ ਦੂਹਰੀਆਂ ਤੀਹਰੀਆਂ ਕਰਕੇ ਸਭ ਕੁਝ ਉਪਰ ਰੱਖਿਆ ਹੋਇਆ ਸੀ ਤੇ ਉਪਰ ਕੱਪੜੇ ਨਾਲ ਢੱਕਿਆ ਪਿਆ ਸੀ। ਉਸ ਚੀਜ਼ ਦਾ ਕੀ ਫਾਇਦਾ ਹੈ ਜਿਹੜੀ ਚੀਜ਼ ਵਰਤੋਂ ਵਿਚ ਨਾ ਆਵੇ। ਆਹ ਹੁਣ ਨਵਾਂ ਰਿਵਾਜ਼ ਚਲਿਐ ਕਿ ਲੋਕੀ ਟੈਲੀਵੀਜ਼ਨ ਦੇ ਦਿੰਦੇ ਹਨ। ਟੀ.ਵੀ. ਜਿਸ ਦੇ ਘਰ ਜਾਏਗਾ ਉਸ ਦੇ ਸਾਰੇ ਬੱਚੇ ਫੇਲ੍ਹ ਹੋ ਜਾਣਗੇ ਕਿਉਂਕਿ ਉਹੀ ਸਮਾਂ ਪੜ੍ਹਨ ਦਾ ਹੁੰਦਾ ਹੈ, ਉਹੀ ਟੀ.ਵੀ. ਦੇਖਣ ਦਾ ਹੁੰਦਾ ਹੈ, ਉਹੀ ਸਮਾਂ ਰਹਿਰਾਸ ਦੇ ਪਾਠ ਕਰਨ ਦਾ ਹੁੰਦਾ ਹੈ, ਉਹੀ ਸਮਾਂ ਟੈਲੀਵੀਜ਼ਨ ਵਾਲੇ ਖਰਾਬ ਕਰ ਦਿੰਦੇ ਹਨ। ਇਹੋ ਜਿਹੀਆਂ ਚੀਜ਼ਾਂ ਲੈਣੀਆਂ ਨਹੀਂ ਚਾਹੀਦੀਆਂ, ਆਦਮੀ ਸਾਰੇ ਪਾਸਿਓਂ ਆਪਣਾ ਨੁਕਸਾਨ ਕਰ ਬੈਠਦਾ ਹੈ। ਇਸ ਤਰ੍ਹਾਂ ਰੈਫਰੀਜਰੇਟਰ ਆ ਗਏ ਤੇ ਹੁਣ ਉਨ੍ਹਾਂ ਦਾ ਪਾਣੀ ਪੀਣਾ ਸ਼ੁਰੂ ਕਰ ਦਿਤਾ ਤੇ ਇਹ ਸਿਹਤ ਨੂੰ ਨੁਕਸਾਨ ਪਹੁੰਚਾਂਦਾ ਹੈ, ਮੇਹਦੇ ਦੀਆਂ ਨਾੜੀਆਂ ਵਿਚ ਗੈਸ ਪੈਦਾ ਕਰ ਦਿੰਦਾ ਹੈ ਤੇ ਬਿਮਾਰੀਆਂ ਲੱਗ ਜਾਂਦੀਆਂ ਹਨ। ਸਗੋਂ ਘੜਿਆਂ ਦਾ ਪਾਣੀ ਪੀਣਾ ਚੰਗਾ ਰਹਿੰਦਾ ਹੈ। ਚੀਜ਼ ਮਿਲੀ ਹੈ ਫਾਇਦੇ ਵਾਸਤੇ ਪਰ ਨੁਕਸਾਨ ਕਰਦੀ ਹੈ। ਚਾਰ ਚਾਰ ਦਿਨ ਦੀਆਂ ਬਾਸੀ ਚੀਜ਼ਾਂ ਵਿਚ ਰੱਖ ਛੱਡਦੇ ਹਨ ਤੇ ਉਹ ਖੁਆ ਦਿੰਦੇ ਹਨ। ਸਾਗ ਬਣਾ ਲਿਆ, ਹਫਤਾ-ਹਫਤਾ ਉਹੀ ਖਾਈ ਜਾਂਦੇ ਹਨ ਤੇ ਕਹਿ ਦਿੰਦੇ ਹਨ ਕਿ ਫਰਿਜ਼ ਵਿਚ ਪਈ ਹੈ। ਦੁਧ ਭੀ ਬਾਸੀ ਕਰ ਦਿੰਦੇ ਹਨ। ਇਹ ਚੀਜ਼ਾਂ ਬਹੁਤਾ ਸੁਖ ਨਹੀਂ ਦਿੰਦੀਆਂ, ਐਵੇਂ ਇਕ ਖਿਆਲ ਹੈ।

ਸ਼ਾਦੀ ਤਾਂ ਬਹੁਤ ਸਾਦਾ ਹੋਣੀ ਚਾਹੀਦੀ ਹੈ। ਹੁਣ ਜਿਵੇਂ ਸਤਸੰਗ ਹੋ ਰਿਹਾ ਹੈ, ਉਹਦੇ ਵਿਚ ਸੰਗਤ ਦੀ ਹਾਜਰੀ ਸਮੇਂ ਹੀ ਅਨੰਦ ਕਾਰਜ ਕਰ ਦੇਣੇ ਚਾਹੀਦੇ ਹਨ। ਜਿਹਨੇ ਪ੍ਰਸ਼ਾਦਾ ਛਕਾਉਣਾ ਹੈ ਉਹ ਲੰਗਰ ਕਰ ਦੇਵੇ। ਅਸੀਂ ਵੀ ਆਪਣੇ ਬੱਚਿਆਂ ਦੀਆਂ ਸ਼ਾਦੀਆਂ ਕੀਤੀਆਂ ਹਨ। ਅਸੀਂ ਇਨ੍ਹਾਂ ਚੀਜ਼ਾਂ

ਵਿਚ ਬਿਲਕੁਲ ਨਹੀਂ ਪਏ। ਜੇ ਕੋਈ ਫਰਨੀਚਰ ਆਦਿ ਦਿੰਦਾ ਵੀ ਤਾਂ ਅਸੀਂ ਕੀ ਕਰਨਾ ਸੀ। ਬੱਚੇ ਅਮਰੀਕਾ ਵਿਚ ਹਨ ਅਸੀਂ ਮਗਰੋਂ ਉਨ੍ਹਾਂ ਦੀ ਰਾਖੀ ਖਾਹਮਖਾਹ ਕਰਦੇ ਰਹਿੰਦੇ। ਇਹ ਚੀਜ਼ਾਂ ਫਜ਼ੂਲ ਹੋਇਆ ਕਰਦੀਆਂ ਹਨ। ਆਦਮੀ ਦੁਖ ਆਪ ਪੈਦਾ ਕਰ ਲੈਂਦਾ ਹੈ। ਜਿਹੜੀਆਂ ਚੰਗੀਆਂ ਬੱਚੀਆਂ ਹਨ ਉਨ੍ਹਾਂ ਨੂੰ ਆਪਣਾ ਜੀਵਨ ਬਤੀਤ ਕਰਨਾ ਬਹੁਤ ਹੀ ਔਖਾ ਹੈ। ਕੱਲ ਤੁਹਾਨੂੰ ਬੀਬੀ ਜੀ (ਰਣਜੀਤ ਕੌਰ) ਨੇ ਦੱਸਿਆ ਸੀ ਕਿ ਲੜਕੀਆਂ ਜਿੰਨੀਆਂ ਨੇ ਵੀ ਅੰਮ੍ਰਿਤ ਛਕਿਆ ਹੈ, ਕੋਈ ਅੰਮ੍ਰਿਤ ਤੋਂ ਗਿਰੀ ਨਹੀਂ। ਸਾਰੀਆਂ ਹੀ ਬਾਣੀ ਪੜ੍ਹਦੀਆਂ ਹਨ, ਸਾਰੀਆਂ ਹੀ ਨਾਮ ਜਪਦੀਆਂ ਹਨ। ਇਹਨਾਂ ਨੂੰ ਇਕੋ ਫਿਕਰ ਰਹਿੰਦੈ ਕਿ ਸਾਡਾ ਵਾਹ ਕਿਸੇ ਸ਼ਰਾਬੀ ਨਾਲ ਨਾ ਪੈ ਜਾਵੇ। ਜੇ ਸ਼ਰਾਬੀ ਚੰਗਾ ਹੁੰਦਾ ਤਾਂ ਲੜਕੀਆਂ ਨੂੰ ਡਰਨ ਦੀ ਕੀ ਲੋੜ ਸੀ? ਸ਼ਰਾਬ ਮਾੜੀ ਚੀਜ਼ ਹੈ, ਮਾੜੀਆਂ ਆਦਤਾਂ ਛੱਡ ਕੇ ਚੰਗੀਆਂ ਆਦਤਾਂ ਅਪਨਾਉਣੀਆਂ ਚਾਹੀਦੀਆਂ ਹਨ।

ਮਹਾਰਾਜ ਜੀ ਦਸ਼ਮੇਸ਼ ਪਿਤਾ ਜੀ ਨੇ ਸਿੰਘ ਨੂੰ ਤਾਂ ਬਹੁਤ ਉਚਾ ਬਣਾਇਆ ਸੀ ਤਾਂ ਕਿ ਸਾਰੀ ਦੁਨੀਆਂ ਨੂੰ ਚੰਗਾ ਲੱਗੇ ਪਰ ਨਸ਼ਿਆਂ ਦੇ ਅਧੀਨ ਹੋ ਕੇ ਇਸ ਨੇ ਆਪਣੀ ਸ਼ਕਤੀ, ਆਪਣੀ ਇੱਜ਼ਤ ਗਵਾ ਲਈ ਤੇ ਆਪਣਾ ਵਿਸ਼ਵਾਸ ਵੀ ਗਵਾ ਲਿਆ। ਸ਼ਰਾਬੀ ਬੰਦੇ ਨੂੰ ਕੋਈ ਚੰਗਾ ਨਹੀਂ ਸਮਝਦਾ, ਹਰ ਕੋਈ ਕਹਿ ਦਿੰਦਾ ਹੈ ਕਿ ਉਹਦਾ ਕੀ ਇਤਬਾਰ ਹੈ, ਉਹ ਤਾਂ ਸ਼ਰਾਬੀ ਬੰਦਾ ਹੈ। ਇਸ ਤਰ੍ਹਾਂ ਨਾਲ ਇਨ੍ਹਾਂ ਬੱਚੀਆਂ ਨੂੰ ਇਹੋ ਜਿਹੇ ਪਰਿਵਾਰਾਂ ਵਿਚ ਜਾ ਕੇ ਆਪਣੇ ਆਪ ਨੂੰ ਸਥਿਤੀ ਦੇ ਅਨੁਕੂਲ ਢਾਲਣਾ ਬੜਾ ਔਖਾ ਹੋ ਜਾਂਦਾ ਹੈ। ਇਨ੍ਹਾਂ ਨੂੰ ਬਹੁਤ ਜਦੋ-ਜਹਿਦ ਕਰਨੀ ਪੈਂਦੀ ਹੈ ਤੇ ਕਈ ਵਾਰ ਘਰ ਵਿਚ ਰੌਲਾ ਵੀ ਪੈ ਜਾਂਦਾ ਹੈ। ਇਹ ਸਾਰੇ ਦੁਖ ਆਦਮੀ ਦੀ ਬੇਸਮਝੀ ਦੇ ਕਾਰਨ ਪੈਦਾ ਹੁੰਦੇ ਹਨ।

ਸੋ ਉਸ ਰਾਜਕੁਮਾਰੀ ਤੋਂ ਤਲਵਾਰ ਅਚਾਨਕ ਰਾਜਕੁਮਾਰ ਦੇ ਗਰਦਨ ਤੇ ਡਿਗ ਪਈ ਤੇ ਉਸ ਦੀ ਮੌਤ ਹੋ ਗਈ। ਉਸ ਦੇ ਮਨ ਵਿਚ ਵੀ ਫਿਕਰ ਹੋ ਗਿਆ ਕਿ ਮੇਰੇ ਪਿਤਾ ਜੀ ਦੀ ਕੀ ਇੱਜ਼ਤ ਰਹਿ ਜਾਏਗੀ? ਬਹੁਤ ਸੋਚਦੀ ਹੈ ਪਰ ਕੋਈ ਹੱਲ ਨਹੀਂ ਲੱਭਦਾ। ਨਾ ਹੀ ਰੋਂਦੀ ਹੈ, ਰੋਂਦੀ ਇਸ ਵਾਸਤੇ ਨਹੀਂ ਕਿ ਪਤਾ ਲੱਗ ਜਾਵੇਗਾ ਕਿ ਸਾਡੇ ਦੋਵਾਂ ਤੋਂ ਬਗੈਰ ਤਾਂ ਇਥੇ ਕੋਈ ਹੈ ਨਹੀਂ, ਰਾਜ ਕੁਮਾਰ ਨੂੰ ਮੈਥੋਂ ਬਿਨਾਂ ਕੌਣ ਮਾਰ ਸਕਦਾ ਹੈ। ਸੋਚਦੀ ਸੋਚਦੀ ਨੂੰ ਰਾਤ ਦੇ ਦੋ ਵੱਜ ਗਏ ਤੇ ਇਕ ਮਹਾਤਮਾ ਖੂਹ ਉਤੇ ਇਸ਼ਨਾਨ ਕਰਨ ਵਾਸਤੇ ਆ ਗਏ ਤੇ ਇਸਨੇ ਖੜਕਾ ਸੁਣ ਲਿਆ ਜਦੋਂ ਉਨ੍ਹਾਂ ਨੇ ਭੌਣੀ ਤੇ ਲੱਜ ਚੜ੍ਹਾ ਕੇ ਖੂਹ ਵਿਚ ਬਾਲਟੀ ਫਹਿਰਾਈ, ਇਹਦੇ ਘਬਰਾਈ ਹੋਈ ਦੇ ਮਨ ਵਿਚ ਇਹ ਖਿਆਲ ਆ ਗਿਆ ਕਿ ਇਹ ਜਿਹੜਾ ਬੰਦਾ ਨਹਾਉਣ ਵਾਸਤੇ ਆਇਐ, ਇਹਦੇ ਸਿਰ ਇਹ ਕਤਲ ਪਾ ਦਿਤਾ ਜਾਵੇ ਪਰ ਇਸ ਨੂੰ ਪਤਾ ਨਹੀਂ ਸੀ ਕਿ ਇਹ ਮਹਾਤਮਾ ਹਨ। ਇਸ ਤਰ੍ਹਾਂ ਨਾਲ ਮੇਰਾ ਬਚਾਉ ਹੋ ਸਕਦਾ ਹੈ। ਜਦੋਂ ਉਹ ਇਸ਼ਨਾਨ ਕਰਕੇ ਵਾਪਸ ਜਾ ਰਹੇ ਸਨ ਤਾਂ ਇਸ ਨੇ ਰੌਲਾ ਪਾ ਦਿਤਾ ਕਿ ਇਕ ਬੰਦਾ ਐਥੋਂ ਛਾਲ ਮਾਰ ਕੇ ਭੱਜ ਗਿਆ। ਜਿਹੜੀ ਫੌਜ ਮਹਿਲ ਦੇ ਅੰਦਰ ਤੇ ਆਲੇ ਦੁਆਲੇ ਖੜ੍ਹੀ ਸੀ, ਉਨ੍ਹਾਂ ਨੇ ਇਕ ਦਮ ਘੇਰਾ ਪਾ ਲਿਆ ਤੇ ਦੇਖਿਆ ਕਿ ਸੰਤਾਂ ਤੋਂ ਬਗੈਰ ਹੋਰ ਕੋਈ ਵੀ ਇਥੋਂ ਦੀ ਨਹੀਂ ਗਿਆ ਤੇ ਉਨ੍ਹਾਂ ਨੇ ਸੰਤਾਂ ਨੂੰ ਗ੍ਰਿਫਤਾਰ ਕਰ ਲਿਆ। ਰਾਜੇ ਨੂੰ ਖਬਰ ਹੋ ਗਈ ਕਿ ਮੇਰਾ ਜੁਆਨ ਲੜਕਾ ਮਾਰਿਆ ਗਿਆ ਤਾਂ ਬਹੁਤ ਉਦਾਸ ਹੋਇਆ। ਜਿਸ ਵਕਤ ਮੁਜਰਮ ਇਨ੍ਹਾਂ ਦੀ ਕਚਿਹਰੀ ਵਿਚ ਪੇਸ਼ ਕੀਤਾ ਤਾਂ ਰਾਜਾ ਬੜਾ ਹੈਰਾਨ ਹੋਇਆ ਕਿ ਇਹ ਤਾਂ ਉਹ ਸੰਤ ਹਨ ਜਿਨ੍ਹਾਂ ਦਾ ਉਹ ਬਹੁਤ ਸਤਿਕਾਰ ਕਰਦਾ ਹੈ। ਬਹੁਤ ਸ਼ਸ਼ੋਪੰਜ ਵਿਚ ਪੈ ਗਿਆ ਕਿ ਕੀ ਕੀਤਾ ਜਾਵੇ। ਇਹ ਕੀ ਭਾਣਾ ਵਰਤ ਗਿਆ। ਰਾਜਕੁਮਾਰੀ ਕਹਿ ਰਹੀ ਹੈ ਕਿ ਇਹੋ ਰਾਜਕੁਮਾਰ ਦਾ ਕਾਤਲ ਹੈ ਕਿਉਂਕਿ ਮੌਕੇ ਦੀ ਗਵਾਹ ਹੈ। ਕਾਨੂੰਨ ਇਹ ਕਹਿੰਦਾ ਹੈ ਕਿ ਜੇ ਮੌਕੇ ਦਾ ਗਵਾਹ ਸਹੀ ਕਹਿੰਦਾ ਹੈ ਤਾਂ ਸਜਾ ਮਿਲਣੀ ਚਾਹੀਦੀ ਹੈ ਭਾਵੇਂ ਕੋਈ ਵੀ ਹੋਵੇ। ਉਸ ਰਾਜੇ ਨੇ ਬਹੁਤ ਸੋਚ ਸੋਚ ਕੇ ਇਹ ਫੈਸਲਾ ਕੀਤਾ ਕਿ ਸੰਤਾਂ ਦਾ ਸਿਰ ਤਾਂ ਨਹੀਂ ਕੱਟਣਾ, ਜਿਹੜੇ ਹੱਥਾਂ ਦੇ ਨਾਲ ਮਾਰਿਆ ਹੈ ਉਹ ਹੱਥ ਇਸ ਦੇ ਕੱਟ ਦਿਤੇ ਜਾਣ। ਇਸੇ ਤਰ੍ਹਾਂ ਹੋਇਆ। ਜਲਾਦਾਂ ਨੇ ਲਿਜਾ ਕੇ ਇਸ ਦੇ ਦੋਵੇਂ ਹੱਥ ਕੱਟ ਦਿਤੇ।

ਬੇਕਸੂਰ ਹੋਣ ਕਰਕੇ, ਇਹ ਸਜਾ ਮਿਲਣ ਤੇ ਉਹ ਸੰਤ ਬਹੁਤ ਨਿਰਾਸ਼ ਹੋ ਗਿਆ। ਉਹ ਅਸਥਾਨ ਛੱਡ ਕੇ ਹਿਮਾਲੀਆ ਪਰਬਤ ਉਤੇ ਚਲਾ ਗਿਆ ਉਥੇ ਜਾ ਕੇ ਬੜੇ ਰਿਸ਼ੀ ਮੁਨੀ ਤੇ ਸਾਧੂਆਂ ਨੂੰ ਮਿਲਿਆ ਤੇ ਸਵਾਲ ਕਰਦਾ ਹੈ ਕਿ ਮੈਂ ਤਾਂ ਰਾਜਕੁਮਾਰ ਦਾ ਕਤਲ ਨਹੀਂ ਕੀਤਾ ਪਰ ਮੈਨੂੰ ਇਹ ਸਜ਼ਾ ਕਿਉਂ ਮਿਲੀ ਹੈ ਕਿ ਮੇਰੇ ਹੱਥ ਕੱਟ ਦਿਤੇ ਗਏ ਹਨ। ਸੰਤ ਕਹਿਣ ਲੱਗੇ ਕਿ ਇਹ ਤਾਂ ਨਹੀਂ ਅਸੀਂ ਦੱਸ ਸਕਦੇ ਪਰ ਹੈ ਤੇਰੇ ਕਰਮਾਂ ਦਾ ਫਲ। ਤੂੰ ਇਸ ਤਰ੍ਹਾਂ ਕਰ ਕਿ ਕਾਸ਼ੀ ਦੇ ਅੰਦਰ ਇਕ ਜੋਤਸ਼ੀ ਹੈ, ਤੂੰ ਉਥੇ ਚਲਿਆ ਜਾਹ ਤੇ ਉਹ ਤੈਨੂੰ ਦੱਸ ਦੇਵੇਗਾ ਕਿ ਤੇਰੇ ਕਿਸ ਕਰਮ ਦਾ ਫਲ ਹੈ ਕਿ ਤੇਰੇ ਹੱਥ ਕੱਟੇ ਗਏ ਹਨ। ਕਾਸ਼ੀ ਪਹੁੰਚ ਕੇ ਪੁਛ ਪੜਤਾਲ ਕਰਦਾ ਉਸ ਜੋਤਸ਼ੀ ਦੇ ਘਰ ਤੱਕ ਪਹੁੰਚ ਜਾਂਦਾ ਹੈ। ਉਥੇ ਜਾ ਕੇ ਦਰਵਾਜਾ ਖਟਖਟਾਇਆ ਤੇ ਪੰਡਤ ਜੀ ਮਹਾਰਾਜ ਕਹਿ ਕੇ ਆਵਾਜ ਦਿਤੀ ਤੇ ਉਸ ਦੀ ਘਰਵਾਲੀ ਬਾਹਰ ਆ ਗਈ। ਉਸ ਦੇ ਗਲ ਪੈ ਗਈ ਕਿ ਤੂੰ ਇਸ ਨੂੰ ਮਿਲਣ ਕਿਉਂ ਆਇਐਂ, ਇਹ ਤਾਂ ਇਕ ਨੰਬਰ ਦਾ ਠੱਗ ਹੈ। ਦੁਨੀਆਂ ਨੂੰ ਠੱਗ ਰਿਹਾ ਹੈ। ਦੁਨੀਆਂ ਭਰ ਦੀਆਂ ਗਾਲ੍ਹਾਂ ਕੱਢ ਕੇ ਬਹੁਤ ਬੁਰਾ ਭਲਾ ਆਪਣੇ ਪਤੀ ਜੋਤਸ਼ੀ ਨੂੰ ਕਹਿੰਦੀ ਹੈ। ਜਦੋਂ ਪੰਡਤ ਜੀ ਨੇ ਰੌਲਾ ਰੱਪਾ ਸੁਣਿਆ ਤਾਂ ਬਾਹਰ ਆ ਗਏ ਤੇ ਉਨ੍ਹਾਂ ਦੇ ਚਿਹਰੇ ਤੇ ਕੋਈ ਗੁੱਸਾ ਗਿਲਾ ਨਹੀਂ ਸੀ ਕਿ ਮੇਰੀ ਘਰਵਾਲੀ ਗਾਲਾਂ ਕੱਢਦੀ ਹੈ। ਉਸੇ ਤਰ੍ਹਾਂ ਚਿਹਰਾ ਖਿੜਿਆ ਹੋਇਆ ਹੈ ਤੇ ਸੰਤ ਜੀ ਨੂੰ ਕਹਿਣ ਲੱਗੇ ਕਿ ਆਪ ਅੰਦਰ ਆ ਜਾਉ। ਸੰਤ ਇਸ ਦੇ ਘਰ ਦਾ ਭੈੜਾ ਵਾਤਾਵਰਨ ਦੇਖ ਕੇ ਹੋਰ ਵੀ ਉਦਾਸ ਹੋ ਗਏ ਕਿ ਘਰਵਾਲੀ ਇੰਨੀਆਂ ਗਾਲ੍ਹਾਂ ਕੱਢ ਰਹੀ ਹੈ ਪਰ ਇਸ ਦਾ ਘਰਵਾਲਾ ਇਹ ਪੰਡਤ ਐਨਾ ਢੀਠ ਹੈ ਕਿ ਇਸ ਤੇ ਕੋਈ ਅਸਰ ਨਹੀਂ ਹੈ। ਉਹ ਅੰਦਰ ਬੈਠ ਜਾਂਦੇ ਹਨ ਤੇ ਜੋਤਸ਼ੀ ਪੁਛਦਾ ਹੈ ਕਿ ਦੱਸੋ ਸੰਤ ਜੀ, ਆਪ ਜੀ ਦਾ ਕਿਸ ਤਰ੍ਹਾਂ ਨਾਲ ਆਉਣਾ ਹੋਇਆ? ਕਹਿਣ ਲੱਗੇ, ਮੈਂ ਤਾਂ

ਬਾਦ ਵਿਚ ਦੱਸਾਂਗਾ, ਪਹਿਲਾਂ ਤੁਸੀਂ ਆਪਣਾ ਹਾਲ ਦੱਸੋ ਕਿ ਇਹ ਤੁਹਾਡੇ ਘਰ ਵਿਚ ਕੀ ਵਰਤਾਰਾ ਹੈ। ਬੀਬੀ ਐਨਾ ਬੁਰਾ ਭਲਾ ਤੁਹਾਨੂੰ ਕਹਿ ਰਹੀ ਹੈ, ਤੁਸੀਂ ਚੁਪ ਹੋ, ਸ਼ਾਤ ਚਿਤ ਹੋ, ਇਸ ਦਾ ਕੀ ਕਾਰਨ ਹੈ? ਕਹਿਣ ਲੱਗਿਆ, ਇਹ ਤਾਂ ਮੈਥੋਂ ਸਾਰੇ ਹੀ ਪੁਛਦੇ ਨੇ ਲਉ ਹੁਣ ਤੁਹਾਨੂੰ ਵੀ ਦੱਸ ਦਿੰਦਾ ਹਾਂ। ਪੰਡਤ ਜੀ ਦੱਸਣ ਲੱਗੇ ਕਿ ਮੇਰਾ ਹਾਲ ਇਹ ਹੈ ਕਿ ਮੈਂ ਪਿਛਲੇ ਜਨਮ ਵਿਚ ਕਾਉਂ ਹੁੰਦਾ ਸੀ ਤੇ ਮੇਰੇ ਘਰਵਾਲੀ ਖੋਤੀ ਦੀ ਜੂਨ ਵਿਚ ਸੀ। ਇਸ ਦੀ ਪਿੱਠ ਉਤੇ ਭਾਰ ਲੱਦਣ ਕਰਕੇ ਲਾਗਾ ਲਗਿਆ ਹੋਇਆ ਸੀ ਤੇ ਮੈਂ ਇਸ ਦੇ ਜਖਮਾਂ ਤੇ ਠੂੰਗਾਂ ਮਾਰਦਾ ਰਹਿੰਦਾ ਸੀ। ਇਸ ਨੂੰ ਜਾਣ ਬੁੱਝ ਕੇ ਤੰਗ ਕਰਦਾ ਸੀ ਤੇ ਉਚੇਚੇ ਤੌਰ ਤੇ ਇਸ ਦੇ ਜ਼ਖਮਾਂ ਤੇ ਠੂੰਗਾਂ ਮਾਰਦਾ ਰਹਿੰਦਾ ਸੀ। ਇਹ ਦੁਖੀ ਹੋ ਕੇ ਇਥੋਂ ਨਸ ਗਈ ਤੇ ਬਾਰਾਂ ਮੀਲ ਦੂਰ ਚਲੀ ਗਈ ਤੇ ਬੜੇ ਦਿਨਾਂ ਬਾਅਦ ਜਦੋਂ ਮੈਂ ਅਕਾਸ਼ ਵਿਚ ਉਡ ਰਿਹਾ ਸੀ, ਇਸ ਤੇ ਨਜ਼ਰ ਪੈ ਗਈ ਤੇ ਮੈਂ ਹੇਠਾਂ ਉਤਰ ਕੇ ਇਸ ਦੇ ਜਖਮਾਂ ਉਤੇ ਇਤਨੀ ਜੋਰ ਦੀ ਟੁੱਭੀ ਮਾਰ ਕੇ ਚੁੰਝ ਮਾਰੀ ਕਿ ਮੇਰੀ ਚੁੰਝ ਇਸ ਦੀ ਹੱਡੀ ਵਿਚ ਖੁੱਭ ਗਈ। ਇਸ ਨੂੰ ਬਹੁਤ ਜਿਆਦਾ ਤਕਲੀਫ ਹੋਈ ਤੇ ਇਹ ਨੱਸ ਪਈ ਤੇ ਮੇਰੀ ਚੁੰਝ ਹੱਡੀ ਵਿਚ ਖੁੱਭੀ ਹੋਈ ਸੀ। ਨੇੜੇ ਇਕ ਮਹਾਂਪੁਰਸ਼ਾਂ ਦਾ ਸਥਾਨ ਸੀ। ਉਥੇ ਪਿਛਲੇ ਪਾਸੇ ਇਕ ਨੀਵੀਂ ਥਾਂ ਤੇ ਉਨ੍ਹਾਂ ਦਾ ਤੇ ਸੰਗਤਾਂ ਦੇ ਇਸ਼ਨਾਨ ਦਾ ਪਾਣੀ ਜਮਾਂ ਹੋ ਜਾਂਦਾ ਸੀ ਉਹ ਬਹੁਤ ਡੂੰਘਾ ਡੂੰਮ ਸੀ ਤੇ ਇਹ ਦੌੜ ਕੇ ਉਸ ਪਾਣੀ ਦੇ ਡੂੰਮ ਵਿਚ ਡੁੱਬ ਗਈ ਤੇ ਨਾਲ ਹੀ ਮੈਂ ਡੁੱਬ ਗਿਆ। ਮਹਾਂਪੁਰਸ਼ਾਂ ਦੇ ਸਰੀਰ ਦੇ ਇਸ਼ਨਾਨ ਵਾਲੇ ਜਲ ਵਿਚ ਡੁੱਬ ਕੇ ਮਰਨ ਦਾ ਇਹ ਫਲ ਲੱਗਿਆ ਕਿ ਮੈਂ ਪੰਡਤ ਹੋ ਗਿਆ ਤੇ ਇਹ ਪੰਡਤਾਣੀ ਹੋ ਗਈ। ਸਾਡੀ ਸ਼ਾਦੀ ਹੋ ਗਈ ਤੇ ਪਿਛਲਾ ਕਰਮ ਸਾਡਾ ਮਿਟਿਆ ਨਹੀਂ ਪਰ ਸਾਨੂੰ ਜਨਮ ਜਰੂਰ ਮਨੁੱਖ ਜੂਨੀ ਵਿਚ ਮਿਲ ਗਿਆ। ਪਿਛਲੀ ਜੂਨ ਵਿਚ ਜਦੋਂ ਮੈਂ ਕਾਉਂ ਸੀ, ਇਸ ਦੇ ਜਖਮਾਂ ਤੇ ਚੁੰਝਾਂ ਮਾਰਿਆ ਕਰਦਾ ਸੀ ਪਰ ਹੁਣ ਇਹ ਮੈਨੂੰ ਕੌੜੇ ਕੁਸੈਲੇ ਬਚਨਾਂ ਦੀਆਂ ਚੁੰਝਾਂ ਮਾਰਦੀ ਹੈ। ਮੈਨੂੰ ਇਸ ਦਾ ਪਤਾ ਹੈ ਤੇ ਮੈਨੂੰ ਇਸ ਤੇ ਗੁੱਸਾ ਨਹੀਂ ਆਉਂਦਾ। ਮੇਰੇ ਧਿਆਨ ਵਿਚ ਰਹਿੰਦਾ ਹੈ ਕਿ ਮੈਂ ਵੀ ਇਸ ਨੂੰ ਬਹੁਤ ਦੁਖ ਦਿਤਾ ਹੈ। ਇਸ ਤਰ੍ਹਾਂ ਨਾਲ ਸੰਤ ਜੀ! ਮੇਰਾ ਹਾਲ ਤਾਂ ਇਹ ਹੈ, ਹੁਣ ਤੁਸੀਂ ਆਪਣਾ ਹਾਲ ਦੱਸੋ।

ਸੰਤ ਆਪਣੇ ਦੋਵੇਂ ਹੱਥ ਅੱਗੇ ਕਰਕੇ ਕਹਿਣ ਲੱਗੇ ਕਿ ਜੋਤਸ਼ੀ ਜੀ! ਇਹ ਦੱਸੋ ਕਿ ਮੇਰੇ ਦੋਵੇਂ ਹੱਥ ਕਿਉਂ ਵੱਢੇ ਗਏ? ਪੰਡਤ ਜੀ ਥੋੜ੍ਹੇ ਚੁਪ ਹੋ ਗਏ ਤੇ ਆਪਣਾ ਹਿਸਾਬ ਕਿਤਾਬ ਕੱਢ ਕੇ ਕਹਿਣ ਲੱਗੇ ਕਿ ਤੁਸੀਂ ਪਿਛਲੇ ਜਨਮ ਵਿਚ ਸੰਤ ਸੀਗੇ ਤੇ ਤੁਸੀਂ ਮੋਨੀ ਸੰਤ ਸੀ, ਕਿਸੇ ਨਾਲ ਬੋਲਿਆ ਨਹੀਂ ਸੀ ਕਰਦੇ। ਇਹ ਜਿਹੜਾ ਰਾਜਕੁਮਾਰ ਹੈ - ਰਾਜੇ ਦਾ ਲੜਕਾ, ਜਿਸ ਦੀ ਮੌਤ ਉਸ ਲੜਕੀ ਦੇ ਹੱਥੋਂ ਹੋਈ ਹੈ ਇਹ ਪਿਛਲੇ ਜਨਮ ਵਿਚ ਕਸਾਈ ਸੀ। ਇਹ ਲੜਕੀ ਜੋ ਕਿ ਰਾਜਕੁਮਾਰੀ ਹੈ ਜਿਸ ਨੇ ਤੁਹਾਡੇ ਤੇ ਇਲਜ਼ਾਮ ਲਾਇਐ, ਇਹ ਪਿਛਲੇ ਜਨਮ ਵਿਚ ਗਊ ਸੀ। ਇਕ ਦਫਾ ਦਾ ਜ਼ਿਕਰ ਹੈ ਕਿ ਇਸ ਗਊ ਨੂੰ ਖਰੀਦ ਕੇ ਕਸਾਈ ਜ਼ਿਬਾਹ (ਮਾਰਨ) ਕਰਨ ਵਾਸਤੇ ਲਈ ਜਾ ਰਿਹਾ ਸੀ ਤੇ ਸੰਤ ਜੀ ਜਿਥੇ ਤੁਸੀਂ ਭਜਨ ਕਰਿਆ ਕਰਦੇ ਸੀ ਉਸ ਤੋਂ ਥੋੜ੍ਹੀ ਦੂਰ ਝਿੜੀ ਸੀ, ਉਥੇ ਲਿਜਾ ਕੇ ਜਦੋਂ ਇਸ ਨੂੰ ਵੱਢਣ ਲੱਗਿਆ ਤਾਂ ਇਹ ਰੱਸਾ ਤੁੜਾ ਕੇ ਭੱਜ ਆਈ। ਤੁਹਾਡੇ ਪਿਛਲੇ ਪਾਸੇ ਇਕ ਡੂੰਘਾ ਸੁੱਕਾ ਟੋਆ ਸੀ। ਇਹ ਗਊ ਤੁਹਾਡੇ ਅੱਗੇ ਦੀ ਲੰਘ ਕੇ ਉਸ ਵਿਚ ਵੜ ਗਈ। ਕਸਾਈ ਗਊ ਦਾ ਪਿਛਾ ਕਰਨ ਲਈ ਦੌੜਿਆ ਜਾ ਰਿਹਾ ਸੀ ਪਰ ਇਸ ਨੂੰ ਕੋਈ ਪਤਾ ਨਹੀਂ ਲੱਗਿਆ ਕਿ ਗਊ ਕਿਥੇ ਗਈ। ਤੁਹਾਡੇ ਕੋਲ ਆ ਕੇ ਇਸ ਨੇ ਤੁਹਾਨੂੰ ਪੁਛਿਆ ਕਿ ਐਥੇ ਗਊ ਤਾਂ ਨਹੀਂ ਆਈ ਤੇ ਹੱਥ ਵਿਚ ਛੁਰਾ ਸੀ ਅਤੇ ਇਹ ਵੀ ਤੁਸੀਂ ਜਾਣਦੇ ਸੀ ਕਿ ਇਹ ਕਸਾਈ ਹੈ। ਪਰੰਤੂ ਤੁਸੀਂ ਬਗੈਰ ਸੋਚੇ ਦੋਵੇਂ ਹੱਥ ਪਿਛੇ ਕਰਕੇ ਇਸ਼ਾਰਾ ਕਰ ਦਿਤਾ ਕਿ ਗਊ ਇਥੇ ਹੈ। ਉਸ ਨੇ ਗਊ ਫੜ ਲਈ ਤੇ ਗਊ ਨੂੰ ਮਾਰਨ ਵਾਸਤੇ ਦਰਿਆ ਦੇ ਕੰਢੇ ਤੇ ਲੈ ਗਿਆ ਤੇ ਉਥੇ ਜਾ ਕੇ ਮਾਰ ਦਿਤੀ ਤੇ ਹਾਲੇ ਗਊ ਦੀ ਖੱਲ ਲਾਹੁਣ ਹੀ ਲਗਿਆ ਸੀ ਕਿ ਜੰਗਲ ਵਿਚੋਂ ਸ਼ੇਰ ਆ ਗਿਆ ਤੇ ਤੈਨੂੰ ਸ਼ੇਰ ਨੇ ਮਾਰ ਦਿੱਤਾ। ਇੰਨੇ ਨੂੰ ਉਸ ਨਦੀ ਵਿਚ ਪਾਣੀ ਚੜ੍ਹ ਗਿਆ ਤੇ ਦੂਜੇ ਪਾਸੇ ਇਕ ਮਹਾਤਮਾ ਇਸ਼ਨਾਨ ਕਰ ਰਹੇ ਸੀ ਤੇ ਉਨ੍ਹਾਂ ਦੀ ਚਰਨ ਧੂੜ ਇਨ੍ਹਾਂ ਦੇ ਮਿਰਤਕ ਸਰੀਰਾਂ ਨੂੰ ਛੂਹ ਗਈ, ਉਸ ਦੇ ਨਾਲ ਇਨ੍ਹਾਂ ਨੂੰ ਮਨੁੱਖ ਦਾ ਜਾਮਾ ਪ੍ਰਾਪਤ ਹੋ ਗਿਆ।

ਉਹ ਰਾਜਕੁਮਾਰ ਬਣ ਗਿਆ, ਇਹ ਰਾਜਕੁਮਾਰੀ ਬਣ ਗਈ। ਹੁਣ ਕਰਮਾਂ ਨੇ ਤੁਸੀਂ ਤਿੰਨੇ ਇਕੱਠੇ ਕਰ ਦਿੱਤੇ। ਤੇਰੀ ਕੁਟੀਆ ਲਾਗੇ ਰਾਜੇ ਨੇ ਰਾਜਕੁਮਾਰ ਦਾ ਮਹਿਲ ਪਾ ਦਿਤਾ ਤੇ ਪਹਿਲੀ ਰਾਤ ਨੂੰ ਇਸ ਨੇ ਬਦਲਾ ਲੈਣਾ ਸੀ। ਇਹਦੇ ਹੱਥੋਂ ਤਲਵਾਰ ਛੁਟ ਕੇ ਰਾਜਕੁਮਾਰ ਦੇ ਲੱਗੀ, ਤੂੰ ਇਸ਼ਨਾਨ ਕਰਕੇ ਜਾ ਰਿਹਾ ਸੀ ਤੇ ਤੂੰ ਫੜਿਆ ਗਿਆ। ਪਿਛਲੇ ਜਨਮ ਦਾ ਤੇਰਾ ਇਹ ਕਸੂਰ ਸੀ ਕਿ ਤੂੰ ਦੋਵਾਂ ਹੱਥਾਂ ਨਾਲ ਇਸ਼ਾਰਾ ਕਰਕੇ ਕਹਿ ਦਿਤਾ ਕਿ ਉਹ ਪਿਛਲੇ ਪਾਸੇ ਗਊ ਹੈ, ਉਸ ਨੇ ਇਸਦਾ ਸਿਰ ਵੱਢਿਆ ਸੀ, ਰਾਜਕੁਮਾਰੀ (ਗਊ) ਨੇ ਇਸ ਦਾ ਵੱਢ ਦਿਤਾ। ਜਿੰਨਾ ਕਸੂਰ ਤੇਰਾ ਸੀ, ਉਸ ਦੀ ਸਜ਼ਾ ਤੈਨੂੰ ਮਿਲਣੀ ਹੀ ਸੀ, ਇਸ ਕਰਕੇ ਤੇਰੇ ਹੱਥ ਵੱਢੇ ਗਏ। ਸੋ ਤੂੰ ਹੁਣ ਫਿਕਰ ਨਾ ਕਰ। ਚਾਹੀਦਾ ਤਾਂ ਤੈਨੂੰ ਇਹ ਸੀ ਕਿ ਤੂੰ ਚੁਪ ਰਹਿੰਦਾ ਤੇ ਬਗੈਰ ਇਸ਼ਾਰਾ ਕੀਤੇ ਮਸਤ ਰਹਿੰਦਾ ਪਰ ਤੂੰ ਸੋਚਿਆ ਕਿ ਮੈਂ ਸੰਤ ਹਾਂ, ਮੈਨੂੰ ਸੱਚ ਬੋਲਣਾ ਚਾਹੀਦਾ ਹੈ। ਤੂੰ ਸੱਚ ਬੋਲ ਦਿਤਾ ਪਰ ਇਹ ਨਹੀਂ ਸੋਚਿਆ ਕਿ ਗਊ ਹੱਤਿਆ ਦਾ ਪਾਪ ਵੀ ਲੱਗੇਗਾ। ਜੇਕਰ ਐਸੇ ਹਾਲਾਤ ਵਿਚ ਚੁਪ ਰਿਹਾ ਜਾਂਦਾ ਤਾਂ ਉਸ ਦੀ ਜਾਨ ਬਚ ਜਾਣੀ ਸੀ ਤੇ ਤੈਨੂੰ ਇਹ ਪਾਪ ਨਹੀਂ ਸੀ ਲੱਗਣਾ। ਸੋ ਇਹ ਸਾਰਾ ਤੇਰੇ ਕਰਮਾਂ ਦਾ ਕਸੂਰ ਹੈ, ਇਸ ਵਿਚ ਰਾਜੇ ਦਾ ਦੋਸ਼ ਨਹੀਂ ਕਿ ਉਸ ਨੇ ਤੈਨੂੰ ਸਜ਼ਾ ਦਿਤੀ ਹੈ। ਸੰਸਾਰ ਵਿਚ ਆ ਕੇ ਹਰ ਇਕ ਆਪਣੇ ਕਰਮਾਂ ਦਾ ਹੀ ਫਲ ਭੋਗਦਾ ਹੈ ਤੇ ਕਰਮਾਂ ਦੀ ਗਤੀ ਬਹੁਤ ਬਲਵਾਨ ਹੈ, ਇਸ ਨੂੰ ਟਾਲਣਾ ਮੁਸ਼ਕਲ ਹੁੰਦਾ ਹੈ -

***ਧਾਰਨਾ - ਫਲ ਦਿਤਿਆਂ ਬਾਝ ਨਾ ਜਾਣਾ,***
***ਤੇਰਿਆਂ ਕਰਮਾਂ ਨੇ ਬੰਦਿਆਂ -2, 2.***

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥***

(ਬਾਕੀ ਪੰਨਾ 36 ਤੇ)

# ਵਿਸਾਖੀ
# ਪੂਰੀ ਹੋਈ ਕਰਾਮਾਤਿ
# ਆਪਿ ਸਿਰਜਣਹਾਰੈ ਧਾਰਿਆ॥

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂਹਾਨੀ ਮਿਸ਼ਨ***

ਭਾਰਤ ਵਿਚ ਵਰਣਨ ਯੋਗ ਇਸਲਾਮ ਦਾ ਰਾਜਸੀ ਕਾਲ ਕਈ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ। 1000 ਤੋਂ 1526 ਈ. ਤਕ ਪੰਜਾਬ ਦੀ ਹਾਲਤ ਤੂਫਾਨਾਂ ਦੀ ਮਾਰ ਹੇਠ ਆਏ ਉਸ ਮਕਾਨ ਵਾਂਗੂੰ ਸੀ ਜਿਸ ਦੇ ਬੂਹੇ ਅੱਧ ਖੁਲ੍ਹੇ ਰਹਿਣ ਕਰਕੇ ਝੱਖੜ ਮਕਾਨ ਦੇ ਅੰਦਰ ਦਾਖਲ ਹੋ ਗਏ ਹੋਣ ਅਤੇ ਸਾਰੇ ਮਕਾਨ ਵਿਚ ਚੀਜ਼ਾਂ ਦੀ ਤਰਥੱਲੀ ਮਚਾ ਕੇ ਬੇ-ਵਿਉਂਤੀ ਕਰਕੇ ਖਿੰਡਾਅ ਦਿਤੀਆਂ ਹੋਣ। ਤੂਫਾਨ ਨਾਲ ਮਕਾਨ ਦੀਆਂ ਕੰਧਾਂ ਗਿਰ ਗਈਆਂ ਅਤੇ ਉਜੜੇ ਥੇਹ ਵਾਂਗੂੰ ਪ੍ਰਤੀਤ ਦੇਣ ਲੱਗੀਆਂ। ਝੱਖੜਾਂ ਦਾ ਇਹ ਸਿਲਸਿਲਾ ਇਸਲਾਮੀ ਹਮਲਿਆਂ ਦੇ ਨਾਲ ਸ਼ੁਰੂ ਹੋ ਗਿਆ। ਇਸ ਦੇ ਮੋਢੀ ਅਫਗਾਨਿਸਤਾਨ ਰਾਜਸੀ ਖਾਨਦਾਨ ਨਾਲ ਸਬੰਧ ਰੱਖਣ ਵਾਲੇ ਅਲਪਤਗੀਨ ਅਤੇ ਸਬੁਕਤਦੀਨ ਸਨ ਉਨ੍ਹਾਂ ਨੇ ਭਾਰਤੀ ਸ਼ਕਤੀ ਨੂੰ ਖੇਰੂੰ-ਖੇਰੂੰ ਕਰਨਾ ਸ਼ੁਰੂ ਕਰ ਦਿਤਾ। ਮਹਿਮੂਦ ਨੇ ਆਪਣੇ ਰਾਜ ਕਾਲ 999-1030 ਈ. ਵਿਚ ਭਾਰਤ ਤੇ 17 ਹਮਲੇ ਕੀਤੇ ਜਿਨ੍ਹਾਂ ਦੀ ਬਹੁਤੀ ਮਾਰ ਕਾਨੌਂਜ, ਕਾਲੰਜਰ ਜਾਂ ਰੰਥਮਬੋਰ ਉਤੇ ਪਈ। ਮਹਿਮੂਦ ਦਾ ਇਕ ਹਮਲਾ ਗੁਜਰਾਤ ਵਿਚ ਮਸ਼ਹੂਰ ਮੰਦਰ ਸੋਮਨਾਥ ਉਪਰ ਹੋਇਆ। ਹਿੰਦੂ ਰਾਜਿਆਂ ਦੀ ਰਾਜਧਾਨੀ ਪਹਿਲਾਂ ਕਾਬਲ ਸੀ, ਉਥੋਂ ਹਟ ਕੇ ਉਦਭੰਡ ਵਿਚ ਕਾਇਮ ਹੋਈ, ਇਥੋਂ ਵੀ ਤੁਰਕਾਂ ਨੇ ਇਨ੍ਹਾਂ ਨੂੰ ਨੰਦਨਾਂ ਵਿਚ ਧਕੇਲ ਦਿਤਾ। ਅਖੀਰ ਸਰਹੰਦ ਨੂੰ ਆਪਣੀ ਰਾਜਧਾਨੀ ਬਣਾ ਕੇ ਰਾਜ ਕਰਨ ਲੱਗੇ। ਹਿੰਦ ਦੇ ਰਾਜੇ ਕਦੇ ਇਕੱਠੇ ਹੋ ਕੇ ਜੁੱਧ ਨਹੀਂ ਕਰਦੇ ਸਨ, ਇਸ ਕਰਕੇ ਇਕੱਲੇ-ਇਕੱਲੇ ਮਾਰ ਖਾਂਦੇ ਰਹਿੰਦੇ ਸੀ। ਗਜ਼ਨਵੀਆਂ ਦੀ ਤਾਕਤ ਘਟਣ ਨਾਲ ਗੌਰੀ ਤੁਰਕਾਂ ਨੇ ਥਾਂ ਮੱਲ ਲਈ। ਉਨ੍ਹਾਂ ਨੇ ਲੁੱਟ ਕੇ ਵਾਪਸ ਜਾਣ ਦੀ ਥਾਂ ਭਾਰਤ ਵਿਚ ਪੈਰ ਜਮਾ ਲਏ। ਸਹਾਬ-ਉਦ-ਦੀਨ ਨੇ ਭਾਰਤ ਵਿਚ ਤੁਰਕੀ ਰਾਜ ਕਾਇਮ ਕਰ ਲਿਆ। ਇਸੇ ਸਮੇਂ ਵਿਚ ਚੰਗੇਜ਼ ਖਾਨ ਵਰਗੇ ਮੱਧ ਏਸ਼ੀਆ ਵਿਚੋਂ ਉਠੇ। ਸਮੁੰਦਰ ਦੀਆਂ ਕਾਗਾਂ ਵਾਂਗ ਮੱਲਾਂ ਮਾਰਦੇ ਫੈਲ ਗਏ। ਰੂਸ, ਈਰਾਨ, ਅਫਗਾਨਿਸਤਾਨ ਸਭਨਾਂ ਦੇਸਾਂ ਦੀ ਤਾਕਤ ਤੀਲ੍ਹਿਆਂ ਵਾਂਗ ਇਨ੍ਹਾਂ ਦੀ ਤਾਕਤ ਦੇ ਅੱਗੇ ਉਡ ਗਈ। ਚੰਗੇਜ਼ ਖਾਨ ਜਲਾਲ-ਉ-ਦ-ਦੀਨ ਦਾ ਪਿਛਾ ਕਰਦਾ ਅਟਕ ਦਰਿਆ ਤਕ ਪਹੁੰਚ ਗਿਆ। ਇਨ੍ਹਾਂ ਨੇ ਭਾਰਤ ਦੀ ਅਮੀਰੀ ਨੂੰ ਤੱਕ ਕੇ 300 ਸਾਲ ਤਕ ਭਾਰਤ ਵਿਚ ਉਜਾੜਾਂ ਤੇ ਬਰਬਾਦੀ ਦਾ ਮਹੌਲ ਕਾਇਮ ਰੱਖਿਆ। ਇਸ ਸਮੇਂ ਵਿਚ ਅਮੀਰ ਤੈਮੂਰ ਤੇ ਬਾਬਰ ਦੀਆਂ ਮੁਹਿੰਮਾਂ ਮਹੱਤਤਾ ਰਖਦੀਆਂ ਹਨ। ਤੈਮੂਰ ਨੇ ਭਾਰਤ ਵਿਚ ਅਜਿਹਾ ਜਬਰ ਕੀਤਾ ਕਿ ਸੁਣ ਕੇ ਲੂ ਕੰਡੇ ਖੜ੍ਹੇ ਹੁੰਦੇ ਹਨ। ਇਸ ਰਾਜਸੀ ਉਥੱਲ-ਪੁਥੱਲ ਵਿਚ ਪੰਜਾਬ ਨੂੰ ਬਹੁਤ ਵੱਡਾ ਸੰਤਾਪ ਝਲਣਾ ਪਿਆ। ਦਿੱਲੀ ਦੇ ਬਾਦਸ਼ਾਹ ਨੇ ਕਾਬਲ ਵਲੋਂ ਆਉਣ ਵਾਲੇ ਹਮਲਾਵਰਾਂ ਦਾ ਮੁਕਾਬਲਾ ਕਰਨ ਵਾਸਤੇ ਪੰਜਾਬ ਨੂੰ ਇਕ ਸੈਨਿਕ ਛਾਉਣੀ ਵਿਚ ਬਦਲ ਦਿਤਾ। ਇਨ੍ਹਾਂ ਫੌਜੀਆਂ ਨੇ ਪੰਜਾਬ ਦੀ ਆਰਥਿਕ ਹਾਲਤ ਉਤੇ ਬਹੁਤ ਸੱਟ ਮਾਰੀ। ਉਸ ਸਮੇਂ ਦਾ ਪੰਜਾਬ ਕਈ ਹਿੱਸਿਆਂ ਵਿਚ ਵੰਡਿਆ ਹੋਇਆ ਸੀ। ਸੁਲਤਾਨਾਂ ਦਾ ਆਪਣਾ ਰਾਜ ਸੀ, ਮੁਲਤਾਨ, ਦੀਪਾਲਪੁਰ, ਲਾਹੌਰ, ਜਲੰਧਰ, ਸਰਹੰਦ ਤੇ ਸਮਾਣਾ ਆਦਿ ਦੇ ਵੱਖਰੇ-ਵੱਖਰੇ ਸੁਤੰਤਰ ਹਾਕਮ ਹੋਇਆ ਕਰਦੇ ਸਨ। ਇਸ ਰਾਜਸੀ ਸਮੇਂ ਵਿਚ ਹਿੰਦੂਆਂ ਦੀ ਹਾਲਤ ਬਹੁਤ ਹੀ ਪਤਲੀ ਹੋ ਗਈ। ਸਾਰੇ ਵੱਡੇ ਅਹੁਦਿਆਂ ਉਪਰ ਹਮਲਾਵਰ ਫੌਜਾਂ ਦੇ ਨੁਮਾਇੰਦੇ ਹੀ ਨਿਯੁਕਤ ਹੋਇਆ ਕਰਦੇ ਸਨ। ਪੰਜਾਬ ਵਿਚ ਜਿਨ੍ਹਾਂ ਹਿੰਦੂਆਂ ਨੇ ਇਸਲਾਮ ਧਾਰਨ ਕੀਤਾ ਸੀ ਉਨ੍ਹਾਂ ਨੂੰ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਿਸਾਖੀ ਦੇ ਮੌਕੇ ਤੇ ਸੀਸ ਦੀ ਮੰਗ ਕਰਦੇ ਹੋਏ।

ਵੀ ਵੱਡਿਆਂ ਅਹੁਦਿਆਂ ਤੋਂ ਵੰਚਿਤ ਰੱਖਿਆ ਜਾਂਦਾ ਸੀ ਪਰ ਫਿਰ ਵੀ ਹਿੰਦੂਆਂ ਨਾਲੋਂ ਉਨ੍ਹਾਂ ਨੂੰ ਜ਼ਿਆਦਾ ਸਹੂਲਤਾਂ ਪ੍ਰਾਪਤ ਹੁੰਦੀਆਂ ਸਨ। ਹਿੰਦੂਆਂ ਨੂੰ ਕਾਫਰ ਅਤੇ ਬੁਤਪ੍ਰਸਤ ਆਖਿਆ ਜਾਂਦਾ ਸੀ। ਇਨ੍ਹਾਂ ਨਾਲ ਸ਼ਾਸ਼ਕਾਂ ਨੂੰ ਹਮਦਰਦੀ ਨਹੀਂ ਸੀ, ਇਨ੍ਹਾਂ ਨੂੰ ਦੂਜੇ ਦਰਜੇ ਦੇ ਅਧਿਕਾਰ ਪ੍ਰਾਪਤ ਸਨ। ਮੁਗਲਾਂ ਦੇ ਵੇਲੇ ਹਿੰਦੂਆਂ ਦੀ ਲਿਆਕਤ ਨੂੰ ਜਾਣਦਿਆਂ ਉਨ੍ਹਾਂ ਨੂੰ ਰਾਜ ਪ੍ਰਬੰਧ ਵਿਚ, ਵਣਜ ਵਪਾਰ, ਖੇਤੀ ਬਾੜੀ ਆਦਿਕ ਮਹਿਕਮਿਆਂ ਵਿਚ ਕੁਝ ਵਿਸ਼ੇਸ਼ ਹੱਕ ਪ੍ਰਾਪਤ ਸਨ। ਇਸ ਸਮੇਂ ਵਿਚ ਹਿੰਦੂ ਰਾਜੇ ਬਿਲਕੁਲ ਮਿੱਟੀ ਦੇ ਬੁੱਤ ਤਾਂ ਨਹੀਂ ਸਨ ਪਰ ਆਪਣੀਆਂ ਸੀਮਤ ਆਰਥਿਕ ਹਾਲਤਾਂ ਦੇ ਅਧੀਨ ਬਹੁਤ ਵੱਡੀ ਫੌਜ ਨਹੀਂ ਰਖ ਸਕਦੇ ਸਨ। ਰਾਜਾ ਜੈ ਪਾਲ ਨੇ ਮਹਿਮੂਦ ਸਬੁਕਤਗੀਨ ਤੋਂ ਹਾਰ ਖਾ ਕੇ ਵੀ ਹਾਰ ਨਹੀਂ ਮੰਨੀ ਸੀ। ਉਸ ਦੇ ਉਤਰਾਧਿਕਾਰੀ ਰਾਜਾ ਅਨੰਦਪਾਲ ਨੇ ਮਹਿਮੂਦ ਦੇ ਵਿਰੁਧ ਰਾਜਪੂਤਾਂ ਦਾ ਇਕ ਸੰਘ ਕਾਇਮ ਕਰ ਲਿਆ ਪਰ ਕੋਈ ਬਹੁਤੀ ਸਫਲਤਾ ਨਾ ਹੋਈ। ਉਸ ਦੇ ਪੁੱਤਰ ਤ੍ਰਿਲੋਚਨ ਪਾਲ ਨੇ ਸਰਹੰਦ ਨੂੰ ਰਾਜਧਾਨੀ ਬਣਾਇਆ। ਉਸ ਸਮੇਂ ਇਸ ਤਰ੍ਹਾਂ ਲਗਦਾ ਸੀ ਜਿਵੇਂ ਹਿੰਦੂਆਂ ਵਿਚ ਕੋਈ ਜਾਨ ਹੀ ਨਾ ਰਹੀ ਹੋਵੇ। ਭਾਵੇਂ ਪੰਜਾਬ ਦੇ ਪਹਾੜਾਂ ਵਿਚ ਪਹਾੜੀ ਰਾਜਪੂਤ ਰਾਜੇ ਰਾਜ ਕਰਦੇ ਸਨ ਪਰ ਉਹ ਕਦੇ ਵੀ ਇਸਲਾਮੀ ਰਾਜਿਆਂ ਨਾਲ ਡਟ ਕੇ ਨਹੀਂ ਲੜੇ ਸਨ। 1521 ਵਿਚ ਬਾਬਰ ਨੇ ਪੰਜਾਬ ਉਤੇ ਹਮਲਾ ਕੀਤਾ ਅਤੇ ਸੈਦਪੁਰ (ਏਮਨਾਬਾਦ) ਨੂੰ ਬਿਲਕੁਲ ਤਬਾਹ ਕਰ ਦਿਤਾ। ਗੁਰੂ ਨਾਨਕ ਪਾਤਸ਼ਾਹ ਉਥੇ ਮੌਜੂਦ ਸਨ। ਉਨ੍ਹਾਂ ਨੇ ਇਸ ਤਬਾਹੀ ਨੂੰ ਆਪਣੀਆਂ ਅੱਖਾਂ ਨਾਲ ਦੇਖਿਆ ਅਤੇ ਦਰਦਨਾਕ ਹਾਲਤ ਨੂੰ ਤਕਦਿਆਂ ਫੁਰਮਾਨ ਕੀਤਾ–

***ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥***
***ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥***
***ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ॥***
***ਕਰਤਾ ਤੂੰ ਸਭਨਾ ਕਾ ਸੋਈ॥***
***ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥***
***ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ॥***
***ਰਤਨ ਵਿਗਾੜਿ ਵਿਗੋਏ ਕੁਤੀ ਮੁਇਆ ਸਾਰ ਨ ਕਾਈ॥***
***ਆਪੇ ਜੋੜਿ ਵਿਛੋੜੇ ਆਪੇ ਵੇਖੁ ਤੇਰੀ ਵਡਿਆਈ॥***
***ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ॥***
***ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ॥***
***ਮਰਿ ਮਰਿ ਜੀਵੈ ਤਾ ਕਿਛੁ ਪਾਏ ਨਾਨਕ ਨਾਮੁ ਵਖਾਣੇ॥***
***ਪੰਨਾ – 360***

ਇਥੇ ਗੁਰੂ ਮਹਾਰਾਜ ਜੀ ਨੇ ਬਾਬਰ ਦੀਆਂ ਫੌਜਾਂ ਨੂੰ ਸ਼ੇਰ ਦੀ ਤੁਲਨਾ ਦਿਤੀ ਅਤੇ ਪੰਜਾਬ ਵਾਸੀਆਂ ਨੂੰ ਗਾਂਈਆਂ ਦੇ ਵੱਗ ਨਾਲ ਤੁਲਨਾ ਦਿਤੀ। ਮਾਨਸਕ ਗਿਰਾਵਟ ਦੀ ਹਾਲਤ ਦਸਦਿਆਂ ਹੋਇਆਂ ਫੁਰਮਾਨ ਕੀਤਾ –

***ਸਰਮ ਧਰਮ ਕਾ ਡੇਰਾ ਦੂਰਿ॥***
***ਨਾਨਕ ਕੂੜੁ ਰਹਿਆ ਭਰਪੂਰਿ॥***
***ਮਥੈ ਟਿਕਾ ਤੇੜਿ ਧੋਤੀ ਕਖਾਈ॥***
***ਹਥਿ ਛੁਰੀ ਜਗਤ ਕਾਸਾਈ॥***
***ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥***
***ਮਲੇਛ ਧਾਨੁ ਲੇ ਪੂਜਹਿ ਪੁਰਾਣੁ॥***
***ਅਭਾਖਿਆ ਕਾ ਕੁਠਾ ਬਕਰਾ ਖਾਣਾ॥***
***ਚਉਕੇ ਉਪਰਿ ਕਿਸੈ ਨ ਜਾਣਾ॥ ਪੰਨਾ – 472***

ਭਾਰਤ ਦੇ ਹਿੰਦੂ, ਸ੍ਵੈਮਾਨ ਅਤੇ ਅਣਖ ਵਰਗਾ ਅਨਮੁੱਲਾ ਗੁਣ ਆਪਣੇ ਵਿਚੋਂ ਗੁਆ ਕੇ ਢਹਿੰਦੀਆਂ ਕਲਾਂ ਵਿਚ ਸਹਿਕ ਰਹੇ ਸਨ। ਇਤਿਹਾਸਕਾਰਾਂ ਦਾ ਮਤ ਹੈ ਕਿ ਇਹ ਪਤਨ ਅਚਾਨਕ ਸ਼ੁਰੂ ਨਹੀਂ ਹੋਇਆ ਸੀ। ਇਹ ਸਾਰੀ ਗਿਰਾਵਟ ਵਿਦੇਸ਼ੀਆਂ ਦੇ ਸਿਰ ਤੇ ਨਹੀਂ ਮੜ੍ਹੀ ਜਾ ਸਕਦੀ। ਇਸ ਦਾ ਸਬੰਧ ਮਹਾਰਾਜਾ ਹਰਸ਼ ਵਰਧਨ ਦੇ ਸਮੇਂ ਤੋਂ ਹੀ ਸ਼ੁਰੂ ਹੋ ਗਿਆ ਸੀ। **ਜਾਤ ਪਾਤ ਦੇ ਬੰਧਨਾਂ ਵਿਚ ਕੱਟੜਤਾ, ਪ੍ਰਸਪਰ ਮੇਲ ਜੋਲ ਦੀ ਅਣਹੋਂਦ ਤੇ ਅੰਧ ਵਿਸ਼ਵਾਸ਼ ਦਾ ਪਸਾਰਾ, ਕਰਮ–ਕਾਂਡਾਂ ਦਾ ਕਰੜਾ ਜਾਲ ਜੋ ਪ੍ਰੋਹਤ ਸ਼੍ਰੇਣੀ ਨੇ ਪਸਾਰਿਆ ਸੀ, ਉਸ ਨਾਲ ਭਾਰਤ ਦੀ ਵਸੋਂ ਬਿਲਕੁਲ ਨਿਮਾਣੀ ਨਿਤਾਣੀ ਹੋ ਚੁੱਕੀ ਸੀ। ਰ**ਹਿੰਦੀ ਕਸਰ ਇਸਲਾਮੀ ਰਾਜਿਆਂ ਨੇ ਪੂਰੀ ਕਰ ਦਿਤੀ। ਗੁਰੂ ਨਾਨਕ ਪਾਤਸ਼ਾਹ ਦੇ ਸਮੇਂ ਇਹ ਹਾਲਤ ਸੀ –

***ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥***
***ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥***
***ਹਉ ਭਾਲਿ ਵਿਕੁੰਨੀ ਹੋਈ॥ ਆਧੇਰੈ ਰਾਹੁ ਨ ਕੋਈ॥***
***ਵਿਚਿ ਹਉਮੈ ਕਰਿ ਦੁਖੁ ਰੋਈ॥***
***ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥ ਪੰਨਾ – 145***

ਹਮਲਾਵਰ ਫੌਜਾਂ ਦੇ ਗੈਰ ਮੁਸਲਮਾਨ ਵਸੋਂ ਨੂੰ ਨਸ਼ਟ ਭ੍ਰਸ਼ਟ ਕਰਨ ਦੇ ਕਈ ਹੋਰ ਕਾਰਨ ਵੀ ਸਨ। ਪਹਿਲਾ – ਜਜ਼ੀਏ ਵਗੈਰਾ ਦਾ ਟੈਕਸ ਕੇਵਲ ਹਿੰਦੂਆਂ ਤੇ ਲਗਦਾ ਸੀ। ਫੌਜੀ ਛਾਉਣੀਆਂ ਪੰਜਾਬ ਦੇ ਪਿੰਡ–ਪਿੰਡ ਨੂੰ ਘੇਰੀਂ ਬੈਠੀਆਂ ਸਨ ਅਤੇ ਉਨ੍ਹਾਂ ਦੀ ਸੁਤੰਤਰਤਾ ਦੀ ਕੋਈ ਕਿਰਨ ਨਜ਼ਰ ਨਹੀਂ ਆ ਰਹੀ ਸੀ। ਲੁੱਟ ਕਸੁੱਟ ਦੀ ਕੋਈ ਫਰਿਆਦ ਸੁਣੀ ਨਹੀਂ ਜਾਂਦੀ ਸੀ। ਉਸ ਸਮੇਂ ਆਮ ਜਨਤਾ ਇਸਲਾਮ ਕਬੂਲਣ ਵਿਚ ਹੀ ਆਪਣਾ ਭਲਾ ਸਮਝਦੀ ਸੀ। ਹਿੰਦੂਆਂ ਉਤੇ ਜਜ਼ੀਆ ਇਸ ਕਰਕੇ ਲਗਾਇਆ ਜਾਂਦਾ ਸੀ ਕਿ ਹਿੰਦੂ ਜਨਤਾ ਆਪਣੀ ਰਾਖੀ ਉਪਰ ਆਏ ਖਰਚ ਪੂਰੇ ਕਰੇ। ਇਨ੍ਹਾਂ ਹਾਲਾਤਾਂ ਵਿਚ ਧਰਮ ਪਰਿਵਰਤਨ ਬਹੁਤ ਵੱਡੀ ਸੰਖਿਆ ਵਿਚ ਸ਼ੁਰੂ ਹੋ ਗਿਆ। ਹਿੰਦੂਆਂ ਨੂੰ ਕੋਈ ਵੀ ਉਚ ਪਦਵੀ ਪ੍ਰਾਪਤ ਨਹੀਂ ਹੋਇਆ ਕਰਦੀ ਸੀ। ਇਥੇ ਦੀ ਗੈਰ ਮੁਸਲਮ ਜਨਤਾ ਨੂੰ ਬਹੁਤ ਹੀ ਘਟੀਆ ਗਿਣਿਆ ਜਾਂਦਾ ਸੀ। ਪੱਛਮੀ ਪੰਜਾਬ ਦੇ ਲਗਭੱਗ ਸਾਰੇ ਰਾਜਪੂਤਾਂ ਨੇ ਹਿੰਦੂ ਧਰਮ ਤਿਆਗ ਕੇ ਇਸਲਾਮ ਕਬੂਲ ਕਰ ਲਿਆ ਸੀ। ਇਸ ਜਨਤਾ ਦੇ ਚਰਿੱਤਰ ਵਿਚੋਂ ਅਣਖ, ਸ੍ਵੈਮਾਨ, ਸ੍ਵੈ–ਵਿਸ਼ਵਾਸ਼ ਵਰਗੇ ਗੁਣ ਬਿਲਕੁਲ ਅਲੋਪ ਹੋ ਚੁੱਕੇ ਸਨ। ਵੱਡੇ–ਵੱਡੇ ਹਿੰਦੂ ਕਬੀਲੇ ਜਿਵੇਂ ਕਿ ਸਿਆਲ, ਸਰਹੰਗ ਵਾਲੀਏ, ਬਾਹਲੀਏ, ਬਕਨ, ਹਕਨ, ਖੋਖਰ, ਢੂਢੀ, ਟਿਵਾਏ, ਖਰਲ ਤੇ ਮਰਲ, ਭੱਟੀ ਆਦਿ ਸਮੂਹਿਕ ਤੌਰ ਤੇ ਇਸਲਾਮ ਧਾਰਨ ਕਰ ਚੁੱਕੇ ਸਨ।

ਅਲਾਉਦੀਨ ਵਰਗੇ ਸੁਲਤਾਨ ਨੇ ਹਿੰਦੂਆਂ ਦੇ ਮੰਦਰ ਢਾਹ ਦਿਤੇ ਅਤੇ ਬੁੱਤ ਤੋੜ ਦਿਤੇ। ਬੁੱਤਾਂ ਨੂੰ ਤੋਲ ਲਈ ਵੱਟੇ ਬਣਾ ਕੇ ਹਟਵਾਣੀਆਂ ਦੀਆਂ ਤੱਕੜੀਆਂ ਵਿਚ ਜਿਨਸਾਂ

ਤੋਲਣ ਲਈ ਵਰਤੇ ਜਾਂਦੇ ਸਨ। ਹਿੰਦੂਆਂ ਨੂੰ ਚੰਗੇ ਕਪੜੇ ਪਹਿਨਣ ਤੇ ਚੰਗੀਆਂ ਸਵਾਰੀਆਂ ਉਤੇ ਚੜ੍ਹਨ ਦੀ ਪਾਬੰਦੀ ਲੱਗ ਚੁੱਕੀ ਸੀ, ਤੀਰਥ ਯਾਤਰਾ ਲਈ ਵੱਖਰੇ ਟੈਕਸ ਵਸੂਲ ਕੀਤੇ ਜਾਂਦੇ ਸਨ। ਉਸ ਵੇਲੇ ਦੇ ਅਧਿਆਤਮਕ ਆਗੂ ਸਿੱਧਾਂ, ਜੋਗੀਆਂ ਦੇ ਰੂਪ ਵਿਚ ਘਰ ਛੱਡ ਕੇ ਪਹਾੜਾਂ ਦੀਆਂ ਟੀਸੀਆਂ ਵਿਚ ਜਾਂ ਮੰਦਰਾਂ ਵਿਚ ਡੇਰੇ ਲਾਉਂਦੇ ਸਨ ਜਾਂ ਸਾਧੂਆਂ ਦੇ ਟੋਲੇ ਬਣਾ-ਬਣਾ ਕੇ ਧੂਣੀਆਂ ਰਮਾਉਂਦੇ ਫਿਰਦੇ ਸਨ। ਇਹ ਜੁੰਡਲੀ ਕੋਈ ਕੰਮ ਨਹੀਂ ਕਰਦੀ ਸੀ ਸਗੋਂ ਜਨਤਾ ਉਤੇ ਬਹੁਤ ਭਾਰੀ ਬੋਝ ਬਣੀ ਹੋਈ ਸੀ। ਗੁਰੂ ਨਾਨਕ ਪਾਤਸ਼ਾਹ ਨੇ ਇਨ੍ਹਾਂ ਦੀ ਰਹੁਰੀਤ ਉਪਰ ਕਿੰਤੂ ਕਰਦਿਆਂ ਫੁਰਮਾਨ ਕੀਤਾ-

***ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ॥***
***ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ॥***
***ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥***

***ਪੰਨਾ - 730***

ਇਹੋ ਜਿਹੀ ਅਧੋਗਤੀ ਵਿਚ, ਹਿੰਦੂ ਸਮਾਜ ਵਿਚ ਜਾਤ ਪਾਤ, ਊਚ ਨੀਚ, ਛੂਤ-ਅਛੂਤ ਦੇ ਬਹੁਤ ਹੀ ਵਖੇਵੇਂ ਪਏ ਹੋਏ ਸਨ। ਲੋਕ ਵਾਹਿਗੁਰੂ ਜੀ ਦੀ ਰਜ਼ਾਅ ਵਿਚ ਰਹਿਣ ਦੀ ਥਾਂ ਜੋਗੀਆਂ ਦੇ ਕੋਲ ਜਾਂਦੇ, ਜਾਦੂ ਟੂਣਿਆਂ ਵਾਲਿਆਂ ਕੋਲ ਜਾ ਕੇ ਉਨ੍ਹਾਂ ਤੋਂ ਸ਼ਗਨ-ਅਪਸ਼ਗਨ ਪੁਛਦੇ ਅਤੇ ਟੂਣੇ-ਟਾਮਣ ਕਰਕੇ ਸੁਖ ਦੀ ਆਸ ਰਖਦੇ ਸਨ। ਇਉਂ ਪ੍ਰਤੀਤ ਦਿੰਦਾ ਸੀ ਜਿਵੇਂ ਹਿੰਦੂ ਸਮਾਜ ਦੇ ਵਿਸ਼ਾਲ ਸਰੀਰ ਵਿਚ ਬੇਅੰਤ ਬਿਮਾਰੀਆਂ ਪੈਦਾ ਹੋ ਗਈਆਂ ਹੋਣ ਅਤੇ ਇਸ ਸਰੀਰ ਦਾ ਲਹੂ ਰੁਕ-ਰੁਕ ਕੇ ਚਲ ਰਿਹਾ ਹੋਵੇ। ਇਕ ਤਰ੍ਹਾਂ ਨਾਲ ਇਹ ਸਮਾਜ ਜ਼ਮੀਨ ਉਤੇ ਲੰਮਾ ਹੀ ਪੈ ਗਿਆ ਸੀ, ਕੋਈ ਸੰਘਰਸ਼ ਇਨ੍ਹਾਂ ਦੇ ਮਨ ਵਿਚ ਨਹੀਂ ਉਪਜਦਾ ਸੀ। ਸ੍ਵੈਮਾਨ ਪੂਰੀ ਤਰ੍ਹਾਂ ਨਾਲ ਖਤਮ ਹੋ ਚੁਕਿਆ ਸੀ। ਇਨ੍ਹਾਂ ਦੀ ਸਹਾਇਤਾ ਕਰਨ ਵਾਲਾ ਈਸ਼ਵਰ, ਦੇਵੀ ਦੇਵਤਿਆਂ ਦੇ ਰੂਪ ਵਿਚ ਵੰਡਿਆ ਜਾ ਚੁਕਿਆ ਸੀ। ਇਨ੍ਹਾਂ ਨੇ ਉਨ੍ਹਾਂ ਦੇ ਬੁੱਤ ਬਣਾ ਕੇ ਉਸ ਤੋਂ ਹੀ ਆਪਣੀ ਕਲਿਆਣ ਦੀ ਮੰਗ ਕੀਤੀ। ਅਗਿਆਨ ਦਾ ਹਨ੍ਹੇਰਾ ਛਾ ਚੁਕਿਆ ਸੀ। ਇਸ ਦੇ ਮੁਕਾਬਲੇ ਤੇ ਇਸਲਾਮ ਕੇਵਲ ਇਕੋ ਇਕ ਪ੍ਰਮੇਸ਼ਰ ਨੂੰ ਮੰਨਦਾ ਸੀ। ਉਹ ਦ੍ਰਿੜ੍ਹ ਵਿਸ਼ਵਾਸ਼ੀ ਸੀ। ਹਜ਼ਰਤ ਮੁਹੰਮਦ ਜੀ ਨੂੰ ਉਹ ਕੇਵਲ ਅੱਲਾਹ ਦਾ ਰਸੂਲ ਤੇ ਪੈਗੰਬਰ (ਪੈਗਾਮ ਦੇਣ ਵਾਲਾ) ਮੰਨਿਆ ਕਰਦੇ ਸਨ। ਉਨ੍ਹਾਂ ਦੇ ਧਾਰਮਿਕ ਨਿਸ਼ਚੇ ਬਹੁਤ ਮਜ਼ਬੂਤ ਸਨ। ਇਧਰ ਹਿੰਦੂਆਂ ਦੇ ਨਿਸ਼ਚੇ ਡਾਵਾਂਡੋਲ ਅਤੇ ਤਾਕਤ ਤੋਂ ਹੀਣੇ ਸਨ। ਇਸ ਸਮੇਂ ਵਿਚ ਇਸਲਾਮ ਦੇ ਨਿਸ਼ਚੇ ਅੱਲਾਹ ਨਾਲ ਪੂਰੀ ਤਰ੍ਹਾਂ ਜੁੜੇ ਹੋਣ ਕਰਕੇ ਸੂਫੀ ਮਤ ਵਿਚ ਅਨੇਕਾਂ ਹੀ ਪੀਰ ਸੰਸਾਰ ਮੰਚ ਉਪਰ ਪ੍ਰਗਟ ਹੋਏ ਜਿਨ੍ਹਾਂ ਦੀਆਂ ਕਥਾਵਾਂ ਅੱਜ ਵੀ ਸੁਭਾਵਿਕ ਹੀ ਖਿੱਚਾਂ ਪਾਉਂਦੀਆਂ ਹਨ। ਸ਼ੇਖ ਫਰੀਦ ਵਰਗੇ ਸੂਫੀ ਨੂੰ ਗੁਰੂ ਗ੍ਰੰਥ ਸਾਹਿਬ ਜੀ ਵਿਚ ਥਾਂ ਮਿਲ ਕੇ ਸਤਿਗੁਰੂ ਦੀ ਪਦਵੀ ਪ੍ਰਾਪਤ ਹੋ ਜਾਣੀ ਉਸ ਦਾ ਅੱਲਾਹ ਉਪਰ ਵਿਸ਼ਵਾਸ਼ ਸੀ। ਇਨ੍ਹਾਂ ਪੀਰਾਂ ਨੇ ਆਪਣੇ ਉਪਦੇਸ਼ਾਂ ਨਾਲ ਬਹੁਤ ਸਾਰੇ ਹਿੰਦੂਆਂ ਨੂੰ ਇਸਲਾਮ ਵਿਚ ਦਾਖਲ ਕੀਤਾ। ਇਤਿਹਾਸਕਾਰਾਂ ਨੇ ਹਿੰਦੂ ਸਮਾਜ ਦਾ ਨਕਸ਼ਾ ਖਿਚਦਿਆਂ ਅੰਕਿਤ ਕੀਤਾ ਕਿ ਹਿੰਦੂ ਸਮਾਜ ਪੂਰੀ ਤਰ੍ਹਾਂ ਨਾਲ ਢਹਿੰਦੀਆਂ ਕਲਾਂ ਵਿਚ ਗਰਕ ਹੋ ਚੁਕਿਆ ਸੀ ਅਤੇ ਨਾਲ ਇਹ ਵੀ ਦਸਿਆ ਕਿ ਇਹ ਪਤਨ ਮਹਾਰਾਜਾ ਹਰਸ਼ ਵਰਧਨ ਦੇ ਉਸ ਸਮੇਂ ਤੋਂ ਸ਼ੁਰੂ ਹੋਇਆ ਜਦੋਂ ਬ੍ਰਾਹਮਣਾਂ ਦੀ ਅਗਵਾਈ ਵਿਚ ਕਰਮਕਾਂਡ ਛੂਤ ਛਾਤ ਦਾ ਪੂਰੀ ਤਰ੍ਹਾਂ ਬੋਲ ਬਾਲਾ ਹੋਇਆ ਸੀ। ਹਿੰਦੂ ਬ੍ਰਾਹਮਣ ਵਿਦਵਾਨਾਂ ਨੇ ਕਰਮਕਾਂਡਾਂ ਉਤੇ ਪੂਰਾ ਬਲ ਦਿਤਾ ਜਿਸਦੇ ਸਿੱਟੇ ਵਜੋਂ ਦੱਖਣ ਪ੍ਰਦੇਸ਼, ਪੂਰਬੀ ਭਾਰਤ ਅਤੇ ਸਮੁੱਚੇ ਦੇਸ਼ ਦੀ ਜਨਤਾ ਦੀ ਸ਼ਕਤੀ ਮਾਇਕ ਅਤੇ ਦਿਮਾਗੀ ਨਿਰਾਰਥਕ ਰਿਵਾਜਾਂ, ਵਹਿਮ ਪ੍ਰਸਤੀ ਤੇ ਖਰਚ ਹੋਣੀ ਸ਼ੁਰੂ ਹੋਈ। ਕਰਮ ਕਾਂਡ ਪ੍ਰਚਲਤ ਕਰਨ ਵਾਲੇ ਲੋਕਾਂ ਦਾ ਇਸ ਵਿਚ ਆਪਣਾ ਹਿਤ ਸੀ ਯਾਨਿ ਕਿ ਬ੍ਰਾਹਮਣ ਵਰਗ ਆਪਣੀ ਸਦਾ ਦੀ ਸਰਦਾਰੀ ਕਾਇਮ ਰਖਣੀ ਚਾਹੁੰਦਾ ਸੀ। ਅਜਿਹੇ ਸਮੇਂ ਸੁਭਾਵਿਕ ਹੀ ਲੋਕਾਂ ਵਿਚ ਸੋਚ ਸ਼ਕਤੀ ਮੱਧਮ ਪੈ ਗਈ, ਸਾਹਸਹੀਣੀ ਹੋ ਕੇ ਇਨ੍ਹਾਂ ਨੂੰ ਜੰਗਾਲ ਲਗਣਾ ਸ਼ੁਰੂ ਹੋ ਗਿਆ। ਚਿੰਤਨ ਸ਼ਕਤੀ ਵਿਚ ਰਹਿੰਦੀ ਖੂੰਹਦੀ ਕਸਰ ਸਮਾਜ ਦੇ ਕਰੜੇ ਨਿਯਮਾਂ ਨੇ ਪੂਰੀ ਕਰ ਦਿਤੀ। ਇਥੋਂ ਤਕ ਕਿ ਖਾਣ-ਪੀਣ, ਪਹਿਨਣ, ਫਸਲਾਂ ਬੀਜਣ, ਫਸਲਾਂ ਕੱਟਣ, ਵਿਆਹ ਸ਼ਾਦੀਆਂ ਦੀਆਂ ਥਿਤਾਂ, ਵਾਰਾਂ ਪੁਛਣ ਅਤੇ ਹਰ ਕੰਮ ਜੋਤਸ਼ੀਆਂ ਤੋਂ ਪੁੱਛ ਕੇ ਕਰਨ ਦੇ ਰਿਵਾਜ ਨੇ ਪੂਰੀ ਕਰ ਦਿਤੀ। ਉਚੀਆਂ-ਨੀਚੀਆਂ ਜਾਤਾਂ ਵਿਚ ਪੂਰੀ ਤਰ੍ਹਾਂ ਨਾਲ ਵਿਤਕਰਾ ਪੈ ਗਿਆ। ਦੇਸ਼ ਦੀ ਪ੍ਰਗਤੀ, ਦੇਸ਼ ਰੱਖਿਆ ਦੀ ਭਾਵਨਾ ਪੂਰੀ ਤਰ੍ਹਾਂ ਖਤਮ ਹੋ ਗਈ। ਵਿਆਹ ਕਰਨ ਲਈ ਜ਼ਰੂਰੀ ਜਾਣਿਆ ਗਿਆ ਕਿ ਵਿਆਹ ਬਿਲਕੁਲ ਓਪਰੇ ਪਰਿਵਾਰ ਵਿਚ ਕੀਤਾ ਜਾਵੇ ਕਿਉਂਕਿ ਸਾਕ ਸਬੰਧ ਵਿਚ ਵਿਆਹ ਕਰਨ ਨਾਲੋਂ ਓਪਰੇ ਵਿਆਹ ਵਿਚ ਜ਼ਿਆਦਾ ਮਹੱਤਤਾ ਗਿਣੀ ਗਈ। ਪੁਰਸ਼ ਨੂੰ ਇਕ ਇਸਤ੍ਰੀ ਤੋਂ ਵੱਧ ਇਸਤ੍ਰੀਆਂ ਰੱਖਣ ਦੀ ਖੁਲ੍ਹ ਸੀ। ਆਮ ਹਾਲਤਾਂ ਵਿਚ ਕਈ-ਕਈ ਇਸਤ੍ਰੀਆਂ ਨਾਲ ਵਿਆਹ ਕਰਾ ਸਕਦਾ ਸੀ। ਪਰ ਇਸਤ੍ਰੀ ਉਪਰ ਪੂਰੀ ਤਰ੍ਹਾਂ ਪਾਬੰਦੀ ਸੀ ਕਿ ਉਹ ਆਪਣੇ ਪਤੀ ਤੋਂ ਬਿਨ੍ਹਾਂ ਕਿਸੇ ਹੋਰ ਪੁਰਸ਼ ਦੀ ਪ੍ਰਸੰਸਾ ਵੀ ਨਹੀਂ ਕਰ ਸਕਦੀ। ਸਤੀ ਦਾ ਆਮ ਰਿਵਾਜ ਸੀ। ਜਦੋਂ ਪਤੀ ਮਰ ਜਾਂਦਾ ਸੀ ਤਾਂ ਇਸਤ੍ਰੀ ਨੂੰ ਸਤੀ ਹੋਣਾ ਪੈਂਦਾ ਸੀ। ਵਿਧਵਾ ਦੀ ਹਾਲਤ ਬਹੁਤ ਹੀ ਮੰਦੀ ਹੋਇਆ ਕਰਦੀ ਸੀ। ਉਹ ਸਾਰੀ ਜ਼ਿੰਦਗੀ ਦੁਖਾਂ ਵਿਚ ਪਈ ਹੋਈ ਲੰਘਾਉਂਦੀ ਸੀ। ਇਬਨ ਬਤੂਤਾ ਉਸ ਸਮੇਂ ਦੀ ਘਟਨਾ ਦਾ ਜ਼ਿਕਰ ਕਰਦੇ ਲਿਖਦਾ ਹੈ ਕਿ ਮੈਂ ਇਕ ਸਤੀ ਦੇਖੀ, ਤਿੰਨ ਦਿਨ ਉਸਦੀ ਖਾਤਰ ਹੋਈ। ਬੇਅੰਤ ਇਸਤ੍ਰੀਆਂ ਉਸ ਨੂੰ ਦੇਖਣ ਆਉਂਦੀਆਂ ਫਿਰ ਸਤੀ ਹੋਣ ਵਾਲੀ ਨੂੰ ਸਜਾ ਕੇ, ਸੁਗੰਧੀਆਂ ਲਗਾ ਕੇ, ਢੋਲ ਵਜਾਉਂਦਿਆਂ, ਚਿਖਾ ਵਲ ਲਿਜਾਂਦੇ ਅਤੇ ਅਗਿਆਨੀ ਲੋਕ ਉਸ ਨੂੰ ਸੁਨੇਹਾ ਦਿੰਦੇ ਕਿ ਤੂੰ ਦਰਗਾਹ ਵਿਚ ਜਾ ਕੇ ਮੇਰੇ ਮਾਤਾ, ਪਿਤਾ, ਭਰਾਤਾ, ਸਾਥੀਆਂ ਨੂੰ ਨਮਸਕਾਰ ਕਰੀਂ ਤੇ ਸੁਨੇਹਾ ਦੇਈਂ। ਉਹ ਕਹਿਣ ਲੱਗੀ, "ਹਾਂ, ਮੈਂ ਦੇ ਦੇਵਾਂਗੀ।" ਉਹ ਕਹਿਣ ਲੱਗਿਆ ਕਿ ਇਹ ਕਾਫਰਾਂ ਦਾ ਵਿਸ਼ਵਾਸ਼ ਦੇਖ ਕੇ ਮੈਨੂੰ ਬਹੁਤ ਹੈਰਾਨੀ ਹੋਈ। ਮੈਂ ਇਸ ਜਲੂਸ ਦੇ ਨਾਲ-ਨਾਲ ਗਿਆ। ਜਦੋਂ ਮੈਂ ਚਬੂਤਰਿਆਂ ਕੋਲ ਆਇਆ ਤਾਂ ਤਿੰਨ ਇਸਤ੍ਰੀਆਂ ਘੋੜਿਆਂ ਤੋਂ ਉਤਰ ਕੇ ਇਕ ਪਾਣੀ

ਦੇ ਕੁੰਡ ਵਿਚ ਕੁੱਦ ਗਈਆਂ ਤੇ ਉਨ੍ਹਾਂ ਨੇ ਆਪਣੇ ਕੱਪੜੇ ਤੇ ਗਹਿਣੇ ਉਤਾਰ ਕੇ ਦਾਨ ਵਿਚ ਦੇ ਦਿਤੇ ਫਿਰ ਹਰ ਇਕ ਨੇ ਇਕ ਮੋਟਾ ਅਣਸੀਤਾ ਕੱਪੜਾ ਆਪਣੇ ਲੱਕ ਦੁਆਲੇ ਲਪੇਟ ਲਿਆ। ਇੰਨੇ ਨੂੰ ਕੁੰਡ ਕੋਲ ਇਕ ਟੋਏ ਵਿਚ ਅੱਗ ਬਾਲੀ ਗਈ ਅਤੇ ਉਸ ਨੂੰ ਪ੍ਰਜ੍ਵਲਤ ਕਰਨ ਲਈ ਤਿਲਾਂ ਦਾ ਤੇਲ ਪਾਇਆ ਗਿਆ। 15 ਬੰਦੇ ਲੱਕੜਾਂ ਲਈਂ ਖੜ੍ਹੇ ਸਨ ਅਤੇ ਦਸ ਹੋਰ ਲੰਮੇ-ਲੰਮੇ ਬਾਂਸ ਲਈਂ ਖੜ੍ਹੇ ਸਨ। ਉਨ੍ਹਾਂ ਇਸਤਰੀਆਂ ਨੇ ਅੱਗ ਨੂੰ ਨਮਸਕਾਰ ਕੀਤੀ। ਉਸ ਵੇਲੇ ਜ਼ੋਰ-ਜ਼ੋਰ ਦੀ ਆਵਾਜ਼ ਵਾਲੇ ਵਾਜੇ, ਢੋਲ ਵਜਾਏ ਗਏ ਅਤੇ ਬਲਦੀ ਅੱਗ ਵਿਚ ਉਨ੍ਹਾਂ ਨੇ ਛਾਲ ਮਾਰ ਦਿਤੀ ਅਤੇ ਉਸੇ ਸਮੇਂ ਲੱਕੜੀਆਂ ਦਾ ਭਾਰ ਉਨ੍ਹਾਂ ਉਪਰ ਸੁੱਟ ਦਿਤਾ ਗਿਆ ਤਾਂ ਦੂਜੇ ਪੁਰਸ਼ਾਂ ਨੇ ਉਨ੍ਹਾਂ ਨੂੰ ਬਾਂਸਾਂ ਨਾਲ ਦਬਾ ਦਿਤਾ ਤਾਂ ਕਿ ਉਹ ਹਿਲ ਨਾ ਸਕਣ। ਇਹ ਦ੍ਰਿਸ਼ ਦੇਖ ਕੇ ਮੈਂ ਘੋੜੇ ਉਤੋਂ ਡਿੱਗ ਪੈਣਾ ਸੀ ਜੇ ਮੇਰੇ ਸਾਥੀ ਮੇਰੇ ਉਤੇ ਪਾਣੀ ਨਾ ਛਿੜਕਦੇ ਜਿਸ ਨਾਲ ਮੇਰੀ ਹੋਸ਼ ਟਿਕਾਣੇ ਆਈ। ਇਸਤ੍ਰੀਆਂ ਦਾ ਇਸ ਤਰ੍ਹਾਂ ਅੱਗ ਵਿਚ ਜਲਣਾ ਉਨ੍ਹਾਂ ਦੇ ਤਪ ਦਾ ਕਾਰਨ ਬਣਦਾ ਸੀ ਅਤੇ ਪਤੀਵਰਤਾ ਧਰਮ ਦੀ ਸ਼ਲਾਘਾ ਕੀਤੀ ਜਾਂਦੀ ਸੀ।

ਮਾਤਾ ਸਾਹਿਬ ਕੌਰ ਜੀ ਅੰਮ੍ਰਿਤ ਦੇ ਬਾਟੇ ਵਿਚ ਪਤਾਸ਼ੇ ਪਾ ਰਹੇ ਹਨ।

ਇਸੇ ਤਰ੍ਹਾਂ ਜੌਹਰ ਦੀ ਰਸਮ ਸੀ ਜਿਸ ਵਿਚ ਬਹੁਤ ਵੱਡੀ ਅਗਨੀ ਪ੍ਰਜ੍ਵਲਤ ਕਰਕੇ ਇਸਤ੍ਰੀਆਂ ਛਾਲ ਮਾਰ ਕੇ ਮਰ ਜਾਇਆ ਕਰਦੀਆਂ ਸਨ। ਛੋਟੀ ਉਮਰ ਵਿਚ ਇਥੇ ਵਿਆਹ ਕਰ ਦਿਤਾ ਜਾਂਦਾ ਸੀ। ਮੰਦਰਾਂ ਵਿਚ ਬੇਅੰਤ ਧਨ ਚੜ੍ਹਾਇਆ ਜਾਂਦਾ ਸੀ। **ਮਹਿਮੂਦ ਵਗੈਰਾ ਨੇ ਆਪਣੀਆਂ ਲੁੱਟਾਂ ਦੀਆਂ ਕੀਮਤਾਂ ਦਸਦੇ ਹੋਏ ਇਕ ਥਾਂ ਦੱਸਿਆ ਹੈ ਕਿ ਮੈਂ ਇਕ ਮੰਦਰ ਵਿਚੋਂ 70 ਹਜ਼ਾਰ ਮਣ ਸੋਨਾ ਚਾਂਦੀ ਲੁੱਟਿਆ।** ਇਸ ਤਰ੍ਹਾਂ ਦੀ ਹਾਲਤ ਭਾਰਤ ਵਿਚ ਪਸਰ ਰਹੀ ਸੀ। ਉਸ ਸਮੇਂ ਗੁਰੂ ਨਾਨਕ ਪਾਤਸ਼ਾਹ ਨੇ ਸੰਸਾਰ ਦਾ ਉਧਾਰ ਕਰਨ ਵਾਸਤੇ ਸੰਸਾਰ ਵਿਚ ਲੰਮੀਆਂ ਉਦਾਸੀਆਂ ਰਾਹੀਂ ਕੁਲ ਦੁਨੀਆਂ ਦਾ ਸਫਰ ਕੀਤਾ ਅਤੇ ਆਪਣੇ ਅਦ੍ਵੈਤ ਸਿਧਾਂਤ, ਜਿਸ ਵਿਚ ਸਭ ਅੱਲਾਹ ਦਾ ਰੂਪ ਹੀ ਹੋਇਆ ਕਰਦੇ ਹਨ ਅਤੇ ਵਾਹਿਗੁਰੂ ਹੀ ਆਪਣੇ ਆਪ ਅਨੇਕ ਰੂਪਾਂ ਰੰਗਾਂ ਵਿਚ ਹੋ ਕੇ ਖੇਲ੍ਹਦਾ ਹੈ, ਦਾ ਉਪਦੇਸ਼ ਸੰਸਾਰ ਵਿਚ ਬੜੇ-ਬੜੇ ਮੱਠਾਂ, ਮੁਕਾਮਾਂ, ਤਕੀਆਂ, ਮਸਜਿਦਾਂ, ਮੰਦਰਾਂ ਆਦਿ ਵਿਚ ਫਿਰ ਕੇ ਦਿਤਾ। ਉਸ ਸਮੇਂ ਦੇ ਹਾਲਾਤ ਬਹੁਤ ਹੀ ਘਿਣਾਵਣੇ ਸਨ ਜਿਸ ਦਾ ਜ਼ਿਕਰ ਕਰਨਾ ਬਹੁਤ ਹੀ ਔਖਾ ਹੈ। ਲਾਲਾ ਦੌਲਤ ਰਾਏ ਜੀ ਦੀ ਲੇਖਨੀ ਅਨੁਸਾਰ ਹਜ਼ਾਰਾਂ ਹੀ ਇਸਤ੍ਰੀ ਪੁਰਸ਼ ਚੜ੍ਹਦੇ ਸੂਰਜ ਮਾਰੇ ਜਾਂਦੇ। ਲਹੂ ਦੀਆਂ ਨਦੀਆਂ ਵਗਾਈਆਂ ਜਾਂਦੀਆਂ, ਬੇਅੰਤ ਪੁਰਸ਼ ਦਾਸ-ਦਾਸੀਆਂ ਬਣਾਏ ਜਾਂਦੇ ਸਨ। ਉਨ੍ਹਾਂ ਦੇ ਘਰ ਖੋਹ ਲਏ ਜਾਂਦੇ ਸਨ। ਇਥੋਂ ਤਕ ਭੈੜਾ ਸਮਾਂ ਆ ਗਿਆ ਕਿ ਉਨ੍ਹਾਂ ਨੂੰ ਆਪਣੀ ਸੁੰਦਰ ਧੀ, ਪੁਤਰ ਵੀ ਹਾਕਮਾਂ ਨੂੰ ਭੇਟ ਕਰਨੀ ਪੈਂਦੀ ਸੀ। ਹਿੰਦੂਆਂ ਨੂੰ ਘੋੜੇ ਉਪਰ ਚੜ੍ਹਨਾ ਮਨ੍ਹਾ ਸੀ। ਉਹ ਚਿੱਟੀ ਪਗੜੀ ਨਹੀਂ ਬੰਨ੍ਹ ਸਕਦੇ ਸੀ, ਲਾਲ ਪਗੜੀ ਹੀ ਬੰਨ੍ਹਣੀ ਪੈਂਦੀ ਸੀ। ਜੇ ਹਿੰਦੂਆਂ ਦਾ ਬਾਗ, ਘਰ, ਸਾਮਾਨ ਮਨ ਭਾਉਂਦਾ ਦੇਖਦੇ ਤਾਂ ਖੋਹ ਲਿਆ ਜਾਂਦਾ ਸੀ। ਸੁੰਦਰ ਬਹੂ ਬੇਟੀਆਂ ਨੂੰ ਖੋਹ ਕੇ ਵਿਆਹ ਕਰ ਲਿਆ ਜਾਂਦਾ, ਹਿੰਦੂ ਸਮਾਜ ਦੀ ਕੋਈ ਚੰਗੀ ਪੁਸਤਕ ਦੇਖਦੇ ਤਾਂ ਸੜਵਾ ਦਿਤੀ ਜਾਂਦੀ ਸੀ। ਮੰਦਰ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪੰਜ ਪਿਆਰਿਆਂ ਪਾਸੋਂ ਅੰਮ੍ਰਿਤ ਪਾਨ ਕਰ ਰਹੇ ਹਨ।

ਤੇ ਸ਼ਿਵਾਲੇ, ਮਸਜਿਦਾਂ ਦੇ ਰੂਪ ਵਿਚ ਬਦਲ ਰਹੇ ਸਨ। ਹਿੰਦੂਆਂ ਨੂੰ ਮੌਤ ਦੰਡ ਆਮ ਦਿਤੇ ਜਾਂਦੇ ਅਤੇ ਕਿਹਾ ਜਾਂਦਾ ਕਿ ਜਾਂ ਇਸਲਾਮ ਧਾਰਨ ਕਰੋ ਜਾਂ ਮੌਤ ਦਾ ਦੰਡ ਸਹੋ। ਜੇਕਰ ਹਿੰਦੂਆਂ ਵਿਚ ਕੋਈ ਚੰਗਾ ਹਕੀਮ ਹੁੰਦਾ ਤਾਂ ਉਸਨੂੰ ਇਸਲਾਮ ਵਿਚ ਦਾਖਲ ਕੀਤਾ ਜਾਂਦਾ। ਇਕ ਬ੍ਰਾਹਮਣ ਬੜਾ ਵਿਦਵਾਨ ਸੀ ਤੇ ਸ਼ਤਰੰਜ ਦਾ ਮਾਹਰ ਸੀ। ਨਵਾਬ ਸ਼ਤਰੰਜ ਵਿਚ ਹਾਰ ਗਿਆ। ਉਸੇ ਵੇਲੇ ਹੁਕਮ ਹੋ ਗਿਆ ਕਿ ਇਸ ਬ੍ਰਾਹਮਣ ਨੂੰ ਇਸਲਾਮ ਵਿਚ ਲਿਆਂਦਾ ਜਾਵੇ। ਹਿੰਦੂਆਂ ਤੇ ਮੁਸਲਮਾਨਾਂ ਦੇ ਪਹਿਲਵਾਨਾਂ ਵਿਚੋਂ ਜੇ ਹਿੰਦੂ ਜਿਤ ਜਾਂਦਾ ਤਾਂ ਵੀ ਉਸ ਨੂੰ ਇਸਲਾਮ ਵਿਚ ਲਿਆਂਦਾ ਜਾਂਦਾ ਸੀ। ਹਿੰਦੂਆਂ ਉਪਰ ਜਜ਼ੀਆ ਆਮ ਲੱਗਿਆ ਕਰਦਾ ਸੀ।

***('ਜੀਵਨ ਕਥਾ ਗੁਰੂ ਗੋਬਿੰਦ ਸਿੰਘ ਜੀ' ਪੰਨਾ 31 ਵਿਚੋਂ)***

ਅਜਿਹੀ ਹਾਲਤ ਵਿਚ ਗੁਰੂ ਨਾਨਕ ਪਾਤਸ਼ਾਹ ਨੇ ਸਤਿ ਦਾ ਪ੍ਰਕਾਸ਼ ਸੰਸਾਰ ਵਿਚ ਕਰਕੇ ਹਨ੍ਹੇਰਾ ਦੂਰ ਕੀਤਾ। ਗੁਰੂ ਪੰਜਵੇਂ ਪਾਤਸ਼ਾਹ ਜੀ ਨੇ ਅਨੇਕਾਂ ਕਸ਼ਟ ਆਪਣੇ ਸਰੀਰ ਉਪਰ ਸਹਿ ਕੇ ਸਿਰਮੌਰ ਸ਼ਹੀਦੀ ਦੇ ਕੇ ਜ਼ੁਲਮ ਅੱਗੇ ਅਝੱਕ ਰਹਿਣ ਦਾ ਉਤਸ਼ਾਹ ਪ੍ਰਗਟਾਇਆ। ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਮਾਨਵੀ ਸੁਤੰਤਰਤਾ ਅਤੇ ਤਿਲਕ ਜੰਞੂ ਦੀ ਰਾਖੀ ਵਾਸਤੇ ਆਪਣਾ ਬਲੀਦਾਨ ਦਿੱਲੀ ਵਿਚ ਦਿਤਾ। ਗੁਰੂ ਦਸ਼ਮੇਸ਼ ਪਿਤਾ ਜੀ ਨੇ ਉਸ ਸਮੇਂ ਸੱਤ ਅੱਠ ਸੌ ਸਾਲ ਤੋਂ ਨਿਘਰਦੀ ਹਾਲਤ ਨੂੰ ਦੇਖ ਕੇ ਮਨੁੱਖੀ ਅਧਿਕਾਰਾਂ ਦੀ ਗੱਲ ਕੀਤੀ ਅਤੇ ਮਨੁੱਖਾਂ ਵਿਚ ਪਏ ਹੋਏ ਅਨੇਕ ਔਗੁਣਾਂ ਨੂੰ ਦੂਰ ਕਰਨ ਲਈ ਅਨੇਕਾਂ ਜਤਨ ਕੀਤੇ। ਕਈ ਜੁੱਧ ਅਨੁਆਈ ਰਾਜਿਆਂ ਦੇ ਨਾਲ ਲੜਨੇ ਪਏ ਪਰ ਸਦਾ ਹੀ ਸਤਿ ਦੀ ਜਿੱਤ ਹੋਈ ਅਤੇ ਝੂਠ ਦੀ ਹਾਰ ਹੁੰਦੀ ਰਹੀ। **ਇਸ ਸਮੇਂ ਲੋੜ ਸੀ ਕਿ ਇਕ ਅਜਿਹਾ ਸੰਗਠਨ ਸਦੀਵੀ ਰਹਿਣ ਵਾਲਾ ਕਾਇਮ ਕੀਤਾ ਜਾਵੇ ਜਿਸ ਵਿਚ ਸੰਤਾਂ ਦੇ ਪੂਰੇ ਗੁਣ ਹੋਣ, ਜਿਸ ਦੀ ਦ੍ਰਿਸ਼ਟੀ ਵਿਚ, ਸਾਰੇ ਪਸਾਰੇ ਵਿਚ ਇਕੋ ਵਾਹਿਗੁਰੂ ਦੀ ਜੋਤ ਪਸਰੀ ਹੋਈ ਦ੍ਰਿਸ਼ਟਮਾਨ ਹੋਵੇ ਅਤੇ ਉਹ ਸਾਰੇ ਸੰਸਾਰ ਦੇ ਦੁਖਾਂ ਨੂੰ ਦੂਰ ਕਰਨ ਦੀ ਲੋਚਾ ਰਖਦਾ ਹੋਵੇ ਅਤੇ ਉਸ ਦਾ ਨਿਸ਼ਚਾ ਹੋਵੇ-**

***ਮਨਿ ਸਾਚਾ ਮੁਖਿ ਸਾਚਾ ਸੋਇ॥***
***ਅਵਰੁ ਨ ਪੇਖੈ ਏਕਸੁ ਬਿਨੁ ਕੋਇ॥***
***ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥***

***ਪੰਨਾ - 272***

**ਆਤਮ ਰਸ ਦਾ ਪੂਰੀ ਤਰ੍ਹਾਂ ਨਾਲ ਜਾਣੂੰ ਹੋਵੇ ਅਤੇ ਜਾਗ੍ਰਤ ਜੋਤ ਦਾ ਪੁਜਾਰੀ ਹੋ ਕੇ ਸਾਰੇ ਕਰਮਾਂ ਕਾਂਡਾਂ, ਵਹਿਮਾਂ, ਤੀਰਥਾਂ, ਬਰਤਾਂ, ਮੜ੍ਹੀਆਂ, ਮਸਾਣੀਆਂ ਦੇ ਅਸਰਾਂ ਤੋਂ ਪੂਰੀ ਤਰ੍ਹਾਂ ਨਿਰਲੇਪ ਹੋਵੇ ਅਤੇ ਸਾਰੇ ਵਿਸ਼ਵ ਵਿਚ ਇਕੋ ਪਸਰੀ ਹੋਈ ਜੋਤ ਦਾ ਪੁਜਾਰੀ ਹੋਵੇ** ਜਿਵੇਂ ਕਿ -

***ਜਿਮੀ ਜਮਾਨ ਕੇ ਬਿਖੈ ਸਮਸਤ ਏਕ ਜੋਤ ਹੈ।***
***ਨਾ ਘਾਟ ਹੈ ਨਾ ਬਾਢ ਹੈ ਨਾ ਬਾਢ ਘਾਟ ਹੋਤ ਹੈ।***

***ਅਕਾਲ ਉਸਤਤਿ***

ਸੰਸਾਰ ਵਿਚ ਇਕ ਅਜਿਹਾ ਆਦਰਸ਼ ਲਿਆਂਦਾ ਜਾਵੇ ਜੋ ਹਰ ਪ੍ਰਾਣੀ ਵਿਚ ਰੂਪਮਾਨ ਹੋ ਕੇ ਇਸ ਸੰਸਾਰ ਵਿਚ ਸੁੱਖ ਅਤੇ ਗਿਆਨ ਦਾ ਪ੍ਰਕਾਸ਼ ਕਰਦਾ ਰਹੇ ਅਤੇ ਜੀਵਨ ਵਿਚ ਦਇਆ, ਖਿਮਾ, ਧੀਰਜ, ਅਹਿੰਸਾ, ਸੰਤੋਖ, ਸੌਚ, ਸ਼ੀਲ, ਸੇਵਾ, ਦਾਨ ਅਤੇ ਮਿੱਠ ਬੋਲਾ, ਦੂਰਦਰਸ਼ੀ ਅਤੇ ਸਰਬ ਸਾਂਝ ਰੱਖਣ ਵਾਲਾ, ਅਨਿਆਂ ਨੂੰ ਦੂਰ ਕਰਾਉਣ ਦੀ ਸਮਰੱਥਾ ਵਾਲਾ, ਵੰਡ ਕੇ ਖਾਣ ਵਾਲਾ, ਧਰਮ ਦੀ ਕਮਾਈ ਕਰਨ ਵਾਲਾ ਅਤੇ ਸਦਾ ਹੀ ਪ੍ਰਮੇਸ਼ਰ ਦੀ ਯਾਦ ਵਿਚ ਪਰੋਤਾ ਸੰਸਾਰ ਵਿਚ ਵਿਚਰਨ ਵਾਲਾ ਹੋਵੇ ਜਿਸ ਦੀ ਵਰਤੋਂ ਸੰਸਾਰ ਵਿਚ ਬੈਰਾਗ ਵਾਲੀ ਹੋਵੇ ਅਤੇ ਮੁਖ ਕਰਮ ਪ੍ਰਭੂ ਦੀ ਪਿਆਰ ਭਰੀ ਭਗਤੀ ਵਾਲਾ ਹੋਵੇ ਅਤੇ ਨਿਸ਼ਚਾ ਪੂਰਨ ਗਿਆਨ ਵਾਲਾ ਹੋਵੇ ਅਤੇ ਅਜਿਹਾ ਆਦਰਸ਼ ਨਾ ਕਿਸੇ ਨੂੰ ਦੁਖ ਦੇਵੇ ਅਤੇ ਨਾ ਹੀ ਕਿਸੇ ਨੂੰ ਦੁਖ ਦੇਣ ਦੇਵੇ, ਭੈ ਤੋਂ ਪੂਰੀ ਤਰ੍ਹਾਂ ਰਹਿਤ ਹੋਵੇ, ਆਪਣੇ ਸ਼ੁਭ ਕਰਤਵ ਦੀ ਪਾਲਣਾ ਕਰਦਿਆਂ ਹੋਇਆਂ ਨਾ ਹੀ ਕਿਸੇ ਤੋਂ ਡਰਦਾ ਹੋਵੇ ਅਤੇ ਨਾ ਹੀ ਕਿਸੇ ਨੂੰ ਡਰਾਉਂਦਾ ਹੋਵੇ, ਜਿਸ ਦੇ ਨੇਤਰਾਂ ਵਿਚ ਅਗਿਆਨ ਦੇ ਹਨ੍ਹੇਰੇ ਦਾ ਨਾਸ਼ ਹੋ ਚੁਕਿਆ ਹੋਵੇ ਅਤੇ ਸਾਰੇ ਸੰਸਾਰ ਨੂੰ ਪ੍ਰਭੂ ਰੂਪ ਕਰਕੇ ਵੇਖਣ ਵਾਲਾ ਹੋਵੇ, ਸਰੀਰਕ ਤੰਦਰੁਸਤੀ ਵਿਚ ਪੂਰਨ ਹੋਵੇ, ਉਦਾਸ ਹੋ ਕੇ ਦੁਨੀਆਂ ਨੂੰ ਪਿੱਠ ਦੇਣ ਵਾਲਾ ਨਾ ਹੋਵੇ, ਦੁਖਾਂ-ਸੁਖਾਂ ਨੂੰ ਪ੍ਰਭੂ ਦਾ ਭਾਣਾ ਮੰਨ ਕੇ ਪ੍ਰਸੰਨਤਾ ਸਹਿਤ ਸਹਿਨ ਵਾਲਾ ਹੋਵੇ, ਜਨਤਾ ਦੇ ਦੁਖ ਦੂਰ ਕਰਨ ਲਈ ਸਦਾ ਹੀ ਤਤਪਰ ਹੋਵੇ, ਸਮਾਜ ਦੀਆਂ ਬੁਰਿਆਈਆਂ ਨੂੰ ਦੂਰ ਕਰਨ ਲਈ ਸਦਾ ਹੀ ਯਤਨਸ਼ੀਲ ਹੋਵੇ, ਸਾਰੇ ਸੰਸਾਰ ਦੇ ਧਾਰਮਿਕ ਨਿਸ਼ਚਿਆਂ ਦਾ ਸਤਿਕਾਰ ਕਰਨ ਵਾਲਾ ਹੋਵੇ, ਅਜਿਹਾ ਖਾਲਸਾ ਪੁਰਸ਼ ਸੰਸਾਰ ਵਿਚ ਪ੍ਰਗਟ ਕਰਨਾ ਬਹੁਤ ਹੀ ਜ਼ਰੂਰੀ ਸਮਝਿਆ ਗਿਆ।

**ਇਸ ਆਸ਼ੇ ਨੂੰ ਮੁੱਖ ਰੱਖ ਕੇ 1699 ਦੀ ਵਿਸਾਖੀ ਵਾਲਾ ਦਿਨ ਚੁਣਿਆ ਗਿਆ। ਇਹ ਵਿਸਾਖੀ ਦਾ ਦਿਨ ਸਿੱਖ ਇਤਿਹਾਸ ਵਿਚ ਬੜੀ ਮਹੱਤਤਾ ਰਖਦਾ ਹੈ।** ਵਿਸਾਖੀ ਵਾਲੇ ਦਿਨ ਹੀ ਗੁਰੂ ਨਾਨਕ ਪਾਤਸ਼ਾਹ ਨੇ ਸੰਸਾਰ ਦੇ ਉਧਾਰ ਲਈ ਆਪਣੀ ਯਾਤਰਾ ਸ਼ੁਰੂ ਕੀਤੀ। ਪਹਿਲੀ ਵਿਸਾਖੀ ਨੂੰ ਹੀ ਗੋਇੰਦਵਾਲ ਸਾਹਿਬ ਬਉਲੀ ਦਾ ਕੜ ਟੁੱਟਿਆ ਸੀ ਅਤੇ ਜਲ ਬਉਲੀ ਵਿਚ ਭਰਿਆ ਸੀ। ਵਿਸਾਖੀ ਵਾਲੇ ਦਿਨ ਹੀ ਗੁਰੂ ਹਰਿਕ੍ਰਿਸ਼ਨ ਮਹਾਰਾਜ ਜੋਤੀ ਜੋਤ ਸਮਾਏ ਸਨ, ਵਿਸਾਖੀ ਵਾਲੇ ਦਿਨ ਨੂੰ ਹੀ ਗੁਰੂ ਦਸ਼ਮੇਸ਼ ਪਿਤਾ ਨੇ ਖਾਲਸੇ (Super man) ਦੀ ਹੋਂਦ ਕਾਇਮ ਕਰਨ ਲਈ ਚੁਣਿਆ। ਉਸ ਦਿਨ ਇਕ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਗੁਰੂ ਮਹਾਰਾਜ ਜੀ ਨੇ ਲਿਸ਼ਕਾਰੇ ਮਾਰਦੀ ਸ੍ਰੀ ਸਾਹਿਬ ਹੱਥ ਵਿਚ ਲੈ ਕੇ ਉਚੀ ਅਵਾਜ਼ ਵਿਚ ਫੁਰਮਾਨ ਕੀਤਾ ਕਿ ਭਾਰਤ ਦੀ ਅਜ਼ਾਦੀ ਦੇ ਯੱਗ ਵਿਚ ਬਲੀ ਦੇਣ ਲਈ ਮੈਨੂੰ ਆਪਣੇ ਮਹਾਨ ਪਿਆਰੇ ਇਕ ਸਿੱਖ ਦੇ ਸੀਸ ਦੀ ਲੋੜ ਹੈ। ਉਹ ਮੇਰੇ ਪਾਸ ਆਵੇ ਅਤੇ ਆਪਣਾ ਸੀਸ ਅਰਪਣ ਕਰੇ। **ਭਾਈ ਦਇਆ ਰਾਮ ਜੀ ਲਹੌਰ ਵਾਸੀ ਜੋ ਸਦਾ ਹੀ ਗੁਰੂ ਦਸ਼ਮੇਸ਼ ਜੀ ਦੇ ਪ੍ਰੇਮ ਵਿਚ ਲੀਨ ਰਹਿੰਦੇ ਸਨ, ਆਪਣਾ ਸੀਸ ਅਰਪਣ ਕਰਨ ਲਈ** ਗੁਰੂ ਮਹਾਰਾਜ ਦੀ ਦੇ ਚਰਨਾਂ ਵਿਚ ਹਾਜ਼ਰ ਹੋਏ। ਬੇਨਤੀ ਕੀਤੀ ਕਿ ਪਾਤਸ਼ਾਹ! ਮੇਰੇ ਵਿਚ ਤਾਂ ਕੁਝ ਵੀ ਨਹੀਂ, ਇਹ ਮੇਰਾ ਸਰੀਰ, ਮੇਰਾ ਮਨ, ਮੇਰੀ ਬੁੱਧੀ, ਮੇਰੀ ਹੰਗਤਾ ਕੇਵਲ ਕਹਿਣ ਮਾਤਰ ਹੀ ਹਨ ਪਰ ਇਹ ਸਾਰੀਆਂ

ਤੇਰੇ ਚਰਨਾਂ ਵਿਚ ਪਹਿਲਾਂ ਤੋਂ ਹੀ ਭੇਟ ਕਰਕੇ ਮੈਂ ਆਪਣੀ ਹੋਂਦ ਤੁਹਾਡੀ ਹੋਂਦ ਵਿਚ ਰਲਾਈ ਹੋਈ ਹੈ। ਸੋ ਇਹ ਆਪ ਆਪਣੀ ਅਮਾਨਤ ਸਮਝ ਕੇ, ਜਿਵੇਂ ਆਪ ਦਾ ਭਾਣਾ ਹੈ, ਵਰਤੋਂ ਕਰੋ।

***ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ॥***
***ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ॥***
***ਪੰਨਾ – 1375***

ਗੁਰੂ ਮਹਾਰਾਜ ਜੀ ਨੇ ਉਸਦੀ ਬਾਂਹ ਫੜੀ ਅਤੇ ਸੀਸ ਤਨ ਤੋਂ ਜੁਦਾ ਕਰ ਦਿਤਾ। ਇਕ ਸੀਸ ਦੀ ਹੋਰ ਮੰਗ ਕੀਤੀ ਗਈ। ਫੇਰ ਕੜਕਵੀਂ ਆਵਾਜ਼ ਵਿਚ ਫੁਰਮਾਨ ਕੀਤਾ ਕਿ ਇਕ ਹੋਰ ਸੀਸ ਦੀ ਸਾਨੂੰ ਲੋੜ ਹੈ। ਭਾਈ ਧਰਮ ਚੰਦ ਦਿੱਲੀ ਦਾ ਵਾਸੀ, ਆ ਹਾਜ਼ਰ ਹੋਇਆ ਅਤੇ ਫੁਰਮਾਨ ਕੀਤਾ, ਸਾਹਿਬ ਜੀ!

***ਕਬੀਰ ਮੁਹਿ ਮਰਨੈ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ॥***
***ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ॥***
***ਪੰਨਾ – 1367***

***ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ॥ ਪੰਨਾ – 827***

ਤੁਸੀਂ ਆਪਣੀ ਅਮਾਨਤ ਅੰਗੀਕਾਰ ਕਰੋ। ਤੀਜੀ ਮੰਗ ਉਪਰ ਹਿੰਮਤ ਚੰਦ, ਚੌਥੀ ਮੰਗ ਤੇ ਮੋਹਕਮ ਚੰਦ, ਪੰਜਵੀਂ ਤੇ ਸਾਹਿਬ ਚੰਦ ਹਾਜ਼ਰ ਹੋਏ। ਪੰਜ ਸੀਸ ਪ੍ਰਵਾਨ ਕਰਨ ਮਗਰੋਂ ਆਪ ਨੇ ਛੇਵੇਂ ਦੀ ਮੰਗ ਨਹੀਂ ਕੀਤੀ। ਆਪ ਬਹੁਤ ਹੀ ਪ੍ਰਸੰਨ ਹੋਏ ਅਤੇ ਆਪ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਹੋਇਆਂ ਫੁਰਮਾਨ ਕੀਤਾ ਕਿ ਗੁਰੂ ਨਾਨਕ ਪਾਤਸ਼ਾਹ ਸਮੇਂ ਸਿੱਖੀ ਦੇ ਇਮਤਿਹਾਨ ਵਿਚੋਂ ਕੇਵਲ ਭਾਈ ਲਹਿਣਾ ਪ੍ਰਵਾਨ ਹੋ ਕੇ ਗੁਰੂ ਅੰਗਦ ਦੇ ਰੂਪ ਵਿਚ ਪ੍ਰਗਟ ਹੋਏ, ਇਸ ਸਮੇਂ ਮਹਾਨ ਭਿਆਨਕ ਕਸਵੱਟੀ ਵਿਚ ਪੰਜ ਪਿਆਰੇ ਸਿੱਖ ਪ੍ਰਵਾਨ ਹੋਏ। ਇਸ ਘਟਨਾ ਬਾਰੇ ਇਤਿਹਾਸਾਂ ਵਿਚ ਵੱਖਰੇ-ਵੱਖਰੇ ਮਤ ਹਨ। ਅਸੀਂ ਜਿਸ ਮਤ ਨਾਲ ਸਹਿਮਤੀ ਰਖਦੇ ਹਾਂ ਉਹ ਇਹ ਹੈ ਕਿ ਗੁਰੂ ਮਹਾਰਾਜ ਜੀ ਨੇ ਪਰਤੱਖ ਰੂਪ ਵਿਚ ਸੀਸ ਉਤਾਰ ਕੇ ਫਿਰ ਪੰਜਾਂ ਨੂੰ ਜਿਉਂਦੇ ਕਰ ਦਿਤਾ। ਗੁਰੂ ਤੇ ਵਾਹਿਗੁਰੂ ਵਿਚ ਕੋਈ ਫਰਕ ਨਹੀਂ ਹੋਇਆ ਕਰਦਾ। ਸਿੱਖ ਇਤਿਹਾਸ ਵਿਚ ਬੇਅੰਤ ਐਸੀਆਂ ਘਟਨਾਵਾਂ ਹਨ ਜਿਥੇ ਮੁਰਦੇ ਜਿਉਂਦੇ ਕੀਤੇ ਗਏ ਜਿਵੇਂ ਕਿ ਬਾਬਾ ਅਟੱਲ ਜੀ, ਬਾਬਾ ਗੁਰਦਿਤਾ ਜੀ, ਭਾਈ ਜੀਵਨ ਜੀ ਆਦਿ ਅਨੇਕਾਂ ਨੇ ਮਰੇ ਹੋਏ ਨੂੰ ਜਿਉਂਦਾ ਕੀਤਾ।

ਗੁਰੂ ਦਸ਼ਮੇਸ਼ ਪਿਤਾ ਜੀ ਨੇ ਉਨ੍ਹਾਂ ਗੁਰਸਿੱਖਾਂ ਦੇ ਸੀਸ ਆਪਣੇ ਦਸਤੇ ਮੁਬਾਰਕ ਨਾਲ ਧੜਾਂ ਨਾਲ ਜੋੜੇ ਅਤੇ ਉਹ ਸਿੱਖ ਆਦੇਸ਼ ਸੁਣਦੇ ਹੀ ਉਠ ਕੇ ਖੜ੍ਹੇ ਹੋ ਗਏ ਅਤੇ ਗੁਰੂ ਚਰਨਾਂ ਤੇ ਨਮਸ਼ਕਾਰਾਂ ਕੀਤੀਆਂ। ਗੁਰੂ ਮਹਾਰਾਜ ਜੀ ਨੇ ਖੰਡੇ ਦਾ ਅੰਮ੍ਰਿਤ ਤਿਆਰ ਕੀਤਾ ਅਤੇ ਇਨ੍ਹਾਂ ਪੰਜਾਂ ਪਿਆਰਿਆਂ ਨੂੰ ਆਪਣੇ ਹਸਤ ਕਮਲਾਂ ਰਾਹੀਂ ਆਪ ਛਕਾਇਆ, ਮੂਲਮੰਤ੍ਰ ਤੇ ਗੁਰਮੰਤ੍ਰ ਦੀ ਦਾਤ ਬਖਸ਼ੀ, ਦਸਮ ਦੁਆਰ ਤੀਕਰ ਸ਼ਬਦ ਸੁਰਤ ਮਾਰਗ ਰਾਹੀਂ ਪੁਜਣ ਦੇ ਅੰਦਰਲੇ ਸਾਰੇ ਭੇਤ, ਬ੍ਰਹਮਗਿਆਨ ਦੇ ਭੰਡਾਰੇ ਬਖਸ਼ ਕੇ ਮਨੁੱਖ ਤੋਂ ਪ੍ਰਭੂ ਹੀ ਬਣਾ ਦਿਤੇ ਜਿਵੇਂ ਕਿ ਫੁਰਮਾਨ ਹੈ –

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥***
***ਪੰਨਾ – 273***

***ਹਰਿ ਹਰਿ ਜਨ ਦੁਈ ਏਕ ਹੈ, ਬਿਬ ਬਿਚਾਰ ਕਛੁ ਨਾਹਿ॥***
***ਜਲ ਤੇ ਉਪਜ ਤਰੰਗ ਜਿਉ, ਜਲ ਹੀ ਬਿਖੈ ਸਮਾਹਿ॥***
***ਬਚਿਤ੍ਰ ਨਾਟਕ***

***ਸੰਤ ਅਨੰਤਹਿ ਅੰਤਰੁ ਨਾਹੀ।। ਪੰਨਾ – 486***

**ਸੋ ਗੁਰੂ ਮਹਾਰਾਜ ਜੀ ਨੇ ਭਾਈ ਦਇਆ ਚੰਦ ਲਾਹੌਰ ਦੇ ਖਤ੍ਰੀ ਨੂੰ ਭਾਈ ਦਇਆ ਸਿੰਘ ਬਣਾਇਆ ਅਤੇ ਧਰਮ ਚੰਦ, ਦਿੱਲੀ ਜੋ ਜਾਤ ਦੇ ਜੱਟ ਸਨ, ਨੂੰ ਭਾਈ ਧਰਮ ਸਿੰਘ ਬਣਾਇਆ; ਹਿੰਮਤ ਚੰਦ, ਜੋ ਜਗਨਨਾਥ ਪੁਰੀ ਉੜੀਸਾ ਤੋਂ ਜੋ ਇਕ ਹਜ਼ਾਰ ਮੀਲ ਦੀ ਦੂਰੀ ਤੋਂ ਚੱਲ ਕੇ ਆਏ ਸਨ, ਨੂੰ ਭਾਈ ਹਿੰਮਤ ਸਿੰਘ ਜੀ; ਭਾਈ ਮੋਹਕਮ ਚੰਦ ਗੁਜਰਾਤ ਕਾਠੀਆਵਾੜ, ਜੋ 1100 ਮੀਲ ਤੋਂ ਚਲ ਕੇ ਆਏ ਸਨ, ਨੂੰ ਭਾਈ ਮੋਹਕਮ ਸਿੰਘ ਜੀ ਅਤੇ ਸਾਹਿਬ ਚੰਦ ਮੈਸੂਰ ਜੋ 1000 ਮੀਲ ਦਾ ਪੈਂਡਾ ਕੱਟ ਕੇ ਆਏ ਸਨ, ਨੂੰ ਭਾਈ ਸਾਹਿਬ ਸਿੰਘ ਬਣਾ ਦਿਤਾ ਅਤੇ ਆਪਣੇ ਵਿਚ ਅਭੇਦ ਕਰਕੇ ਫੁਰਮਾਨ ਕੀਤਾ ਕਿ ਮੇਰੇ ਖਾਲਸੇ ਨੂੰ ਮੇਰਾ ਹੀ ਰੂਪ ਜਾਣਨਾ, ਇਹ ਪੰਜੇ ਮੇਰਾ ਹੀ ਰੂਪ ਹਨ ਅਤੇ ਫੁਰਮਾਨ ਕੀਤਾ–**

***ਖ਼ਾਲਸਾ ਮੇਰੋ ਰੂਪ ਹੈ ਖ਼ਾਸ॥***
***ਖ਼ਾਲਸੇ ਮਹਿ ਹੌਂ ਕਰੌਂ ਨਿਵਾਸ॥ ਸਰਬ ਲੋਹ ਗ੍ਰੰਥ***

ਉਸ ਤੋਂ ਪਿਛੋਂ ਆਪ ਜੀ ਨੇ ਅੰਮ੍ਰਿਤ ਦੀ ਦਾਤ ਮੰਗੀ ਅਤੇ ਆਪ ਗੋਬਿੰਦ ਰਾਏ ਜੀ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਵਿਚ ਪ੍ਰਗਟ ਹੋਏ। ਇਸ ਭੇਤ ਨੂੰ ਗੁਰੂ ਮਹਾਰਾਜ ਜੀ ਆਪ ਹੀ ਜਾਣਦੇ ਹਨ ਕਿ ਉਨ੍ਹਾਂ ਨੇ ਪੰਜਾਂ ਨੂੰ ਅੰਮ੍ਰਿਤ ਛਕਾ ਕੇ ਆਪ ਅੰਮ੍ਰਿਤ ਕਿਉਂ ਛਕਿਆ। ਅਸੀਂ ਉਨ੍ਹਾਂ ਬਾਰੇ ਕੁਝ ਵੀ ਨਹੀਂ ਕਹਿ ਸਕਦੇ। ਆਪ ਸਮਰੱਥ ਸਨ ਅਤੇ ਇਸ ਬਚਿਤ੍ਰ ਨਾਟਕ ਦੇ ਨਾਟ ਦੇ ਆਪ ਹੀ ਪਾਤਰ ਸਨ। ਉਸ ਸਮੇਂ ਦੇ ਭਾਈ ਗੁਰਦਾਸ ਜੀ ਦੂਜੇ ਨੇ ਆਪਣੀ ਵਾਰ ਵਿਚ ਐਉਂ ਲਿਖਿਆ–

***ਹਰਿ ਸਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ।***
***ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾਂ ਖੇਲਾ।***
***ਗੁਰੁ ਸਿਮਰ ਮਨਾਈ ਕਾਲਕਾ ਖੰਡੇ ਕੀ ਵੇਲਾ।***
***ਪੀਵਹੁ ਪਾਹੁਲ ਖੰਡਧਾਰ ਹੁਇ ਜਨਮ ਸੁਹੇਲਾ।***
***ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।***
***ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ।***
***ਵਾਰ ਭਾਈ ਗੁਰਦਾਸ ਜੀ ਦੂਜਾ***

ਉਸ ਤੋਂ ਬਾਅਦ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਕਿ ਤੁਸੀਂ ਅੱਜ ਤੋਂ ਖਾਲਸਾ ਰੂਪ ਹੋ ਕੇ ਮੇਰੇ ਰੂਪ ਵਿਚ ਅਭੇਦ ਹੋ ਗਏ ਹੋ, ਮੈਂ ਤੁਹਾਡੇ ਵਿਚ ਹਾਂ ਅਤੇ ਤੁਸੀਂ ਮੇਰੇ ਵਿਚ ਹੋਂ। ਉਸ ਵੇਲੇ ਬਾਣੀ ਪੜ੍ਹਨ, ਰਹਿਤ-ਬਹਿਤ ਦੀ ਸਿਖਿਆ ਦੇ ਕੇ ਫੁਰਮਾਨ ਕੀਤਾ –

***ਰਹਿਤ ਪਿਆਰੀ ਮੁਝ ਕਉ, ਸਿਖ ਪਿਆਰਾ ਨਾਹਿ।***
***(ਰਹਿਤਨਾਮਾ ਭਾਈ ਦੇਸਾ ਸਿੰਘ ਜੀ)***

ਅਤੇ ਫੇਰ ਕਿਹਾ

*ਰਹਿਣੀ ਰਹੈ ਸੋਈ ਸਿਖ ਮੇਰਾ।*
*ਓਹੁ ਠਾਕੁਰੁ ਮੈ ਉਸ ਕਾ ਚੇਰਾ।*
*ਰਹਿਤ ਬਿਨਾਂ ਨਹਿ ਸਿਖ ਕਹਾਵੈ।*
*ਰਹਿਤ ਬਿਨਾਂ ਦਰ ਚੋਟਾਂ ਖਾਵੈ।*
*ਰਹਿਤ ਬਿਨ ਸੁਖ ਕਬਹੁੰ ਨ ਲਹੇ।*
*ਤਾਂ ਤੇ ਰਹਿਤ ਸੁ ਦ੍ਰਿੜ ਕਰ ਰਹੈ।*
*(ਰਹਿਤਨਾਮਾ ਭਾਈ ਦੇਸਾ ਸਿੰਘ ਜੀ)*

ਮੈਂ ਖਾਲਸਾ ਆਦਰਸ਼ ਨੂੰ ਸੰਸਾਰ ਵਿਚ ਪ੍ਰਵਿਰਤ ਕਰਨ ਵਾਸਤੇ ਹੀ ਆਪਣੀ ਮਹਾਨ ਸੁਖ ਭਰੀ ਲੀਨਤਾ ਦੀ ਅਵਸਥਾ ਵਿਚੋਂ ਦੇਹਧਾਰੀ ਹੋ ਕੇ ਸੰਸਾਰ ਵਿਚ ਵਿਚਰਨ ਆਇਆ ਸਾਂ। ਅਜ ਇਸ ਆਦਰਸ਼ ਨੂੰ ਸਾਰੇ ਸੰਸਾਰ ਦੇ ਸੁਖਾਂ ਲਈ ਅਤੇ ਪੂਰਨ ਗਿਆਨ ਦੀ ਦਾਤ ਵੰਡਣ ਲਈ ਤੁਹਾਨੂੰ ਮੈਂ ਆਪਣਾ ਰੂਪ ਬਣਾਇਆ ਹੈ। ਤੁਸੀਂ ਪੂਰਨ ਸਤਿਗੁਰੂ ਦਾ ਕੰਮ, ਨਾਮ ਦੀ ਅਤੇ ਗਿਆਨ ਦੀ ਦਾਤ ਦੇਣ ਦੀ ਸਮਰੱਥਾ ਰਖਦੇ ਹੋਂ ਅਤੇ ਫੁਰਮਾਨ ਕੀਤਾ-

*ਖ਼ਾਲਸਾ ਮੇਰੋ ਸ੍ਵਜਨ ਪ੍ਰਵਾਰਾ॥*
*ਖ਼ਾਲਸਾ ਮੇਰੋ ਕਰਤ ਉਧਾਰਾ॥*
*ਖ਼ਾਲਸਾ ਮੇਰੋ ਪਿੰਡ ਪਰਾਨ॥*
*ਖ਼ਾਲਸਾ ਮੇਰੀ ਜਾਨ ਕੀ ਜਾਨ॥*
*ਮਾਨ ਮਹਤ ਮੇਰੀ ਖ਼ਾਲਸਾ ਸਹੀ॥*
*ਖ਼ਾਲਸਾ ਮੇਰੋ ਸ੍ਵਾਰਥ ਸਹੀ॥*
*ਖ਼ਾਲਸਾ ਮੇਰੋ ਕਰੇ ਨਿਰਬਾਹ॥*
*ਖ਼ਾਲਸਾ ਮੇਰੋ ਦੇਹ ਅਰ ਸਾਹ॥*
*ਖ਼ਾਲਸਾ ਮੇਰੋ ਧਰਮ ਅਰ ਕਰਮ॥*
*ਖ਼ਾਲਸਾ ਮੇਰੋ ਭੇਦ ਨਿਜ ਮਰਮ॥*
*ਖ਼ਾਲਸਾ ਮੇਰੋ ਸਤਿਗੁਰ ਪੂਰਾ॥*
*ਖ਼ਾਲਸਾ ਮੇਰੋ ਸੱਜਨ ਸੂਰਾ॥*
*ਖ਼ਾਲਸਾ ਮੇਰੋ ਬੁਧ ਅਰ ਗਿਆਨ॥*
*ਖ਼ਾਲਸੇ ਕਾ ਹੋ ਧਰੋ ਧਿਆਨ॥*
*ਉਪਮਾ ਖ਼ਾਲਸੇ ਜਾਤ ਨ ਕਹੀ॥*
*ਜਿਹਵਾ ਏਕ ਪਾਰ ਨਹਿ ਲਹੀ॥*
*ਸੇਸ ਰਸਨ ਸਾਰਦ ਸੀ ਬੁੱਧ॥*
*ਤਦਪ ਨ ਉਪਮਾ ਬਰਨਤ ਸੁਧ॥*
*ਯਾ ਮੈ ਰੰਚ ਨ ਮਿਥਿਆ ਭਾਖੀ॥*
*ਪਾਰਬ੍ਰਹਮ ਗੁਰ ਨਾਨਕ ਸਾਖੀ॥* *ਸਰਬ ਲੋਹ ਗ੍ਰੰਥ*

ਉਸ ਵੇਲੇ ਆਪ ਨੇ ਫੁਰਮਾਨ ਕੀਤਾ ਕਿ ਅਕਾਲ ਪੁਰਖ ਤੋਂ ਬਗੈਰ ਹੋਰ ਕਿਸੇ ਨੂੰ ਵੀ ਨਿਗ੍ਹਾ ਥੱਲੇ ਨਹੀਂ ਲਿਆਉਣਾ-

*ਜਾਗਤ ਜੋਤਿ ਜਪੈ ਨਿਸ ਬਾਸੁਰ,*
*ਏਕ ਬਿਨਾਂ ਮਨ ਨੈਕ ਨ ਆਨੈ॥*
*ਪੂਰਨ ਪ੍ਰੇਮ ਪ੍ਰਤੀਤ ਸਜੈ,*
*ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥*
*ਤੀਰਥ ਦਾਨ ਦਇਆ ਤਪ ਸੰਜਮ,*
*ਏਕ ਬਿਨਾ ਨਹਿ ਏਕ ਪਛਾਨੈ॥*
*ਪੂਰਨ ਜੋਤ ਜਗੈ ਘਟ ਮੈ,*
*ਤਬ ਖ਼ਾਲਸ ਤਾਹਿ ਨਖ਼ਾਲਸ ਜਾਨੈ॥*

ਇਸ ਤਰ੍ਹਾਂ ਆਪ ਨੇ ਇਕ ਨਵਾਂ ਆਦਰਸ਼ ਸੰਸਾਰ ਨੂੰ ਸਦਾ ਸੁੱਖ ਦੇਣ ਲਈ ਖਾਲਸੇ ਦੇ ਰੂਪ ਵਿਚ ਪ੍ਰਗਟ ਕੀਤਾ ਜੋ ਭਰਮ ਤੇ ਭੇਖ ਤੋਂ ਨਿਆਰਾ ਹੈ ਜਿਸ ਦਾ ਜੀਵਨ ਸੰਸਾਰ ਤੋਂ ਨਿਰਲੇਪ ਤੇ ਨਿਆਰਾ ਹੋਣ ਕਰਕੇ ਗੁਰੂ ਮਹਾਰਾਜ ਨੇ ਆਪਣਾ ਪੂਰਨ ਰੂਪ ਅਤੇ ਪੂਰਨ ਰੂਹਾਨੀ ਸਤ੍ਹਾ ਇਸ ਵਿਚ ਭਰੀ ਹੈ ਅਤੇ ਫੁਰਮਾਨ ਕੀਤਾ ਹੈ ਕਿ ਜਦੋਂ ਤਕ ਖਾਲਸਾ ਇਸ ਆਦਰਸ਼ ਤੇ ਕਾਇਮ ਰਹੇਗਾ ਉਸ ਸਮੇਂ ਤਕ ਮੈਂ ਇਸ ਨੂੰ ਆਪਣਾ ਪੂਰਨ ਤੇਜ ਪ੍ਰਦਾਨ ਕਰਦਾ ਰਹਾਂਗਾ। ਜਦੋਂ ਇਹ ਭਰਮਾਂ ਭੇਖਾਂ ਵਿਚ ਪੈ ਜਾਵੇਗਾ ਅਤੇ ਭਰਮ ਭੇਖ ਤੋਂ ਨਿਆਰਾਪਣ ਛੱਡ ਦੇਵੇਗਾ, ਮੁੜ ਕਰਮ ਕਾਂਡ ਵਿਚ ਪ੍ਰਵਿਰਤ ਹੋ ਕੇ ਵੱਡੇ-ਛੋਟੇ ਦੀ ਦ੍ਰਿਸ਼ਟੀ ਧਾਰਨ ਕਰ ਲਵੇਗਾ, ਜਾਤ ਪਾਤ ਦੇ ਬੰਧਨਾਂ ਵਿਚ ਫਸ ਜਾਵੇਗਾ ਅਤੇ ਆਪਣੇ ਆਦਰਸ਼ ਤੋਂ ਹੀਣਾ ਹੋ ਕੇ ਆਪਣੇ ਹਿਤਾਂ ਲਈ ਇਸ ਮਹਾਨ ਆਦਰਸ਼ ਦਾ ਤਿਆਗ ਕਰ ਦੇਵੇਗਾ ਤਾਂ ਉਸ ਸਮੇਂ ਮੈਂ ਇਸ ਦਾ ਤੇਜ ਖੋਹ ਲਵਾਂਗਾ -

*ਖ਼ਾਲਸਾ ਅਕਾਲ ਪੁਰਖ ਕੀ ਫੌਜ॥*
*ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ॥*
*ਜਬ ਲਗ ਖ਼ਾਲਸਾ ਰਹੇ ਨਿਆਰਾ॥*
*ਤਬ ਲਗ ਤੇਜ ਦੀਉ ਮੈਂ ਸਾਰਾ॥*
*ਜਬ ਇਹ ਗਹੈ ਬਿਪਰਨ ਕੀ ਰੀਤ॥*
*ਮੈਂ ਨ ਕਰੋਂ ਇਨ ਕੀ ਪ੍ਰਤੀਤ॥* *ਸਰਬ ਲੋਹ ਗ੍ਰੰਥ*

ਉਸ ਵੇਲੇ ਸੰਗਤ ਨੂੰ ਸੰਬੋਧਨ ਕਰਦਿਆਂ ਆਪ ਨੇ ਕਿਹਾ ਕਿ ਗੁਰੂ ਖਾਲਸਾ ਜੀ! ਖਾਲਸਾ ਦੀ ਪਦਵੀ ਮਹਾਨ ਹੈ ਕਿਉਂਕਿ ਇਹ ਆਪਣੀ ਪੂਰਨ ਰੂਪ ਵਿਚ ਹੰਗਤਾ ਛੱਡ ਕੇ ਗੁਰੂ ਵਿਚ ਲੀਨ ਹੋਇਆ ਹੈ। ਆਤਮ ਰਸੀਆ ਹੋ ਕੇ ਸੰਸਾਰ ਵਿਚ ਵਿਚਰੇਗਾ। ਇਸ ਦੀ ਪਦਵੀ ਵਾਹਿਗੁਰੂ ਅਤੇ ਗੁਰੂ ਦੀ ਪਦਵੀ ਦੇ ਬਰਾਬਰ ਹੋਵੇਗੀ।

*ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥*
*ਸਰਬ ਲੋਹ ਗ੍ਰੰਥ*

ਇਸ ਵਿਸਾਖੀ ਦੇ ਦਿਨ ਖਾਲਸਾ (Super man) ਦੀ ਸਿਰਜਨਾ ਨਾਲ ਭਾਰਤ ਦਾ ਅੰਧਕਾਰਮਈ ਇਤਿਹਾਸ ਬਦਲ ਗਿਆ। ਅੱਜ ਹਜ਼ਾਰਾਂ ਸਾਲ ਲੰਘਣ ਤੋਂ ਪਿਛੋਂ ਇਕ ਪੂਰਨ ਮਨੁੱਖ ਸੰਸਾਰ ਦੇ ਰੰਗ ਮੰਚ ਵਿਚ ਪ੍ਰਗਟ ਹੋਇਆ ਜਿਸਨੂੰ ਖਾਲਸਾ ਕਹਿ ਕੇ ਸਤਿਕਾਰਿਆ ਗਿਆ। ਅੱਜ ਇਕ ਪੂਰਨ ਮਨੁੱਖ ਦੀ ਸਿਰਜਨਾ ਕੀਤੀ ਗਈ। ਖਾਲਸਾ ਪ੍ਰਗਟ ਹੋਣ ਤੋਂ ਪਹਿਲਾਂ ਇਕ ਮਨੁੱਖ ਨੂੰ ਪੰਜ ਹਿੱਸਿਆਂ ਵਿਚ ਵੰਡਿਆ ਹੋਇਆ ਸੀ, ਉਹ ਪੂਰਨ ਮਨੁੱਖ ਨਹੀਂ ਕਹਾ ਸਕਦਾ ਸੀ ਕਿਉਂਕਿ ਉਪਦੇਸ਼ ਦੇਣ ਦਾ ਕੰਮ ਬ੍ਰਾਹਮਣ ਵਰਗ ਪਾਸ ਸੀ। ਬ੍ਰਾਹਮਣ ਦਾ ਕੰਮ ਦਾਨ ਦੇਣਾ, ਦਾਨ ਲੈਣਾ, ਜਗ ਕਰਨਾ, ਜਗ ਕਰਾਉਣਾ, ਅਧਿਆਤਮਕ ਵਿਦਿਆ ਪੜ੍ਹਨੀ ਤੇ ਪੜ੍ਹਾਉਣੀ; ਇਹ ਛੇ ਕਰਮ ਹੋਇਆ ਕਰਦੇ ਹਨ। ਖਤਰੀ ਦਾ ਕੰਮ ਸਰੀਰ ਨੂੰ ਨਰੋਆ ਰੱਖਣਾ, ਤਪ ਦੇ ਬਲ ਕਰਕੇ ਅਸਤਰ ਪ੍ਰਾਪਤ ਕਰਨੇ ਜਿਹੜੇ ਕਿ ਬਹੁਤ ਸ਼ਕਤੀਸ਼ਾਲੀ

ਹੋਇਆ ਕਰਦੇ ਹਨ ਜਿਵੇਂ ਕਿ ਬਜਰ ਅਸਤਰ, ਇੰਦਰ ਅਸਤਰ, ਬ੍ਰਹਮ ਅਸਤਰ, ਅਗਨ ਅਸਤਰ, ਵਰੁਣ ਅਸਤਰ ਅਤੇ ਇਸ ਤਰ੍ਹਾਂ ਦੇ ਅਨੇਕ ਅਸਤਰ ਮੰਤ੍ਰ ਬਲ ਨਾਲ ਪ੍ਰਾਪਤ ਕੀਤੇ ਜਾਇਆ ਕਰਦੇ ਸਨ। ਇਨ੍ਹਾਂ ਅਸਤਰਾਂ ਦੀ ਅਲੌਕਿਕ ਸ਼ਕਤੀ ਹੋਇਆ ਕਰਦੀ ਸੀ। ਅੱਜਕਲ੍ਹ ਦੇ ਐਟਮ ਬੰਬਾਂ ਵਾਂਗੂੰ ਇਸ ਇਕੋ ਦਾ ਅਸਰ ਦਸ-ਦਸ ਹਜ਼ਾਰ ਬੰਦੇ ਨੂੰ ਧਰਤੀ ਤੇ ਸੁਲਾ ਦਿਆ ਕਰਦਾ ਸੀ, ਇਕੋ ਅਸਤਰ ਹਜ਼ਾਰਾਂ ਬਾਣਾਂ ਵਿਚ ਚਲ ਕੇ ਹਜ਼ਾਰਾਂ ਹੀ ਬੰਦਿਆਂ ਦੇ ਲੱਗਿਆ ਕਰਦਾ ਸੀ। ਇਹ ਭਾਰਤ ਦੀ ਪ੍ਰਾਚੀਨ ਵਿਦਿਆ ਸੀ ਜੋ ਹੌਲੀ-ਹੌਲੀ ਅਲੋਪ ਹੋ ਗਈ ਅਤੇ ਇਨ੍ਹਾਂ ਅਸਤਰਾਂ ਦੀ ਥਾਂ ਅੱਜਕਲ੍ਹ ਦੀ ਸਾਇੰਸ ਨੇ ਲੈ ਕੇ ਬੇਅੰਤ ਸ਼ਕਤੀਸ਼ਾਲ ਗੋਲੇ-ਗੋਲੀਆਂ, ਬੰਬ, ਐਟਮ ਬੰਬ ਮੈਦਾਨੇ ਜੰਗ ਨੂੰ ਭੈ ਭੀਤ ਕਰਨ ਵਾਸਤੇ ਹੋਂਦ ਵਿਚ ਲਿਆਂਦੇ। ਖਤਰੀ ਜ਼ਮੀਨ ਦਾ ਮਾਲਕ ਹੋਇਆ ਕਰਦਾ ਸੀ ਅਤੇ ਹੇਠਲੇ ਵਰਗ ਉਸਦੀ ਜ਼ਮੀਨ ਵਿਚੋਂ ਅੰਨ ਪ੍ਰਾਪਤ ਕਰਕੇ ਉਸਨੂੰ ਕਿਸੇ ਖਾਸ ਅਨੁਪਾਤ ਮੁਤਾਬਿਕ ਦਿਆ ਕਰਦੇ ਸਨ। ਖਤਰੀ ਦਾ ਧਰਮ ਦੇਸ਼ ਅਤੇ ਆਪਣੇ ਰਾਜ ਦੀ ਰਾਖੀ ਕਰਦਿਆਂ ਆਪਣੇ ਪ੍ਰਾਣਾਂ ਦੀ ਅਹੂਤੀ ਦੇ ਦੇਣ ਵਿਚ ਪਵਿੱਤਰ ਸਮਝਿਆ ਜਾਇਆ ਕਰਦਾ ਸੀ। ਉਸਨੂੰ ਜੰਗ ਵਿਚ ਸ਼ਹੀਦ ਹੋਣ ਕਾਰਨ ਉਚੇ ਸਵਰਗਾਂ ਦੀ ਪ੍ਰਾਪਤੀ ਹੋਣੀ ਮੰਨੀ ਜਾਇਆ ਕਰਦੀ ਸੀ। ਇਸੇ ਤਰ੍ਹਾਂ ਵੈਸ਼ ਵਰਨ ਮਿਹਨਤ ਕਰਨ ਵਾਲਿਆਂ ਦਾ ਹੋਇਆ ਕਰਦਾ ਸੀ ਜੋ ਪਸ਼ੂ ਪਾਲਦੇ ਸਨ, ਵਪਾਰ ਕਰਦੇ ਸਨ ਅਤੇ ਦੇਸ਼ਾਂ ਪ੍ਰਦੇਸ਼ਾਂ ਵਿਚ ਜਾ ਕੇ ਆਪਣਾ ਪੈਦਾ ਕੀਤਾ ਹੋਇਆ ਮਾਲ ਵੇਚਿਆ ਕਰਦੇ ਸਨ ਅਤੇ ਧਨ ਕਮਾ ਕੇ ਟੈਕਸ ਦੇ ਰੂਪ ਵਿਚ ਰਾਜੇ ਦਾ ਕੋਸ਼ ਭਰਿਆ ਕਰਦੇ ਸਨ ਅਤੇ ਖੜ੍ਹੀ ਨੂੰ ਖੇਤੀਬਾੜੀ ਰਾਹੀਂ ਅਨਾਜ ਪੈਦਾ ਕਰਨ ਦਾ ਨੀਯਤ ਹਿੱਸਾ ਦਿਤਾ ਜਾਂਦਾ ਸੀ ਅਤੇ ਬ੍ਰਾਹਮਣ ਨੂੰ ਪਵਿੱਤਰ ਸਮਝ ਕੇ ਦਾਨ ਦਿਤਾ ਜਾਇਆ ਕਰਦਾ ਸੀ, ਜਿਸ ਨਾਲ ਬ੍ਰਾਹਮਣ ਵਰਗ ਨੂੰ ਕੋਈ ਕੰਮ ਕਰਨ ਦੀ ਲੋੜ ਨਹੀਂ ਸੀ, ਕੇਵਲ ਪੜ੍ਹਨਾ, ਪੜ੍ਹਾਉਣਾ ਤੇ ਸਮਾਜ ਦੇ ਭਲੇ ਲਈ ਸਾਹਿਤ ਪੈਦਾ ਕਰਨਾ ਹੋਇਆ ਕਰਦਾ ਸੀ। ਪਰ ਹੌਲੀ-ਹੌਲੀ ਬ੍ਰਾਹਮਣ ਨੇ ਕਰਮਕਾਂਡ ਦਾ ਪਸਾਰਾ ਕਰਕੇ ਸਮਾਜ ਨੂੰ ਆਪਣੇ ਨਿਯਮਾਂ ਦੀ ਪਕੜ ਵਿਚ ਜਕੜ ਲਿਆ ਅਤੇ ਬਾਕੀ ਵਰਗਾਂ ਨੂੰ ਸਾਹਸਹੀਣ ਕਰ ਦਿਤਾ। ਇਹ ਵਰਗ ਹਰ ਨਵੀਂ ਸੇਧ ਬ੍ਰਾਹਮਣ ਵਰਗ ਤੋਂ ਲਿਆ ਕਰਦੇ ਸਨ, ਇਥੋਂ ਤਕ ਕਿ ਖੇਤੀ ਬੀਜਣ ਲਈ, ਵਪਾਰ ਸ਼ੁਰੂ ਕਰਨ ਲਈ, ਮਕਾਨ ਉਸਾਰੀ ਲਈ, ਸਫਰ ਤੇ ਜਾਣ ਲਈ, ਵਿਆਹ ਸ਼ਾਦੀਆਂ ਦੇ ਦਿਨ ਮੁਕੱਰਰ ਕਰਨ ਲਈ, ਵਿਆਹ ਦੇ ਸਬੰਧ ਪਤੀ ਪਤਨੀ ਵਿਚ ਜੋੜਨ ਲਈ, ਨਵੇਂ ਵਸਤਰ ਖਰੀਦਣ ਲਈ, ਪਸ਼ੂ ਖਰੀਦਣ ਲਈ, ਬੱਚੇ ਨੂੰ ਪੜ੍ਹਨ ਪਾਉਣ ਲਈ, ਜ਼ਿੰਦਗੀ ਦੇ ਹਰ ਨਵੇਂ ਕੰਮ ਕਰਨ ਤੋਂ ਪਹਿਲਾਂ ਸਾਰੀ ਅਗਵਾਈ ਬ੍ਰਾਹਮਣ ਵਰਗ ਤੋਂ ਲਈ ਜਾਂਦੀ ਸੀ ਅਤੇ ਉਹ ਸ਼ਗਨ-ਅਪਸ਼ਗਨ, ਥਿਤ, ਵਾਰ, ਮਹੀਨੇ, ਰੁੱਤਾਂ ਗ੍ਰਹਿਾਂ ਦੀਆਂ ਚਾਲਾਂ ਦੇਖ ਕੇ ਸੇਧ ਦਿਆ ਕਰਦਾ ਸੀ। ਇਥੋਂ ਤਕ ਕਿ ਆਦਮੀ ਦੇ ਸ੍ਵਾਸ ਨੂੰ ਵੀ ਵਾਚਿਆ ਜਾਇਆ ਕਰਦਾ ਸੀ ਕਿ ਕੰਮ ਕਰਨ ਤੋਂ ਪਹਿਲਾਂ ਕਿਸ ਨਾਸਕਾ ਰਾਹੀਂ ਸ੍ਵਾਸ ਆ ਰਿਹਾ ਹੈ।

ਸੂਦਰ ਵਰਗ ਦਾ ਕੰਮ ਇਨ੍ਹਾਂ ਤਿੰਨਾਂ ਵਰਗਾਂ ਦੇ ਕੰਮਾਂ ਨੂੰ ਕੰਮੀ ਬਣ ਕੇ ਕੀਤਾ ਜਾਇਆ ਕਰਦਾ ਸੀ। ਇਹ ਆਪਣੇ ਮਾਲਕਾਂ ਦੇ ਤਰਸ ਉਪਰ ਹੋਇਆ ਕਰਦੇ ਸਨ। ਇਨ੍ਹਾਂ ਦਾ ਕੰਮ ਕੇਵਲ ਸੇਵਾ ਕਰਨਾ ਹੀ ਹੋਇਆ ਕਰਦਾ ਸੀ ਜਿਸ ਦੇ ਬਦਲੇ ਇਨ੍ਹਾਂ ਨੂੰ ਫਸਲਾਂ ਦੀ ਆਮਦਨ ਆਦਿ ਨੂੰ ਮੁੱਖ ਰੱਖ ਕੇ ਕੁਝ ਹਿੱਸੇ ਦੇ ਦਿਤੇ ਜਾਇਆ ਕਰਦੇ ਸਨ। ਆਦਮੀ ਨੂੰ ਇਥੋਂ ਤਕ ਵੰਡਿਆ ਗਿਆ ਕਿ ਇਨ੍ਹਾਂ ਸ਼ੂਦਰਾਂ ਵਿਚੋਂ ਇਕ ਤਾਂ ਉਹ ਸਨ ਜਿਨ੍ਹਾਂ ਨੂੰ ਛੂਹਿਆ ਜਾ ਸਕਦਾ ਸੀ, ਜਿਨ੍ਹਾਂ ਨੂੰ ਛੂਹਣ ਤੋਂ ਭਿੱਟ ਨਹੀਂ ਲੱਗਿਆ ਕਰਦੀ ਸੀ। ਇਕ ਉਹ ਸਨ ਜਿਨ੍ਹਾਂ ਦੇ ਨਾਲ ਲੱਗਣ ਤੇ ਭਿੱਟ ਲਗ ਜਾਂਦੀ ਸੀ। ਸਵੇਰੇ-ਸਵੇਰੇ ਕੰਮ ਕਰਨ ਤੋਂ ਪਹਿਲਾਂ ਜੇ ਇਨ੍ਹਾਂ ਵਿਚੋਂ ਕੋਈ ਮੱਥੇ ਲਗ ਜਾਂਦਾ ਸੀ ਤਾਂ ਬੜੀ ਵਿਚਾਰ ਕੀਤੀ ਜਾਇਆ ਕਰਦੀ ਸੀ। ਇਨ੍ਹਾਂ ਨੂੰ ਭਜਨ ਬੰਦਗੀ, ਪੂਜਾ, ਪਾਠ, ਮੰਦਰ, ਮੱਠ ਜਾਣ ਤੇ ਪਾਬੰਦੀ ਲੱਗੀ ਹੋਈ ਸੀ। ਜੇ ਕਿਤੇ ਭੁਲ-ਭੁਲੇਖੇ ਕਿਸੇ ਸ਼ੂਦਰ ਤੋਂ ਓਅੰਕਾਰ ਸ਼ਬਦ ਉਚਾਰਨ ਹੋ ਗਿਆ ਤਾਂ ਉਸ ਦੀ ਜ਼ੁਬਾਨ ਕੱਟ ਦਿਤੀ ਜਾਂਦੀ ਸੀ। ਜੇ ਇਨ੍ਹਾਂ ਵਿਚੋਂ ਕੋਈ ਬ੍ਰਹਮਗਿਆਨ ਦੀ ਗੱਲ ਕਰਦਾ ਸੀ ਤਾਂ ਰਾਜਾ ਖੁਦ ਮਾਰਦਾ ਸੀ ਜਿਵੇਂ ਸ੍ਰੀ ਰਾਮ ਚੰਦਰ ਜੀ ਮਹਾਰਾਜ ਤੋਂ ਸੁੰਬਕ ਰਿਸ਼ੀ ਨੂੰ ਬ੍ਰਾਹਮਣਾਂ ਨੇ ਮਰਵਾਇਆ ਸੀ। ਸ੍ਰੀ ਰਾਮ ਚੰਦਰ ਜੀ ਨੇ ਰਾਜ ਨਿਯਮਾਂ ਦੀ ਪਾਲਣਾ ਕਰਦੇ ਹੋਏ ਸੁੰਬਕ ਰਿਸ਼ੀ ਦਾ ਆਪਣੇ ਹੱਥ ਨਾਲ ਬੱਧ ਕੀਤਾ। ਇਹ ਅਛੂਤ ਵਰਗ ਦਾ ਮਨੁੱਖ ਬਹੁਤ ਹੀ ਤ੍ਰਿਸਕਾਰਿਆ ਹੋਇਆ ਸਮਾਜ ਦਾ ਮੈਲਾ ਅੰਗ ਗਿਣਿਆ ਜਾਂਦਾ ਸੀ। ਇਹ ਅੰਗ ਅਨਪੜ੍ਹ ਰੱਖਿਆ ਜਾਂਦਾ ਸੀ, ਕੋਈ ਸਕੂਲ ਵਿਦਿਆਲਾ, ਕੋਈ ਕਿਰਤ ਦਾ ਸਕੂਲ ਇਨ੍ਹਾਂ ਨੂੰ ਦਾਖਲਾ ਨਹੀਂ ਸੀ ਦਿੰਦਾ। ਇਹ ਨਿਸ਼ਚਾ ਦਿਤਾ ਗਿਆ ਕਿ ਇਹ ਸ਼ੂਦਰ ਪ੍ਰਮੇਸ਼ਰ ਦੇ ਦਰ ਤੋਂ ਨਾ ਪ੍ਰਵਾਣ ਹੋਈਆਂ ਰੂਹਾਂ ਦੇ ਜਨਮ ਕਰਕੇ ਹੈ। ਇਨ੍ਹਾਂ ਦੇ ਸੰਤਾਪ, ਇਨ੍ਹਾਂ ਦੀਆਂ ਤੰਗੀਆਂ, ਇਨ੍ਹਾਂ ਦੇ ਪਿਛਲੇ ਜਨਮਾਂ ਵਿਚ ਕੀਤੇ ਕਰਮਾਂ ਦੀ ਸਜ਼ਾ ਵਜੋਂ ਹਨ। ਦੁਆਪਰ ਦੇ ਅੰਤ ਵਿਚ ਬਾਲਮੀਕ (ਚੰਡਾਲ) ਨੇ ਭਜਨ ਕਰਕੇ ਉਹ ਪਦਵੀ ਹਾਸਲ ਕਰ ਲਈ ਜੋ ਸਰਬ ਸ੍ਰੇਸ਼ਟ ਸੀ। ਇਹ ਮਹਾਨ ਰਿਸ਼ੀ ਹੋਏ ਹਨ। ਕ੍ਰਿਸ਼ਨ ਮਹਾਰਾਜ ਜੀ ਨੇ ਪਾਂਡਵਾਂ ਦੇ ਯੱਗ ਸਮੇਂ ਇਨ੍ਹਾਂ ਨੂੰ ਪ੍ਰਗਟ ਕੀਤਾ ਅਤੇ ਆਪਣੇ ਹੱਥਾਂ ਨਾਲ ਇਸ ਰਿਸ਼ੀ ਦੇ ਚਰਨ ਧੋਤੇ ਅਤੇ ਜੂਠੀਆਂ ਪੱਤਲਾਂ ਚੁਕੀਆਂ। ਇਨ੍ਹਾਂ ਦੇ ਪਾਡਵਾਂ ਦੇ ਯੱਗ ਵਿਚ ਸ਼ਾਮਲ ਹੋਣ ਕਰਕੇ ਘੰਟਾ ਜ਼ੋਰ ਨਾਲ ਵਜਦਾ ਰਿਹਾ ਅਤੇ ਯੱਗ ਸੰਪੂਰਨ ਹੋਇਆ।

ਗੁਰੂ ਨਾਨਕ ਪਾਤਸ਼ਾਹ ਨੇ ਜਾਤ ਪਾਤ ਨੂੰ ਪੂਰੀ ਤਰ੍ਹਾਂ ਰੱਦ ਕੀਤਾ। ਬ੍ਰਾਹਮਣ ਉਹ ਹੈ ਜੋ ਬ੍ਰਹਮ ਦੀ ਵਿਚਾਰ ਕਰਦਾ ਹੈ, ਐਸੇ ਬ੍ਰਾਹਮਣ ਨੂੰ ਸ੍ਰੇਸ਼ਟ ਬ੍ਰਾਹਮਣ ਆਖਿਆ ਗਿਆ। ਜੋ ਪ੍ਰਮੇਸ਼ਰ ਦੀ ਅੰਦਰ ਪਛਾਣ ਕਰਦਾ ਹੈ ਉਸ ਪੰਡਤ ਦੇ ਉਪਦੇਸ਼ ਨੂੰ ਪ੍ਰਵਾਣ ਕੀਤਾ ਗਿਆ। ਖਤਰੀ ਨੂੰ ਕਰਮਾਂ ਦਾ ਸੂਰਮਾ ਕਰਕੇ ਥਾਪਿਆ ਗਿਆ। ਗੁਰੂ ਨਾਨਕ ਸਾਹਿਬ ਕਥਿਤ ਨੀਚ ਜਾਤਾਂ ਨੂੰ ਮਾਣ ਦਿੰਦੇ ਹੋਏ ਫੁਰਮਾਨ ਕਰਦੇ ਹਨ -

***ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥***
***ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥***

***ਪੰਨਾ - 15***

ਗ੍ਰਹਿਸਤੀ ਨੂੰ ਵਡਿਆਇਆ ਗਿਆ, ਕਿਰਤ ਨੂੰ ਮਹਾਂ ਪਵਿੱਤਰ ਆਖਿਆ ਗਿਆ –

***ਸੋ ਗਿਰਹੀ ਜੋ ਨਿਗ੍ਰਹੁ ਕਰੈ॥***
***ਜਪੁ ਤਪੁ ਸੰਜਮੁ ਭੀਖਿਆ ਕਰੈ॥***
***ਪੁੰਨ ਦਾਨ ਕਾ ਕਰੇ ਸਰੀਰੁ॥***
***ਸੋ ਗਿਰਹੀ ਗੰਗਾ ਕਾ ਨੀਰੁ॥ ਪੰਨਾ – 952***

ਜਾਤਾਂ ਪਾਤਾਂ ਦਾ ਭਰਮ ਪੂਰੀ ਤਰ੍ਹਾਂ ਨਾਲ ਇਨਸਾਨ ਦੇ ਹਿਰਦੇ ਵਿਚੋਂ ਕੱਢ ਦਿਤਾ ਗਿਆ। ਇਥੋਂ ਤਕ ਗੁਰਸਿੱਖੀ ਨੇ ਇਨਕਲਾਬੀ ਕਦਮ ਪੁਟਿਆ ਕਿ ਸਾਰੇ ਇਨਸਾਨਾਂ ਨੂੰ ਬਿਨਾਂ ਵਿਤਕਰਾ, ਜਾਤ ਪਾਤ, ਧਰਮ, ਮਜ਼ਹਬ, ਊਚ-ਨੀਚ, ਅਮੀਰ-ਗਰੀਬ ਦੇ ਇਕ ਪੰਗਤ ਦੇ ਵਿਚ ਬੈਠ ਕੇ ਪ੍ਰਸ਼ਾਦਾ ਛਕਣਾ ਪਵਿਤਰਤਾ ਦਾ ਸੂਚਕ ਮੰਨਿਆ ਗਿਆ। ਅਕਬਰ ਵਰਗੇ ਮਹਾਨ ਸਮਰਾਟ ਅਤੇ ਹੋਰ ਅਮੀਰ ਵਰਗ ਦੇ ਬੰਦੇ ਪੰਗਤ 'ਚ ਬੈਠ ਕੇ ਪ੍ਰਸ਼ਾਦਾ ਛਕ ਕੇ ਗੁਰੂ ਦੇ ਦਰਸ਼ਨ ਕਰਿਆ ਕਰਦੇ ਸਨ। ਇਸੇ ਤਰ੍ਹਾਂ ਨਾਲ ਕਰਮਾਂ ਧਰਮਾਂ ਦਾ ਬੋਝ ਜੋਤਸ਼ਾਂ, ਗ੍ਰਹਿਾਂ ਦੀਆਂ ਪਕੜਾਂ ਬਿਲਕੁਲ ਦੂਰ ਕਰਕੇ ਫੁਰਮਾਨ ਕੀਤਾ –

***ਮਾਹ ਦਿਵਸ ਮੂਰਤਿ ਭਲੇ ਜਿਸ ਕਉ ਨਦਰਿ ਕਰੇ॥***
***ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ॥***
***ਪੰਨਾ – 136***

ਗੁਰੂ ਦਸ਼ਮੇਸ਼ ਪਿਤਾ ਜੀ ਨੇ ਮਨੁੱਖ ਦੀ ਮਨੁੱਖਤਾ ਨੂੰ ਪੂਰਨ ਰੂਪ ਵਿਚ ਸੁਤੰਤਰ ਕੀਤਾ ਅਤੇ ਇਕੋ ਮਨੁੱਖ ਨੂੰ ਖਾਲਸਾ ਬਣਾ ਕੇ ਉਸ ਵਿਚ ਬ੍ਰਾਹਮਣ, ਖਤਰੀ, ਸ਼ੂਦਰ, ਵੈਸ਼ ਅਤੇ ਰਿਸ਼ੀ ਮੁਨੀਆਂ ਦੇ ਆਦਰਸ਼ ਨੂੰ ਫਲੀਭੂਤ ਕੀਤਾ। ਗੁਰਸਿੱਖ ਬ੍ਰਾਹਮਣ ਦੇ ਰੂਪ ਵਿਚ ਹੁੰਦਾ ਹੋਇਆ, ਗੁਰਬਾਣੀ ਪੜ੍ਹਦਾ ਤੇ ਦੂਜਿਆਂ ਨੂੰ ਗੁਰਬਾਣੀ ਪੜ੍ਹਾਉਂਦਾ ਹੈ, ਲੰਗਰ ਚਲਾਉਂਦਾ ਹੈ। ਸਤਿ ਸਮਾਗਮ ਰਚ ਕੇ ਸਭ ਤੋਂ ਉਚਾ ਸ਼ਬਦ ਦਾ ਲੰਗਰ ਚਲਾਉਂਦਾ ਹੈ, ਆਪਣੀ ਦਸਾਂ ਨਹੁੰਆਂ ਦੀ ਕਿਰਤ ਵਿਚੋਂ ਗੁਰੂ ਦੇ ਨਮਿਤ ਦਸਵੰਧ ਦਿੰਦਾ ਹੈ ਅਤੇ ਇਸ ਦਸਵੰਧ ਨੂੰ ਪ੍ਰਾਪਤ ਕਰਕੇ ਜਨਤਾ ਦੇ ਸੁਖ ਲਈ ਧਰਮ ਮੰਦਰ, ਹਸਪਤਾਲ, ਸਕੂਲ, ਕਾਲਜ, ਧਰਮਸਾਲਾ, ਸੜਕਾਂ, ਪੁਲ ਆਦਿ ਅਨੇਕਾਂ ਕਾਰਜ ਕਰਦਾ ਹੈ। ਜਦੋਂ ਇਨਸਾਨਾਂ ਉਪਰ ਕੋਈ ਸੰਤਾਪ ਗਿਰਦਾ ਹੈ ਤਾਂ ਇਹ ਉਸੇ ਦਾਨ ਦੇ ਸਰਮਾਏ ਵਿਚੋਂ ਉਨ੍ਹਾਂ ਦੀ ਇਕ ਦਮ ਮਦਦ ਕਰਦਾ ਹੈ।

ਖਤਰੀ ਦੇ ਰੂਪ ਵਿਚ ਗਰੀਬ ਮਾਰ ਕਦੇ ਨਹੀਂ ਹੋਣ ਦਿੰਦਾ। ਰਾਜੇ ਤੋਂ ਆਪਣੇ ਹੱਕਾਂ ਦੀ ਪੂਰਤੀ ਲਈ ਸੰਘਰਸ਼ ਕਰਦਾ ਹੈ, ਦੁਸ਼ਮਣ ਨੂੰ ਆਪਣੇ ਦੇਸ਼ ਵਲ ਕੈਰੀ ਅੱਖ ਕਰਕੇ ਦੇਖਣ ਨਹੀਂ ਦਿੰਦਾ ਅਤੇ ਇਨ੍ਹਾਂ ਕਾਰਜਾਂ ਦੀ ਪੂਰਤੀ ਲਈ ਹੱਸ-ਹੱਸ ਕੇ ਆਪਣੀ ਜਾਨ ਗੁਰੂ ਪਿਆਰ ਵਿਚ ਵਾਰ ਦਿੰਦਾ ਹੈ। ਦੇਸ਼ ਦੀ ਰਾਖੀ ਦਾ ਜ਼ਬਰਦਸਤ ਪਹਿਰੇਦਾਰ ਹੈ, ਗਰੀਬ ਤੇ ਮਜ਼ਬੂਰ ਦਾ ਮਦਦਗਾਰ ਹੈ। ਅਨਾਥਾਂ, ਨਿਥਾਵਿਆਂ, ਨਿਮਾਣਿਆਂ, ਬੇ-ਘਰਾਂ, ਬੇਰੁਜ਼ਗਾਰਾਂ ਲਈ ਦਰਦਾਂ ਭਰਿਆ ਮਿਤਰ ਹੈ। ਇਸਤ੍ਰੀ ਰੱਖਿਆ ਲਈ ਅਤੇ ਗਰੀਬ ਦੀ ਮਦਦ ਲਈ ਆਪਣੀ ਜਾਨ ਵਾਰਨਾ ਗੁਰੂ ਦੀ ਰਜ਼ਾਅ ਸਮਝਦਾ ਹੈ ਅਤੇ ਸ਼ਸ਼ਤਰ ਪਹਿਨਣ ਨੂੰ ਧਰਮ ਦਾ ਅੰਗ ਸਮਝ ਕੇ ਆਪਣੇ ਅੰਗ ਸੰਗ ਰਖਦਾ ਹੈ।

ਵੈਸ਼ ਦੇ ਰੂਪ ਵਿਚ ਹੁੰਦਾ ਹੋਇਆ ਇਹ ਵਣਜ, ਵਪਾਰ, ਨੌਕਰੀ ਚਾਕਰੀ ਲਈ ਦੇਸ਼ਾਂ ਪ੍ਰਦੇਸ਼ਾਂ ਵਿਚ ਜਾਂਦਾ ਹੈ, ਉਥੇ ਗੁਰਮਤਿ ਦਾ ਪ੍ਰਗਟਾਵਾ ਕਰਕੇ ਜਿਥੇ ਧਨ ਕਮਾਉਂਦਾ ਹੈ ਉਥੇ ਪ੍ਰਚਾਰਕ ਦਾ ਰੂਪ ਧਾਰ ਕੇ ਉਥੋਂ ਦੇ ਲੋਕਾਂ ਨੂੰ ਗੁਰਮਤਿ ਸਿਧਾਂਤਾਂ ਦਾ ਜਾਣੂੰ ਬਣਾਉਂਦਾ ਹੈ ਅਤੇ ਭਰਮਾਂ ਭੇਖਾਂ ਦਾ ਨਾਸ਼ ਕੀਤੇ ਜਾਣ ਦਾ ਉਪਦੇਸ਼ ਦਿੰਦਾ ਹੈ। ਖੇਤੀ ਬਾੜੀ ਕਰਦਾ, ਇੰਡਸਟ੍ਰੀਆਂ ਚਲਾਉਂਦਾ, ਵਣਜ ਵਪਾਰ ਚਲਾਉਂਦਾ ਹੈ, ਡਾਕਟਰ, ਸਾਇੰਸਦਾਨ, ਜੱਜ, ਵਜ਼ੀਰ ਆਦਿ ਦੀਆਂ ਪਦਵੀਆਂ ਪ੍ਰਾਪਤ ਕਰਕੇ ਸਮਾਜ ਦੀ ਸੇਵਾ ਕਰਦਾ ਹੈ।

ਸ਼ੂਦਰ ਦੇ ਰੂਪ ਵਿਚ ਸੇਵਾ ਕਰਨ ਨੂੰ ਇਹ ਸਭ ਤੋਂ ਪਵਿੱਤਰ ਕਰਮ ਜਾਣਦਾ ਹੈ ਅਤੇ ਇਸ ਦਾ ਪ੍ਰਪੱਕ ਨਿਸ਼ਚਾ ਹੈ ਕਿ –

***ਵਿਚਿ ਦੁਨੀਆ ਸੇਵ ਕਮਾਈਐ॥***
***ਤਾ ਦਰਗਹ ਬੈਸਣੁ ਪਾਈਐ॥***
***ਕਹੁ ਨਾਨਕ ਬਾਹ ਲੁਡਾਈਐ॥ ਪੰਨਾ – 26***

ਅਤੇ

***ਸੇਵਾ ਕਰਤ ਹੋਇ ਨਿਹਕਾਮੀ॥***
***ਤਿਸ ਕਉ ਹੋਤ ਪਰਾਪਤਿ ਸੁਆਮੀ॥ ਪੰਨਾ – 286***

ਐਸੇ ਆਦਰਸ਼ ਨੂੰ ਅਪਣਾਅ ਕੇ ਸੇਵਾ ਦੀ ਮਹਾਨ ਕਿਰਤ ਨੂੰ ਬ੍ਰਾਹਮਣ ਦੇ ਵੇਦ ਪਾਠਾਂ ਤੋਂ ਵੀ ਉਚਾ ਬਣਾ ਦਿੰਦਾ ਹੈ। **ਗੁਰੂ ਦਸ਼ਮੇਸ਼ ਪਿਤਾ ਜੀ ਨੇ ਖਾਲਸੇ ਦੇ ਜੁੱਸੇ ਵਿਚ ਇਹ ਚਾਰੇ ਵਰਣ ਜਜ਼ਬ ਕਰ ਦਿਤੇ ਅਤੇ ਇਨ੍ਹਾਂ ਤੋਂ ਉਚਾ ਖਾਲਸੇ ਨੂੰ ਮਹਾਨ ਕਰਮਯੋਗੀ ਬਣਾ ਕੇ ਰਿਸ਼ੀਆਂ-ਮੁਨੀਆਂ, ਪੀਰਾਂ, ਫਕੀਰਾਂ ਤੋਂ ਕਿਤੇ ਉਚਾ ਬਣਾ ਦਿਤਾ। ਇਹ ਗ੍ਰਹਿਸਤੀ ਹੁੰਦਾ ਹੋਇਆ ਪੂਰਨ ਬ੍ਰਹਮਗਿਆਨੀ ਵੀ ਹੈ, ਪੂਰਨ ਯੋਗੀ ਵੀ ਹੈ, ਮਹਾਂ ਰਿਸ਼ੀ ਵੀ ਹੈ, ਮਾਇਆ ਤੋਂ ਪੂਰੀ ਤਰ੍ਹਾਂ ਨਿਰਲੇਪ ਹੈ। ਸੰਸਾਰ ਦੇ ਘਟ-ਘਟ ਵਿਚ ਵਿਆਪਕ ਵਾਹਿਗੁਰੂ ਨੂੰ ਪ੍ਰਤੱਖ ਅਨੁਭਵ ਕਰਦਾ ਹੈ। ਸੋ ਗੁਰੂ ਮਹਾਰਾਜ ਜੀ ਨੇ ਇਕੋ ਬੰਦੇ ਵਿਚ ਇਹ ਪੰਜੇ ਵਰਣਾਂ ਦੇ ਗੁਣ ਦਾਖਲ ਕਰ ਦਿਤੇ ਅਤੇ ਇਸ ਨੂੰ ਗੁਰੂ ਦੀ ਪਦਵੀ ਦਿੰਦਿਆਂ ਹੋਇਆਂ ਫੁਰਮਾਨ ਕੀਤਾ ਕਿ –**

***ਖ਼ਾਲਸਾ ਮੇਰੋ ਧਰਮ ਅਰ ਕਰਮ॥***
***ਖ਼ਾਲਸਾ ਮੇਰੋ ਭੇਦ ਨਿਜ ਮਰਮ॥***
***ਖ਼ਾਲਸਾ ਮੇਰੋ ਸਤਿਗੁਰ ਪੂਰਾ॥***
***ਖ਼ਾਲਸਾ ਮੇਰੋ ਸੱਜਨ ਸੂਰਾ॥ ਸਰਬ ਲੋਹ ਗ੍ਰੰਥ***

ਇਸ ਖਾਲਸਾ ਦੀ ਪਦਵੀ ਵਾਹਿਗੁਰੂ, ਗੁਰੂ ਦੇ ਬਰਾਬਰ ਕਰ ਦਿਤੀ ਯਾਨਿ ਇਸ ਨੂੰ ਅਕਾਲ ਪੁਰਖ ਵਿਚ ਅਭੇਦ ਕਰ ਦਿਤਾ। ਸੋ ਇਸ ਤਰ੍ਹਾਂ ਨਾਲ ਬੇਅੰਤ ਕਸ਼ਟ ਸਹਾਰ ਕੇ ਇਹ ਆਦਰਸ਼ ਸੰਸਾਰ ਵਿਚ ਪ੍ਰਗਟ ਕੀਤਾ। **ਇਕ ਮਨੁੱਖ ਨੂੰ ਪੂਰਨ ਮਨੁੱਖ ਬਣਾ ਕੇ ਸੰਸਾਰ ਵਿਚ ਪੇਸ਼ ਕਰਨਾ ਇਕ ਬਹੁਤ ਵੱਡੀ ਕਰਾਮਾਤ ਸੀ।** ਛੋਟੀਆਂ-ਛੋਟੀਆਂ ਕਰਾਮਾਤਾਂ – ਹਵਾ ਵਿਚ ਉਡ ਜਾਣਾ, ਪਾਣੀ ਵਿਚ ਡੁਬ ਕੇ ਜਿਉਂਦੇ ਰਹਿਣਾ, ਸਿੱਧਾਂ ਵਾਂਗੂੰ ਪਾਣੀ ਦਾ ਤਾਲ ਹੀਰੇ ਜਵਾਹਰਾਤ ਨਾਲ ਭਰ ਦੇਣਾ, ਧਰਤੀ ਦੇ ਕਣਾਂ ਨੂੰ ਸੋਨਾ ਬਣਾ ਦੇਣਾ, ਆਮ ਪੱਥਰਾਂ ਨੂੰ ਪਾਰਸ ਬਣਾ ਦੇਣਾ, ਸ਼ੇਰਾਂ ਦੀ ਸਵਾਰੀ ਕਰ ਲੈਣਾ, ਹੱਥ ਵਿਚ

ਨਾਗਾਂ ਦੇ ਹੰਟਰ ਰੱਖ ਲੈਣੇ, ਬਹੁਤ ਵੱਡਾ, ਉਚਾ ਲੰਮਾ ਸਰੀਰ ਬਣਾ ਲੈਣਾ ਅਤੇ ਛੋਟੇ ਤੋਂ ਛੋਟਾ ਆਪਣਾ ਵਜੂਦ ਬਣਾ ਲੈਣਾ ਆਦਿ ਅਨੇਕਾਂ ਕਰਾਮਾਤਾਂ ਸੰਸਾਰ ਵਿਚ ਤਪੋ ਬਲ ਨਾਲ ਅਤੇ ਯੋਗ ਸਾਧਨਾਂ ਨਾਲ ਵਿਕਲੋਤਰਾ ਮਨੁੱਖ ਪ੍ਰਾਪਤ ਕਰ ਲੈਂਦਾ ਸੀ ਪਰ **ਆਮ ਆਦਮੀਆਂ ਦੇ ਮਨ ਵਿਚ ਨਾਮ ਦਾ ਵਾਸਾ ਕਰਾ ਦੇਣਾ ਅਤੇ ਉਸ ਨਾਮ ਦੇ ਬਲਬੋਤੇ ਸਾਹਸਹੀਣ ਮਨੁੱਖ ਨੂੰ ਇੰਨਾਂ ਉਚਾ ਲੈ ਜਾਣਾ ਕਿ ਉਸਨੂੰ ਪ੍ਰਮੇਸ਼ਰ ਨਾਲ ਅਭੇਦ ਅਵਸਥਾ ਵਿਚ ਲੀਨ ਹੋ ਕੇ ਪੂਰਨ ਰੂਪ ਵਿਚ ਪ੍ਰਭੂ ਹੀ ਬਣਾ ਦੇਣਾ ਇਕ ਬਹੁਤ ਹੀ ਵੱਡੀ ਕਰਾਮਾਤ ਸੀ। ਜੋ ਅੱਜ ਤਕ ਭਾਰਤ ਵਰਗੇ ਬੇਅੰਤ ਜ਼ੁਲਮਾਂ ਦੇ ਹੇਠ ਲਤਾੜੇ ਹੋਏ ਨਿਮਾਣੇ ਤੇ ਨਿਤਾਣੇ ਬੰਦੇ ਨੂੰ ਇਕ ਪੂਰਨ ਮਨੁੱਖ ਦੇ ਰੂਪ ਵਿਚ ਪ੍ਰਗਟ ਕਰ ਦੇਣਾ, ਜੋ ਅਧਿਆਤਮਕ ਕਰਮਾਂ ਨੂੰ ਕਰਨ ਲਈ ਬ੍ਰਾਹਮਣ ਹੈ, ਸ਼ਸਤਰਾਂ ਦਾ ਪ੍ਰਯੋਗ ਕਰਨ ਲਈ ਖਤਰੀ ਹੈ, ਨਵੇਂ ਤੋਂ ਨਵਾਂ ਪ੍ਰਯੋਗ ਅਤੇ ਨਵੇਂ ਤੋਂ ਨਵਾਂ ਤਜਰਬਾ ਕਰਕੇ ਸਾਇੰਸਦਾਨ, ਡਾਕਟਰ, ਪ੍ਰੋਫੈਸਰ, ਜਰਨੈਲ ਅਤੇ ਚੰਗੇ ਤੋਂ ਚੰਗਾ ਸ਼ਾਸ਼ਕ ਹੋ ਕੇ, ਨੇਕ ਕਿਰਤ ਕਰਕੇ ਵੈਸ਼ ਦੇ ਕਰਮ ਕਰਨ ਵਾਲਾ ਭੀ ਹੋਣਾ, ਵੱਡੀ ਤੋਂ ਵੱਡੀ ਪਦਵੀ, ਰੁਤਬੇ ਪ੍ਰਾਪਤ ਕਰਕੇ ਭੀ ਪੂਰਨ ਗਿਆਨਵਾਨ ਸਾਧੂ, ਸੰਤ ਦਾ 'ਦਰਜਾ' ਹਾਸਲ ਕਰਕੇ** ਛੋਟੀ ਤੋਂ ਛੋਟੀ ਸੇਵਾ ਕਰਨ ਲਈ ਤਤਪਰ ਰਹਿਣਾ ਜਿਵੇਂ ਕਿ ਜੋੜੇ ਝਾੜਨੇ, ਪੱਖੇ ਝੱਲਣੇ, ਜਲ ਪਿਲਾਉਣਾ, ਦਰੀਆਂ ਵਿਛਾਉਣੀਆਂ, ਹਸਪਤਾਲਾਂ ਵਿਚ ਅਣਜਾਣ ਬੰਦਿਆਂ ਦੀ ਸੇਵਾ ਕਰਨਾ, ਲੰਗਰ ਪਕਾਉਣੇ, ਲੰਗਰ ਛਕਾਉਣੇ, ਜੂਠੇ ਬਰਤਨ ਮਾਂਜਣੇ ਆਦਿ ਇਹ ਸਭ ਸੇਵਾਵਾਂ ਕਰਦਾ ਹੋਇਆ ਗੁਰਸਿੱਖ ਜੋਗੀ ਦਾ ਆਤਮ ਰਸ ਵਿਚ ਲੀਨ ਹੋ ਕੇ ਪੂਰਨ ਖਾਲਸਾ ਹੁੰਦੇ ਹੋਇਆਂ ਐਡੀ ਉਚੀ ਪਦਵੀ ਪ੍ਰਾਪਤ ਕਰ ਲੈਣਾ ਕਿ ਉਹ ਖੁਦ ਹੀ ਪ੍ਰਭੂ ਦੇ ਰੂਪ ਵਿਚ ਦ੍ਰਿਸ਼ਟੀ ਆਉਣ ਲਗਦਾ ਹੈ ਕਿ –

***ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ॥***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥***

***ਸਰਬ ਲੋਹ ਗ੍ਰੰਥ***

ਸਤਿਗੁਰੂ ਦੀ ਪਦਵੀ ਪ੍ਰਾਪਤ ਕਰਦਾ ਹੋਇਆ **ਇਕੋ ਮਨੁੱਖ ਦਾ ਖਾਲਸੇ ਦੇ ਰੂਪ ਵਿਚ ਅਨੇਕਾਂ ਕਿਰਿਆਵਾਂ ਦਾ ਧਾਰਨੀ ਹੋ ਕੇ ਸੰਸਾਰ ਵਿਚ ਵਿਚਰਨਾ, ਇਕ ਬਹੁਤ ਵੱਡੀ ਕਰਾਮਾਤ ਸੀ ਜੋ ਸੰਸਾਰ ਦੀ ਰਚਨਾ ਤੋਂ ਲੈ ਕੇ ਖਾਲਸਾ ਆਦਰਸ਼ ਦੇ ਪ੍ਰਗਟ ਹੋਣ ਤਕ ਕਿਸੇ ਤੋਂ ਵੀ ਨਹੀਂ ਹੋ ਸਕੀ ਸੀ। ਇਹ ਮਹਾਨ ਕਰਾਮਾਤ ਗੁਰੂ ਦਸ਼ਮੇਸ਼ ਪਿਤਾ ਜੀ ਨੇ ਮੁਰਦਿਆਂ ਨੂੰ ਜੀਵਨ ਦਾਨ ਦੇ ਕੇ ਸੰਸਾਰ ਵਿਚ ਪ੍ਰਗਟ ਕਰ ਦਿਤੀ।** ਕਰਾਮਾਤ ਇਥੋਂ ਤਕ ਪੂਰੀ ਹੋਈ ਕਿ 84 ਲੱਖ ਜੂਨਾਂ ਵਿਚ ਗੇੜੇ ਖਾਣ ਵਾਲਾ ਕੀਟ, ਪਤੰਗ, ਕੁਰੰਗ, ਗਜ, ਮੀਨ, ਮੱਛੀਆਂ, ਪੰਛੀ, ਦਰਖਤ ਬਣਨ ਵਾਲੇ ਜੀਵ ਆਤਮਾ ਨੂੰ ਪ੍ਰਭੂ ਰੂਪ ਬਣਾ ਦੇਣਾ ਇਕ ਹੈਰਾਨ ਕਰਨ ਵਾਲੀ ਕਰਾਮਾਤ ਹੈ ਜੋ ਕੇਵਲ ਅਕਾਲ ਪੁਰਖ ਦੇ ਪੁਤਰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੋਂ ਹੀ ਪੂਰੀ ਹੋ ਸਕੀ। ਇਸ ਖਾਲਸਾ ਪਦਵੀ ਤੇ ਪਹੁੰਚੇ ਹੋਇਆਂ ਨੂੰ ਸ੍ਰੀ ਅਸਕੇਤ ਦੀ ਗੋਦ ਵਿਚ ਨਿਵਾਸ ਦਿਵਾ ਦੇਣਾ, ਸਰਬ ਲੋਹ ਦੀ ਕ੍ਰਿਪਾ ਦਾ ਪਾਤਰ ਬਣਾ ਦੇਣਾ ਦਸ਼ਮੇਸ਼ ਪਿਤਾ ਤੋਂ ਹੀ ਹੋ ਸਕਿਆ ਸੀ। ਵਿਸਾਖੀ ਦਾ ਦਿਨ ਸੰਸਾਰ ਵਿਚ ਇਕ ਮਹਾਨ ਘਟਨਾ ਦਾ ਦਿਨ ਹੈ। ਅਜੇ ਤੀਕਰ ਸੰਸਾਰ ਨੂੰ ਇਹ ਸਮਝ ਹੀ ਨਹੀਂ ਆ ਸਕਿਆ ਕਿ ਖਾਲਸਾ ਆਦਰਸ਼ ਕੀ ਹੈ? ਇਸਦੀ ਵਡੱਤਣ ਕਿੰਨੀ ਉਚੀ ਹੈ? ਇਹ ਸੰਸਾਰ ਦਾ ਪੂਰਨ ਮਨੁੱਖ ਕਿਵੇਂ ਵਰਤਦਾ ਹੈ, ਕਿਵੇਂ ਸੰਸਾਰ ਨੂੰ ਤਕਦਾ ਹੈ ਤੇ ਵੈਰ, ਕੀਨੇ, ਸਾੜਿਆਂ ਤੋਂ ਬਿਲਕੁਲ ਪਾਕ ਹੈ ਇਸ ਦੇ ਲਈ ਸਾਰਾ ਸੰਸਾਰ ਆਪਣਾ ਹੀ ਅੰਗ ਹੈ। ਪ੍ਰਤੱਖ ਰੂਪ ਵਿਚ ਜਦੋਂ ਭਾਈ ਘਨ੍ਹਈਆ, ਬਗੈਰ ਵਿਤਕਰੇ ਤੋਂ ਜੰਗ ਵਿਚ ਪਾਣੀ ਪਿਲਾਂਦਾ ਹੈ ਤਾਂ ਉਸ ਦੀ ਕ੍ਰਿਆ ਨੂੰ ਕੋਈ ਸਮਝ ਨਹੀਂ ਸੀ ਸਕਿਆ ਪਰ ਜਿਨ੍ਹਾਂ ਦੇ ਅੰਦਰ ਪਾਣੀ ਦਾ ਘੁੱਟ ਉਸ ਦੇ ਹੱਥ ਨਾਲ ਛੋਹ ਕੇ ਚਲਿਆ ਜਾਂਦਾ ਸੀ ਉਹ ਅੰਦਰਲਾ ਹਨ੍ਹੇਰਾ ਗਵਾ ਕੇ ਨੇਤਰ ਪ੍ਰਕਾਸ਼ ਕਰਕੇ ਸਭਨਾਂ ਘਟਾਂ ਵਿਚ ਇਕ ਵਾਹਿਗੁਰੂ ਹੀ ਵੇਖਦਾ ਸੀ। ਜਦੋਂ ਗੁਰੂ ਦਸ਼ਮੇਸ਼ ਪਿਤਾ ਨੇ ਪੁਛਿਆ ਕਿ ਤੂੰ ਪਾਣੀ ਕਿਸਨੂੰ ਪਿਲਾਉਂਦਾ ਹੈਂ? ਤਾਂ ਉਸ ਦਾ ਉਤਰ ਸੀ ਕਿ ਸਾਹਿਬ ਜੀ! ਮੈਨੂੰ ਤੁਰਕ-ਅਤੁਰਕ ਹਿੰਦੂ-ਅਹਿੰਦੂ, ਆਪਣਾ-ਬੇਗਾਨਾ, ਵੈਰੀ-ਮਿਤਰ, ਮਾੜਾ ਤੇ ਚੰਗਾ, ਜ਼ਾਲਮ ਤੇ ਮਜ਼ਲੂਮ ਕੋਈ ਵੀ ਨਜ਼ਰ ਨਹੀਂ ਆ ਰਿਹਾ। ਜੇ ਨਜ਼ਰ ਆਉਂਦਾ ਹੈ ਤਾਂ ਕੇਵਲ ਇਕ ਤੇਰਾ ਹੀ ਰੂਪ ਘਟ-ਘਟ ਵਿਚ ਵਿਆਪਕ ਦਿਸਦਾ ਹੈ। ਗੁਰੂ ਮਹਾਰਾਜ ਜੀ ਉਸ ਪੂਰਨ ਮਨੁੱਖ ਤੇ ਪ੍ਰਸੰਨ ਹੋ ਕੇ ਮਲ੍ਹਮ ਦੀਆਂ ਡੱਬੀਆਂ ਅਤੇ ਪੱਟੀਆਂ ਬਖਸ਼ ਕੇ ਆਖਦੇ ਹਨ ਕਿ ਭਾਈ ਘਨਈਆ! ਤੂੰ ਖਾਲਸਾ ਪਦ ਪ੍ਰਾਪਤ ਕਰ ਲਿਆ ਹੈ। ਅੱਗੇ ਤੋਂ ਲੋੜ ਪੈਣ ਤੇ ਤੂੰ ਮੇਰੇ ਮਲ੍ਹਮ ਭੀ ਲਗਾਈਂ ਤੇ ਪਾਣੀ ਪਿਲਾ ਕੇ ਪੱਟੀਆਂ ਭੀ ਬੰਨ੍ਹੀ, ਇਹੋ ਮਹਾਨ ਉਚਾ ਆਦਰਸ਼ ਮੈਂ ਸੰਸਾਰ ਵਿਚ ਪ੍ਰਗਟ ਕਰਨ ਲਈ ਬ੍ਰਹਮਲੀਨ ਸਮਾਧੀ ਨੂੰ ਛੱਡ ਕੇ ਸਰੀਰਧਾਰੀ ਹੋਇਆ ਹਾਂ। ਕੁਬੁਧੀ ਦੂਰ ਕਰਕੇ ਸੁ-ਬੁਧਿ ਦਾ ਪ੍ਰਕਾਸ਼ ਕਰਨਾ ਮੇਰਾ ਕਰਤੱਵ ਹੈ। ਸਰਬੱਤ ਦਾ ਭਲਾ ਮੰਗਣ ਲਈ ਅਰਦਾਸ ਕਰਨਾ, ਇਸ ਖਾਲਸਾ ਲਈ ਜ਼ਰੂਰੀ ਲੋਚ ਹੈ ਜਿਸ ਦਾ ਨਾਮ 'ਖਾਲਸਾ' ਹੈ। ਮੈਂ ਖਾਲਸਾ ਭੇਖ ਕੋਈ ਨਹੀਂ ਬਣਾਇਆ, ਮੈਂ ਤਾਂ ਇਕ ਅਸਲੀ ਮਨੁੱਖ ਨੂੰ ਉਸ ਦਾ ਅਸਲੀ ਰੂਪ ਦਿਖਾ ਕੇ ਉਸ ਨੂੰ ਸਾਰੇ ਬੰਧਨਾਂ ਤੋਂ ਸੁਤੰਤਰ ਕਰਕੇ ਵਾਹਿਗੁਰੂ ਦਾ ਰੂਪ ਹੀ ਬਣਾਇਆ ਹੈ ਅਤੇ ਨਾਮ ਜਪਣ ਦੇ ਸ੍ਰੇਸ਼ਟ ਕਰਮ ਦਾ ਧਾਰਨੀ ਬਣਾਇਆ ਹੈ।

ਸੋ ਪਿਆਰੇ ਪਾਠਕੋ! ਵਿਚਾਰੋ ਉਸ ਮਹਾਨ ਉਚੇ ਆਦਰਸ਼ ਨੂੰ, ਉਸ ਗੁਰੂ ਦਸ਼ਮੇਸ਼ ਪਿਤਾ ਜੀ ਦੀ ਪੂਰੀ ਕਰਾਮਾਤ ਨੂੰ ਜੋ ਜੁਗਾਂ-ਜੁਗਾਂਤਰਾਂ ਤਕ ਆਪਣੇ ਬਲ ਨਾਲ ਸੰਸਾਰ ਵਿਚ ਚਲਦੀ ਰਹਿਣੀ ਹੈ ਅਤੇ ਖਾਲਸੇ ਦਾ ਆਦਰਸ਼ ਦਿਨੋ ਦਿਨ ਐਸਾ ਸੁਥਰਾ ਤੇ ਪ੍ਰਕਾਸ਼ਮਈ ਹੋ ਕੇ ਸੰਸਾਰ ਵਿਚ ਪ੍ਰਗਟੇਗਾ ਕਿ ਸਾਰਾ ਸੰਸਾਰ ਖਾਲਸਾ ਆਦਰਸ਼ ਨੂੰ ਪ੍ਰਗਟ ਕਰਨ ਲਈ ਤਰਸੇਗਾ, ਲੋਚੇਗਾ ਕਿਉਂਕਿ ਇਹ ਆਦਰਸ਼ ਇਸ ਸੁਪਨਮਈ ਸੰਸਾਰ ਵਿਚ ਪੂਰਨ ਹੈ, ਖਾਲਸਾ ਪੂਰਨ ਗਿਆਨਵਾਨ ਹੈ, ਇਸ ਨੇ ਮਾਇਆ ਨੂੰ ਪੂਰਨ ਰੂਪ ਵਿਚ ਜਿੱਤ ਲਿਆ ਹੈ, ਅਵਿਦਿਆ ਦੇ ਹਨ੍ਹੇਰੇ ਨੂੰ ਖੰਡ-ਖੰਡ ਕਰਕੇ ਪ੍ਰਕਾਸ਼ ਹੀ ਪ੍ਰਕਾਸ਼ ਸੰਸਾਰ ਵਿਚ ਵਰਤਾਅ ਦਿਤਾ ਹੈ।

ਬੇਅੰਤ ਕਸ਼ਟ ਸਹਾਰ ਕੇ ਇਹ ਆਦਰਸ਼ ਅੱਗੇ ਹੀ ਅੱਗੇ ਵਧਦਾ ਗਿਆ। ਜੇ ਅਸੀਂ ਏਸ ਆਦਰਸ਼ ਨੂੰ ਚੇਤਨਾ ਸਹਿਤ

ਸੰਸਾਰ ਦੇ ਮੰਚ ਤੇ ਪੇਸ਼ ਕਰੀਏ ਤਾਂ ਹੋ ਨਹੀਂ ਸਕਦਾ ਕਿ ਸੰਸਾਰ ਇਸ ਨੂੰ ਨਾ ਅਪਨਾਵੇ ਅਤੇ ਖਾਲਸਾ ਆਦਰਸ਼ ਨੂੰ ਪ੍ਰਵਾਨ ਨਾ ਕਰੇ। ਸਾਡੇ ਪ੍ਰਚਾਰਕ ਕੁਝ ਐਸੀ ਸਥਿਤੀ ਵਿਚ ਫਸੇ ਹੋਏ ਹਨ ਜਿਨ੍ਹਾਂ ਉਤੇ ਟੀਕਾ ਟਿੱਪਣੀ ਕਰਨੀ ਮੈਂ ਯੋਗ ਨਹੀਂ ਸਮਝਦਾ। ਗੁਰੂ ਮਹਾਰਾਜ ਸੁਮੱਤ ਦੇਣ, ਅਸਾਡਾ ਧਾਰਮਿਕ ਵਰਗ ਆਪਣੇ ਫਰਜ਼ ਦੀ ਪਹਿਚਾਣ ਕਰੇ ਅਤੇ ਇਸ ਮਹਾਨ ਉਚਤਾ ਵਿਚ ਲੀਨ ਹੋ ਕੇ ਖਾਲਸਾ ਪਦ ਦਾ ਆਨੰਦ ਮਾਣੇ ਅਤੇ ਫੇਰ ਇਸ ਨੂੰ ਸੰਸਾਰ ਦੇ ਮੰਚ ਉਤੇ ਪੇਸ਼ ਕਰਕੇ ਸਾਰੇ ਵਿਸ਼ਵ ਵਿਚ ਖਾਲਸਾ ਆਦਰਸ਼ ਪ੍ਰਚਲਤ ਕਰੇ ਜੋ ਸਾਰੇ ਸੁਖਾਂ ਦੇ ਦੇਣਹਾਰਾ ਹੈ, ਨੌਂ ਨਿਧੀਆਂ ਅਠਾਰਾਂ ਸਿੱਧੀਆਂ ਇਸ ਦੇ ਚਰਨਾਂ ਦੀ ਧੂੜ ਲੋਚਦੀਆਂ ਹਨ, ਦੇਵਤੇ ਵੀ ਇਸ ਦੀ ਧੂੜੀ ਮੰਗਦੇ ਹਨ ਤੇ ਉਹ ਸੰਸਾਰ ਵਿਚ ਇਸ ਦੀ ਖੋਜ ਕਰ ਰਹੇ ਹਨ –

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥*

*ਪੰਨਾ – 273*

ਪਿਆਰਿਓ! ਇਸ ਆਦਰਸ਼ ਨੂੰ ਸਮਝੋ, ਇਸ ਨੂੰ ਰਹੁਰੀਤਾਂ ਵਿਚ ਜਕੜਨ ਦੀ ਕੋਸ਼ਿਸ਼ ਨਾ ਕਰੋ, ਇਹ (Universal) ਵਿਸ਼ਵ ਜੀਵਨ ਦਾ ਪ੍ਰਤੀਕ ਹੈ, ਇਸ ਨੂੰ ਸਾਰੇ ਵਿਸ਼ਵ, ਸਾਰੇ ਦੇਸ਼ਾਂ, ਸਾਰੀਆਂ ਬੋਲੀਆਂ ਵਿਚ ਪ੍ਰਗਟ ਕਰੋ। ਆਪੇ ਖਾਲਸਾ ਬਣ ਕੇ ਕੁਝ ਨਹੀਂ ਸੰਵਰਦਾ। ਚਰਿਤ੍ਰਹੀਣ ਪ੍ਰਾਣੀ ਦਾ ਆਪਣੇ ਨਾਮ ਨਾਲ ਲਾਇਆ 'ਖਾਲਸਾ' ਅੱਖਰ ਇਸ ਮਹਾਨ ਆਦਰਸ਼ ਨੂੰ ਦੂਸ਼ਿਤ ਕਰਦਾ ਹੈ। ਸੋ ਇਨ੍ਹਾਂ ਕਮਜ਼ੋਰੀਆਂ ਤੋਂ ਬਚ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਆਦਰਸ਼ ਨੂੰ ਵਿਸ਼ਵ ਵਿਚ ਫੈਲਾਓ।

ਆਪ ਜੀ ਦੀ ਗਿਆਤ ਲਈ ਸੰਤ ਇੰਦਰ ਸਿੰਘ ਜੀ ਚਕਰਵਰਤੀ ਦੀ ਰਚੀ 'ਖਾਲਸੇ ਦੀ ਵਾਰ' ਛਾਪ ਕੇ ਚਕਰਵਰਤੀ ਜੀ ਦੇ ਬਹੁਤ ਧੰਨਵਾਦੀ ਹੋਵਾਂਗੇ –

## ਖਾਲਸੇ ਦੀ ਵਾਰ

*ਪੁਰੀ ਅਨੰਦ ਵਿਚ ਦਸਮ ਗੁਰੂ ਧਰ ਤੇਜ ਕਰਾਰਾ।*
*ਤਖ਼ਤ ਰਚਾਇਆ ਸੱਚ ਦਾ ਵਣਜ ਪਸਾਰਾ।*
*ਔਰੰਗਜ਼ੇਬ ਦੇ ਦਿਲ ਵਿਚ ਡਰ ਵਧਿਆ ਭਾਰਾ।*
*ਉਸ ਭੇਜਿਆ ਇਕ ਰੀਪੋਰਟ ਲੈਣ ਆਪਣਾ ਹਲਕਾਰਾ।*
*ਜਿਸ ਆਪਣੀ ਅੱਖੀਂ ਵੇਖਿਆ ਇਹ ਖਾਸ ਨਜ਼ਾਰਾ।*
*ਲਿਖ ਭੇਜੀ ਉਸ ਰੀਪੋਰਟ ਸੀ ਸੱਚ ਜਿਵੇਂ ਨਿਹਾਰਾ।*
*ਮੈਂ ਵੇਖਿਆ ਗੁਰੂ ਗੋਬਿੰਦ ਦਾ ਅਦਭੁਤ ਕਾਰਾ।*
*ਇਸ ਵਿਸਾਖੀ ਦੇ ਪੁਰਬ ਤੇ ਸਭ ਪੰਥ ਹਕਾਰਾ।*
*ਤੰਬੂ ਲਾਇਆ ਕੇਸ ਗੜ੍ਹ ਸਾਜਿਆ ਦਰਬਾਰਾ।*
*ਭਰਿਆ ਖ਼ੂਬ ਦੀਵਾਨ ਜਦ ਕੱਠ ਹੋਇਆ ਸਾਰਾ।*
*ਹੱਥ ਵਿਚ ਪਕੜੀ ਤੇਗ਼ ਸੀ ਦਸਵੇਂ ਅਵਤਾਰਾ।*
*ਉਹ ਬਿਜਲੀ ਵਾਂਗੂੰ ਚਮਕਦੀ ਮਾਰੇ ਲਿਸ਼ਕਾਰਾ।*
*ਉਸ ਉਚੀ ਥਾਂਉ ਖੱਲੋ ਕੇ ਮਾਰਿਆ ਭਬਕਾਰਾ।*
*ਮੈਂ ਤਿਲਕ ਭਗੌਤੀ ਲਾਉਣਾ ਜਿਉਂ ਫੁਲ ਅਨਾਰਾ।*
*ਹੈ ਕੋਈ ਐਸਾ ਸੂਰਮਾ ਜਿਸ ਮਰਣ ਪਿਆਰਾ।*
*ਮੈਂ ਸੀਸ ਉੜਾਵਾਂ ਉਸ ਦਾ ਬੱਸ ਇਕੋ ਵਾਰਾ।*
*ਉਹ ਆਵੇ ਮੇਰੇ ਸਾਹਮਣੇ ਸਿਰ ਦੇਵਣ ਹਾਰਾ।*
*ਪਹਿਲੇ ਲਵੇ ਵੀਚਾਰ ਇਹ ਕੰਮ ਮੁਸ਼ਕਲ ਭਾਰਾ।*
*ਉਠ ਨੱਠੇ ਪਿਛੋਂ ਫੇਰ ਨਾ ਤਕ ਮੌਤ ਕਿਨਾਰਾ।*
*ਮੈਂ ਚੱਖਾਵਾਂ ਮੌਤ ਦਾ ਉਸ ਨੂੰ ਵਰਤਾਰਾ।*
*ਵਰਤੀ ਚੁੱਪ ਦਰਬਾਰ ਵਿਚ, ਰਹੇ ਸੁਣ ਕੇ ਨਾਰਾ।*
*ਤਦ ਉਠ ਖਲੋਤਾ ਦਿਆ ਰਾਮ ਜਿਸ ਸਿਰੜ ਸਹਾਰਾ।*
*ਮੇਰੇ ਧੰਨ ਭਾਗ ਗੁਰੁਦੇਵ ਜੀ! ਜੇ ਕੰਮ ਤੁਮਾਰਾ।*
*ਮੇਰਾ ਸਿਰ ਲਿਆਂ, ਸਰ ਜਾਏ ਜੇ ਸਦਕੇ ਬਲਿਹਾਰਾ।*
*ਫੜ ਸਰੇ-ਮੈਦਾਨ ਹੀ, ਉਸ ਦਾ ਸਿਰ ਕੱਪ ਉਤਾਰਾ।*
*ਵੱਗ ਤੁਰਿਆ ਤਦ ਧਰਤ ਤੇ ਰੱਤ ਦਾ ਪਰਨਾਰਾ।*
*ਜਦ ਫੇਰ ਗੁਰੂ ਨੇ ਆਖਿਆ ਉਹ ਵਾਕ ਦੁਬਾਰਾ।*
*ਕਈ ਕਮੀ ਕਾਇਰ ਨੱਸ ਗਏ, ਕੋਈ ਵੇਖ ਨਾ ਚਾਰਾ।*
*ਤਦ ਦੂਜਾ ਵੀ ਇਕ ਉਠਿਆ ਜੋ, 'ਧਰਮੀ' ਭਾਰਾ।*
*ਮੈਨੂੰ ਨਾਲ ਰਲਾ ਲੌਂ ਦਿਆ ਦੇ ਸਾਥ ਜੇ ਹਮਾਰਾ।*
*ਤਿਵੇਂ ਉਸ ਨੂੰ ਵੀ ਫੜ ਲਿਆ ਛੱਡ ਕੇ ਜੈਕਾਰਾ।*
*ਵਰਤਾਇਆ ਉਸ ਨਾਲ ਵੀ ਗੁਰੂ ਉਹੀ ਕਾਰਾ।*
*ਤੀਜੀ ਵਾਰੀ ਗੁਰੂ ਜੀ ਜਦ ਬੋਲ ਸੀ ਮਾਰਾ।*
*ਹਿੰਮਤ ਨਾਂ ਦਾ ਉਠਿਆ ਇਕ ਹੋਰ ਦੁਲਾਰਾ।*
*ਉਸ ਮਹੁਕਮ ਨਾਲ ਰਲਾ ਲਿਆ ਜੋ ਚੌਥਾ ਪਿਆਰਾ।*
*ਪੰਜਵੇਂ 'ਸਾਹਿਬ' ਆਣ ਕੇ ਸਭ ਕੰਮ ਸਵਾਰਾ।*
*ਇਵੇਂ ਪੰਜ ਨਿਤਾਰੇ ਸੂਰਮੇ ਆਪੋ ਆਪਣੀ ਵਾਰਾ।*
*ਉਹ ਦਿਤੇ ਸਨ ਝਟਕਾਏ ਸਭ, ਵੱਡ ਕੀਤਾ ਕਾਰਾ।*
*ਰੱਖ ਦਿਤੇ ਸਿਰ ਧੜਾਂ ਤੇ ਅੰਮ੍ਰਿਤ ਛੜਕਾਰਾ।*
*ਉਹ ਹੋ ਗਏ ਪਹਿਲਾਂ ਵਾਂਗ ਹੀ ਜਪਦੇ ਕਰਤਾਰਾ।*
*ਗੁਰੂ ਵੱਢ ਕੇ ਜੋੜੇ ਫੇਰ ਸਿਰ, ਕਰ ਮਹੁਜਜ਼ਾ ਭਾਰਾ।*
*ਇਹ ਧੜ ਉਹ ਹੀ, ਸਿਰ ਉਹ ਹੀ, ਨਹੀਂ ਕੀਆ ਨਿਤਾਰਾ।*
*ਜਿਸ ਧੜ ਤੇ ਜਿਹੜਾ ਰਖਿਆ, ਜੜਿਆ ਬਿਨਾ ਬਾਰਾ।*
*ਲਾਉਂਦਾ ਪੇਵੰਦ ਜਿਉਂ ਬਾਗਬਾਨ, ਹੋਰ ਸ਼ਾਖ ਹੋਰ ਡਾਰਾ।*
*ਇਵੇਂ ਸਾਂਝੀ ਧੜਕਣ ਪੰਥ ਦੀ ਕਰ ਇਕੋ ਵਾਰਾ।*
*ਗੁਰ ਮਾਰੀ ਭਬਕ ਦੀਵਾਨ ਵਿਚ ਜੋ ਸੁਣੀ ਹਜ਼ਾਰਾ।*
*ਉਸ ਮੁਗਲ ਰਾਜ ਦੂਰ ਕਰਨ ਦਾ ਕੀਤਾ ਇਕਰਾਰਾ।*
*ਉਸ ਦੇਸ ਆਜ਼ਾਦੀ ਵਾਸਤੇ ਇਹ ਕੀਆ ਪਸਾਰਾ।*
*ਸੁਣ ਡਰ ਡਰ ਉਠਣ ਪਹਾੜੀਏ ਰਣਜੀਤ ਨਗਾਰਾ।*
*ਕੋਈ ਲਾ ਲੌਂ ਜੇ ਕਰ ਲਗਦਾ, ਹੈ ਆਪਣਾ ਚਾਰਾ।*
*ਉਸ ਵਸ ਕੀਤਾ ਹੈ ਸ਼ਿਕਸਤ ਨੂੰ ਕਰ ਜਾਪ ਉਚਾਰਾ।*
*ਉਸ ਪੰਥ ਰਚਾਇਆ ਖ਼ਾਲਸ ਵੱਡ ਜੋਧ ਉਪਾਰਾ।*
*ਉਸ ਪਾਹੁਲ ਪਲਾਈ ਖੰਡੇ ਧਾਰ, ਕਰ ਜਨਮ ਸੁਹੇਲਾ।*
*ਵਾਹੁ ਵਾਹੁ ਗੋਬਿੰਦ ਸਿੰਘ, ਆਪੇ ਗੁਰ ਚੇਲਾ।*
*ਵਾਹੁ ਵਾਹੁ ਗੋਬਿੰਦ ਸਿੰਘ............।*

# ਭਗਵਤ ਗੀਤਾ ਦੀ ਚਿਰ ਸਥਾਈ ਆਤਮ ਵਿਦਿਆ

## PERENNIAL PSYCHOLOGY OF THE BHAGVAD GITA

***ਮੂਲ ਲੇਖਕ - ਡਾ. ਸਵਾਮੀ ਰਾਮ ਜੀ***

***ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ***

*(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ - 60)*

44. ਖੇਤੀ ਕਰਨੀ, ਗਊ ਰੱਖਿਆ ਕਰਨੀ ਅਤੇ ਵਪਾਰ ਕਰਨਾ ਇਹ ਵੈਸ਼ ਦਾ ਸੁਭਾਵਿਕ ਕਰਮ ਹੈ। ਸ਼ੂਦਰ ਦਾ ਸੁਭਾਵਿਕ ਕਰਮ ਸੇਵਾ ਕਰਨੀ ਹੈ।

ਕ੍ਰਿਸ਼ਨ ਜੀ ਚਾਰ ਪ੍ਰਕਾਰ ਦੇ ਮਨੁਖਾਂ ਦਾ ਵਰਨਣ ਉਨ੍ਹਾਂ ਦੇ ਗੁਣਾਂ ਅਨੁਸਾਰ ਕੀਤਾ ਹੈ। ਮਨੁੱਖਾ ਜਨਮ ਕੋਈ ਘਟਨਾ ਨਹੀਂ, ਕੋਈ ਹਾਦਸਾ ਨਹੀਂ ਹੁੰਦਾ, ਸਾਡੀਆਂ ਇਛਾਵਾਂ, ਕਰਮ ਜੋ ਵੀ ਅਸੀਂ ਪਿਛਲੇ ਜਨਮ ਵਿਚ ਕੀਤਾ ਹੁੰਦਾ ਹੈ, ਉਸ ਨਾਲ ਉਹੋ ਜਿਹੇ ਹਾਲਾਤ, ਸਾਡੀ ਸਮਰੱਥਾ, ਸਾਡੀਆਂ ਇਛਾਵਾਂ ਭਵਿੱਖ ਬਣ ਕੇ ਸਾਡਾ ਅੱਜ ਦਾ ਜਨਮ ਬਣ ਜਾਂਦੀਆਂ ਹਨ। ਅਸੀਂ ਇਛਾਵਾਂ ਦਾ ਅਨੁਭਵ ਕਰਦੇ ਹਾਂ ਅਤੇ ਅਸੀਂ ਆਪਣੇ ਗੁਣਾਂ ਅਤੇ ਸੰਸਕਾਰਾਂ ਅਨੁਸਾਰ ਜੋ ਅਸੀਂ ਪਿਛਲੇ ਜਨਮ ਤੋਂ ਲਿਆਏ ਹਾਂ, ਉਨ੍ਹਾਂ ਅਨੁਸਾਰ ਕਰਮ ਕਰਦੇ ਹਾਂ। ਅਸੀਂ ਸੰਸਕਾਰ ਨਾਲ ਲੈ ਕੇ ਜਾਂਦੇ ਹਾਂ ਅਤੇ ਉਨ੍ਹਾਂ ਅਨੁਸਾਰ ਹੀ ਸਾਨੂੰ ਜੀਵਨ ਮਿਲਦਾ ਹੈ। ਅਸੀਂ ਦੇਖ ਚੁੱਕੇ ਹਾਂ ਕਿ ਮਨੁੱਖਾਂ ਦੀ ਵੰਡ ਚਾਰ ਭਾਗਾਂ ਵਿਚ ਕੀਤੀ ਜਾਂਦੀ ਹੈ ਜੋ ਉਨ੍ਹਾਂ ਦੇ ਅੰਦਰ ਦੇ ਗੁਣਾਂ ਅਨੁਸਾਰ ਹੈ। ਭਗਵਤ ਗੀਤਾ ਵਿਚ ਉਨ੍ਹਾਂ ਨੂੰ ਬ੍ਰਾਹਮਣ, ਕਸ਼ਤਰੀ, ਵੈਸ਼ ਅਤੇ ਸ਼ੂਦਰ ਕਿਹਾ ਗਿਆ ਹੈ।

ਬ੍ਰਾਹਮਣ ਦੇ ਗੁਣ ਅਧਿਆਤਮ ਹਨ ਅਤੇ ਉਹ ਜਾਣਦਾ ਹੈ ਕਿ ਜੀਵਨ ਦਾ ਮਨੋਰਥ ਸ਼ਾਂਤੀ ਪ੍ਰਾਪਤ ਕਰਨੀ ਹੈ। ਬ੍ਰਾਹਮਣ ਸੰਜਮ ਵਿਚ ਰਹਿੰਦਾ ਹੈ, ਸ੍ਵੈ ਤੇ ਕਾਬੂ ਰਖਦਾ ਹੈ ਅਤੇ ਗਿਆਨ ਪ੍ਰਾਪਤ ਕਰਦਾ ਹੈ। ਬ੍ਰਾਹਮਣ ਨੂੰ ਇਥੇ ਦੇ ਜੀਵਨ ਅਤੇ ਅਗਲੇ ਜੀਵਨ ਦੋਨਾਂ ਦਾ ਗਿਆਨ ਹੁੰਦਾ ਹੈ। ਇਨ੍ਹਾਂ ਵਿਚੋਂ ਸਤੋ ਗੁਣਾਂ ਦੀ ਪ੍ਰਧਾਨਤਾ ਹੁੰਦੀ ਹੈ ਕਿਉਂਕਿ ਇਨ੍ਹਾਂ ਦੇ ਪਿਛਲੇ ਸੰਸਕਾਰ ਹੀ ਸਤੋ ਗੁਣਾਂ ਵਾਲੇ ਚਲਦੇ ਆ ਰਹੇ ਹਨ। ਬ੍ਰਾਹਮਣਾਂ ਨੂੰ ਬ੍ਰਾਹਮਣ ਇਸ ਕਰਕੇ ਨਹੀਂ ਕਿਹਾ ਜਾਂਦਾ ਕਿਉਂਕਿ ਉਨ੍ਹਾਂ ਨੇ ਗਿਆਨ ਵਿਰਾਸਤ ਵਿਚ ਲਿਆ ਹੈ ਪਰੰਤੂ ਇਸ ਕਰਕੇ ਕਿਹਾ ਜਾਂਦਾ ਹੈ ਕਿਉਂਕਿ ਉਨ੍ਹਾਂ ਨੇ ਇਹ ਗੁਣ ਸਾਧਨਾ ਕਰਕੇ ਆਪਣੇ ਅੰਦਰ ਪੈਦਾ ਕੀਤੇ ਹਨ। ਸਤੋ ਗੁਣ ਪੂਰਵਜਾਂ ਤੋਂ ਨਹੀਂ ਮਿਲਦੇ, ਇਹ ਸਾਧਨਾ ਕਰਕੇ ਆਪਣੇ ਅੰਦਰ ਪੈਦਾ ਕਰਨੇ ਪੈਂਦੇ ਹਨ। ਬਹੁਤ ਵਾਰੀ ਅਸੀਂ ਦੇਖਦੇ ਹਾਂ ਕਿ ਇਕ ਬਦਮਾਸ਼, ਨੀਚ ਗੁਣਾਂ ਦਾ ਮਾਲਕ, ਬ੍ਰਾਹਮਣ ਪਰਿਵਾਰ ਵਿਚ ਜਨਮ ਲੈ ਲੈਂਦਾ ਹੈ। ਇਹ ਕਿਹਾ ਜਾਂਦਾ ਹੈ ਕਿ ਹਰ ਕੋਈ ਜਨਮ ਤੋਂ ਸ਼ੂਦਰ ਹੀ ਹੁੰਦਾ ਹੈ ਪਰ ਬ੍ਰਾਹਮਣ ਹਰ ਕੋਈ ਆਪਣੀ ਮਿਹਨਤ ਨਾਲ ਹੀ ਬਣਦਾ ਹੈ। ਇਹ ਆਪਣੇ ਸੰਸਕਾਰ ਹੀ ਹੁੰਦੇ ਹਨ ਜਿਨ੍ਹਾਂ ਨਾਲ ਇਹ ਗੁਣ ਪੈਦਾ ਹੁੰਦੇ ਹਨ। ਜਿਸ ਵਿਚ ਬ੍ਰਾਹਮਣ ਦੇ ਸੰਸਕਾਰ ਅਤੇ ਗੁਣ ਹੋਣ ਉਹ ਰੂਹਾਨੀ ਜੀਵਨ ਵਲ ਤੁਰ ਪੈਂਦਾ ਹੈ ਅਤੇ ਉਹ ਜੀਵਨ ਦੀ ਕਲਾ ਤੇ ਵਿਗਿਆਨ ਬਾਰੇ ਸਿਖਿਆ ਦੇਣ ਲਗ ਪੈਂਦਾ ਹੈ। ਕਸ਼ਤਰੀਆਂ ਦੇ ਜੀਵਨ ਵਿਚ ਰਾਜਸਿਕ ਗੁਣ ਹੁੰਦੇ ਹਨ। ਉਹ ਬਹਾਦਰ ਹੁੰਦੇ ਹਨ। ਹੌਸਲੇ ਵਾਲੇ ਹੁੰਦੇ ਹਨ ਅਤੇ ਉਨ੍ਹਾਂ ਵਿਚ ਸ਼ਾਸਨ ਕਰਨ ਦੀ ਯੋਗਤਾ ਹੁੰਦੀ ਹੈ। ਰਾਜਸਿਕ ਗੁਣ ਮਨੁੱਖ ਨੂੰ ਕ੍ਰਿਆਸ਼ੀਲ ਅਤੇ ਸਿਰਜਨਾਤਮਕ ਬਣਾਉਂਦੇ ਹਨ। ਵੈਸ਼ ਲੋਕਾਂ ਵਿਚ ਸਾਤਵਿਕ ਅਤੇ ਰਾਜਸਿਕ ਗੁਣ ਘੱਟ ਹੁੰਦੇ ਹਨ, ਬ੍ਰਾਹਮਣ ਅਤੇ ਕਸ਼ਤਰੀਆਂ ਵਿਚ ਵਧੇਰੇ ਹੁੰਦੇ ਹਨ, ਵੈਸ਼ ਲੋਕ ਵਪਾਰ ਕਰਦੇ ਹਨ। ਸ਼ੂਦਰ ਉਹ ਲੋਕ ਹਨ ਜੋ ਆਤਮ ਮਾਰਗ ਤੇ ਚੱਲਣ ਦੇ ਯੋਗ ਹੀ ਨਹੀਂ। ਉਨ੍ਹਾਂ ਵਿਚ ਕ੍ਰਿਆਸ਼ੀਲ ਹੋਣ ਦੀ ਯੋਗਤਾ ਹੀ ਨਹੀਂ, ਉਨ੍ਹਾਂ ਵਿਚ ਹਿੰਮਤ ਹੀ ਨਹੀਂ ਹੁੰਦੀ, ਵਪਾਰ ਕਰਨ ਦੇ ਉਹ ਕਾਬਲ ਨਹੀਂ ਹੁੰਦੇ, ਉਨ੍ਹਾਂ ਦਾ ਕਰਤੱਵ ਹੈ ਕੇਵਲ ਸੇਵਾ ਕਰਨੀ।

ਪੁਰਾਣੇ ਸਮਿਆਂ ਵਿਚ ਸਮਾਜ ਦੀ ਇਹ ਵੰਡ, ਕੰਮ ਵੰਡ ਸੀ। ਇਹ ਸਮਾਜ ਦੀ ਭਲਾਈ ਲਈ ਹੀ ਕੀਤੀ ਗਈ ਸੀ। ਮਨੁੱਖ ਦੇ ਕੰਮ ਦੀ ਵੰਡ ਉਸ ਦੇ ਗੁਣਾਂ ਅਨੁਸਾਰ ਹੀ ਕੀਤੀ ਗਈ ਸੀ। ਸਮਾਂ ਪੈਣ ਤੇ ਇਸ ਵੰਡ ਨੂੰ ਮੋੜ ਤੋੜ ਕੇ ਮਨੁੱਖਾਂ ਵਿਚ ਫਾੜ ਪਾਉਣ ਲਈ ਵਰਤੀ ਜਾ ਰਹੀ ਹੈ। ਇਸ ਨੂੰ ਰੰਗ, ਜਾਤ, ਚੱਜ, ਅਚਾਰ ਅਤੇ ਮਜ਼ਹਬ ਵਿਚ ਬਦਲ ਦਿਤਾ ਗਿਆ ਹੈ। ਇਸ ਤਰ੍ਹਾਂ ਕਰਨ ਨਾਲ ਮਨੁਖਾਂ ਵਿਚ ਮਨੋਵਿਗਿਆਨਕ ਦ੍ਵੰਦ ਅਤੇ ਸਮਾਜ ਅਤੇ ਕੌਮਾਂ ਵਿਚ ਵਿਤਕਰਾ ਆ ਗਿਆ ਹੈ। ਮਨੁੱਖੀ ਜੀਵਨ ਦੀਆਂ ਕੀਮਤਾਂ ਕਦਰਾਂ ਜਾਂਦੀਆਂ ਰਹੀਆਂ ਹਨ। ਬਹੁਤ ਸਾਰੀਆਂ ਸਭਿਅਤਾਵਾਂ ਕਈ ਮੂਰਖ ਆਗੂਆਂ ਦੇ ਹੱਥੋਂ, ਉਨ੍ਹਾਂ ਦੇ ਝੂਠੇ ਮਿਆਰਾਂ ਕਾਰਣ ਨੁਕਸਾਨ ਉਠਾਉਂਦੀਆਂ ਰਹੀਆਂ ਹਨ। ਉਹ ਮਜ਼ਹਬ ਨੂੰ ਵੀ ਆਪਣੇ ਹੀ ਹਿਤ ਲਈ ਵਰਤਦੇ ਰਹੇ ਹਨ, ਗ੍ਰੰਥਾਂ ਨੂੰ ਆਪਣੇ ਅਨੁਸਾਰ ਹੀ ਵਰਤਦੇ ਰਹੇ ਹਨ ਅਤੇ ਆਪਣੀਆਂ ਗਲਤ ਫਿਲੌਸਫੀਆਂ ਚਲਾ ਕੇ ਆਪਣੇ ਹੰਕਾਰ ਨੂੰ ਉਚਾ ਦਿਖਾਉਂਦੇ ਰਹੇ ਹਨ। ਇਹ ਹੀ ਮਨੁੱਖ ਅਭਿਅਤਾ ਦੇ ਰਖਵਾਲੇ ਅਖਵਾਉਂਦੇ ਹਨ, ਮਜ਼ਹਬ ਦੇ ਰਖਵਾਲੇ ਕਹੇ ਜਾਂਦੇ ਹਨ ਪਰ ਮੰਦ ਭਾਗ ਤਾਂ ਇਹ ਹੈ ਕਿ ਇਹ ਆਪ ਹੀ ਆਪਣੇ ਸੁਆਰਥ ਵਿਚ ਇਸ ਹੱਦ ਤੱਕ ਘਿਰ ਜਾਂਦੇ ਹਨ ਕਿ ਸੱਤ ਦਾ ਪ੍ਰਚਾਰ ਕਰਨਾ ਭੁੱਲ ਹੀ ਜਾਂਦੇ ਹਨ, ਏਕਤਾ ਦੀ ਥਾਂ ਇਹ ਮਨੁੱਖਾਂ ਵਿਚ ਫਾੜ ਪਾ ਦਿੰਦੇ ਹਨ। ਸਮਾਜ ਦੀਆਂ ਬਹੁਤ ਸਾਰੀਆਂ ਬਿਮਾਰੀਆਂ ਜਿਵੇਂ ਕਿ ਅਸਮਾਨਤਾ, ਅਗਿਆਨਤਾ, ਭੇਦ ਭਾਵ, ਗਰੀਬੀ ਅਮੀਰੀ ਦੇ ਭੇਦ ਭਾਵ ਇਸ ਤੋਂ ਹੀ ਉਪਜੇ ਹਨ। ਗਿਆਨ ਨੇ ਭੋਲੇਪਨ ਨੂੰ ਬੁਰੀ ਤਰ੍ਹਾਂ ਆਪਣੇ ਸੁਆਰਥ ਲਈ ਇਸ ਹੱਦ ਤਕ ਵਰਤਿਆ ਹੈ ਕਿ ਅਸੀਂ ਇਹ ਭੁੱਲ ਗਏ ਹਾਂ ਕਿ ਹਰੇਕ ਮਨੁੱਖ ਵਿਚ ਪ੍ਰਾਣ ਹਨ ਅਤੇ ਇਕ ਹੀ ਵਾਹਿਗੁਰੂ ਹੈ। ਕਿਸੇ ਮਨੁੱਖ ਨੂੰ ਇਹ ਹੱਕ ਨਹੀਂ ਕਿ ਦੂਸਰੇ ਨੂੰ ਨਫਰਤ ਕਰੇ ਜਾਂ ਨੀਵਾਂ ਦੇਖੇ ਜਾਂ ਉਸ ਨੂੰ ਦੁੱਖ ਦੇਵੇ। ਕੋਈ ਵੀ ਕੌਮ ਜਿਹੜੀ ਅੱਗੇ ਵਧਣਾ ਚਾਹੁੰਦੀ ਹੈ, ਆਧੁਨਿਕ ਬਣਨਾ ਚਾਹੁੰਦੀ ਹੈ ਉਸ ਨੂੰ ਉਹ ਗੱਲਾਂ ਛੱਡਣੀਆਂ ਪੈਣਗੀਆਂ ਜਿਹੜੀਆਂ ਕੌਮ ਦੇ ਵਿਰੁੱਧ ਹਨ। ਮਿਸਾਲ ਵਜੋਂ ਜਿਹੜੇ ਰਸਮੋ ਰਿਵਾਜ, ਜਿਹੜੇ ਕਾਨੂੰਨ, ਜਿਹੜੀਆਂ ਸੋਚਾਂ ਮਨੁੱਖਾਂ ਨੂੰ ਨੀਵਾਂ ਦਿਖਾਉਂਦੀਆਂ ਹਨ ਉਨ੍ਹਾਂ ਨੂੰ ਛੱਡਣਾ ਪਵੇਗਾ। ਉਹ ਕੌਮੀ ਏਕਤਾ ਲਿਆਉਣ ਵਿਚ ਬਹੁਤ ਵੱਡੀਆਂ ਬਾਧਕ ਹਨ। ਨੀਵੇਂ ਉਚੇ ਦੀ ਸੋਝੀ, ਸਮਾਜ

ਦੀ ਮਨੁੱਖਤਾ ਨੂੰ ਦੇਣ ਹੈ। ਸੰਸਾਰ ਵਿਚ ਤਰੱਕੀ ਕਰਨ ਦਾ ਮੌਕਾ ਸਭ ਨੂੰ ਮਿਲਣਾ ਚਾਹੀਦਾ ਹੈ, ਸਭ ਨੂੰ ਖੁਲ੍ਹੀ ਤਰ੍ਹਾਂ ਸੋਚਣ ਦੀ ਖੁਲ੍ਹ ਹੋਣੀ ਚਾਹੀਦੀ ਹੈ ਤੇ ਸਮਾਜ ਨੂੰ ਕੁਝ ਦੇਣ ਦੀ ਖੁਲ੍ਹ ਹੋਣੀ ਚਾਹੀਦੀ ਹੈ। ਜਿਹੜੇ ਹੇਠਲੇ ਕੰਮ ਕਰਦੇ ਹਨ, ਵੱਡੇ ਕੰਮ ਕਰਨ ਵਾਲਿਆਂ ਦੀ ਸੇਵਾ ਕਰਦੇ ਹਨ, ਸਮਾਜ ਉਨ੍ਹਾਂ ਨੂੰ ਉਚਾ ਸਥਾਨ ਨਹੀਂ ਦਿੰਦਾ, ਪਰ ਗੀਤਾ ਅਤੇ ਗੁਰੂ ਗ੍ਰੰਥ ਸਾਹਿਬ ਨੇ ਉਨ੍ਹਾਂ ਨੂੰ ਬਹੁਤ ਉਚਾ ਸਥਾਨ ਦਿਤਾ ਹੈ ਕਿਉਂਕਿ ਕਰਮ ਕਰਕੇ ਵੀ ਮੁਕਤੀ ਪਾਈ ਜਾ ਸਕਦੀ ਹੈ। ਜਿਹੜੇ ਸਮਾਜ ਦੀ ਸੇਵਾ ਕਰਦੇ ਹਨ ਅਤੇ ਉਹ ਕੁਝ ਕਰਦੇ ਹਨ ਜਿਹੜੇ ਦੂਸਰੇ ਨਹੀਂ ਕਰ ਸਕਦੇ, ਉਨ੍ਹਾਂ ਨੂੰ ਪੂਰਾ ਸਨਮਾਨ ਮਿਲਣਾ ਚਾਹੀਦਾ ਹੈ, ਪੂਰਾ ਆਦਰ ਮਿਲਣਾ ਚਾਹੀਦਾ ਹੈ। ਜਿਥੋਂ ਤਕ ਕੰਮ ਦਾ ਸਵਾਲ ਹੈ, ਕੋਈ ਵੀ ਕੰਮ ਉਚਾ ਨੀਵਾਂ ਨਹੀਂ ਹੁੰਦਾ। ਰਾਜਾ ਕਿਵੇਂ ਉਚਾ ਹੈ ਤੇ ਸਫਾਈ ਕਰਨ ਵਾਲਾ ਕਿਵੇਂ ਨੀਵਾਂ ਹੈ? ਇਹੋ ਜਿਹੇ ਗਲਤ ਵਿਚਾਰ ਸਮਾਜ ਲਈ ਅਤੇ ਮਨੁੱਖ ਲਈ ਦੁਖਦਾਈ ਹੁੰਦੇ ਹਨ।

ਭਗਵਤ ਗੀਤਾ ਸਮਾਜ ਦੇ ਵੱਖ ਵੱਖ ਤੱਤ ਇਕੱਠੇ ਕਰਕੇ ਇਕ ਬਣਾ ਕੇ ਦਸਦੀ ਹੈ ਜਿਸ ਤੋਂ ਬਿਨਾਂ ਸਮਾਜ ਦਾ ਬਚਾਉ ਔਖਾ ਹੈ। ਗੀਤਾ ਵਿਚ ਦੱਸੀ ਗਈ ਮਨੁੱਖੀ ਵੰਡ ਬਖੇੜੇ ਪਾਉਣ ਵਾਸਤੇ ਨਹੀਂ, ਵੰਡਾਂ ਪਾਉਣ ਵਾਸਤੇ ਨਹੀਂ, ਜਾਤਾਂ ਪੈਦਾ ਕਰਨ ਲਈ ਨਹੀਂ, ਜਨਮ ਅਨੁਸਾਰ ਜਾਤਾਂ ਦੀ ਵੰਡ ਨਹੀਂ। ਜੇ ਇਸ ਤਰ੍ਹਾਂ ਹੁੰਦਾ ਤਾਂ ਇਹ ਸਭ ਕੁਝ ਗੀਤਾ ਦੇ ਵਿਰੁੱਧ ਹੁੰਦਾ।

45. ਆਪਣੇ ਆਪਣੇ ਕਰਮ ਵਿਚ ਤੱਤਪਰ ਰਹਿਣ ਨਾਲ ਮਨੁੱਖ ਸਿੱਧੀ ਪਾਉਂਦਾ ਹੈ। ਆਪਣੇ ਕਰਮ ਵਿਚ ਤਤਪਰ ਰਹਿ ਕੇ ਮਨੁੱਖ ਕਿਸ ਪ੍ਰਕਾਰ ਸਿੱਧੀ ਪਾਉਂਦਾ ਹੈ, ਉਹ ਤੂੰ ਸੁਣ।

46. ਜਿਸ ਤੋਂ ਸਭ ਜੀਵਾਂ ਦੀ ਪ੍ਰਵਿਰਤੀ ਹੁੰਦੀ ਹੈ, ਜੋ ਸਰਬ ਵਿਆਪਕ ਹੈ ਜੋ ਉਸ ਨੂੰ ਆਪਣੇ ਕਰਮ ਭਾਵ ਆਪਣੀ ਡੀਊਟੀ ਵਿਚ ਤਤਪਰ ਰਹਿ ਕੇ ਪੂਜਦਾ ਹੈ, ਉਹ ਸਿੱਧੀ ਪਾਉਂਦਾ ਹੈ।

ਸਲੋਕ 45, 46 ਜਾਤੀਵਾਦ ਤੇ ਨਿਰਨਾਮਈ ਸਲੋਕ ਹਨ। ਇਨ੍ਹਾਂ ਸਲੋਕਾਂ ਵਿਚ ਦਸਿਆ ਗਿਆ ਹੈ ਕਿ ਜਿਹੜਾ ਮਨੁੱਖ ਸ਼ਰਧਾਪੂਰਵਕ ਆਪਣੀ ਡੀਊਟੀ ਕਰਦਾ ਹੈ, ਉਹ ਸਫਲਤਾ ਪ੍ਰਾਪਤ ਕਰਦਾ ਹੈ, ਕੇਵਲ ਬ੍ਰਾਹਮਣ ਹੀ ਨਹੀਂ, ਕਸ਼ਤਰੀ ਹੀ ਨਹੀਂ, ਵੈਸ਼ ਅਤੇ ਸ਼ੂਦਰ ਹੀ ਨਹੀਂ, ਕੋਈ ਵੀ ਮਨੁੱਖ ਜਿਹੜਾ ਸ਼ਰਧਾਪੂਰਵਕ ਆਪਣੀ ਡੀਊਟੀ ਕਰਦਾ ਹੈ, ਉਹ ਸੰਪੂਰਨਤਾ ਨੂੰ ਪ੍ਰਾਪਤ ਹੁੰਦਾ ਹੈ। ਜਗਿਆਸੂ ਵੀ ਸਫਲਤਾ ਨੂੰ ਪ੍ਰਾਪਤ ਹੁੰਦਾ ਹੈ ਜਦੋਂ ਉਹ ਪ੍ਰਮਾਤਮਾ ਦੀ ਭਗਤੀ ਜਿਸ ਤੋਂ ਸਭ ਕੁਝ ਉਤਪੰਨ ਹੋਇਆ ਹੈ ਜੋ ਸਭ ਦੀ ਰੱਖਿਆ ਕਰਦਾ ਹੈ, ਮਨ ਚਿਤ ਲਗਾ ਕੇ ਕਰਦਾ ਹੈ। ਜਿਹੜਾ ਜਗਿਆਸੂ ਮਨ-ਬਚਨ-ਕਰਮਾਂ ਨਾਲ ਆਪਣੇ ਆਪ ਨੂੰ ਸਮਰਪਣ ਕਰਦਾ ਹੈ, ਪ੍ਰਮਾਤਮਾ ਨੂੰ ਆਪਣਾ ਇਸ਼ਟ ਬਣਾਉਂਦਾ ਹੈ ਉਹ ਪ੍ਰਮਾਤਮਾ ਨੂੰ ਹੀ ਪ੍ਰਾਪਤ ਹੁੰਦਾ ਹੈ। ਜਗਿਆਸੂ ਨੂੰ ਇਹ ਗੱਲ ਸਦਾ ਹੀ ਯਾਦ ਰੱਖਣੀ ਚਾਹੀਦੀ ਹੈ ਕਿ ਆਤਮ ਸਮਰਪਣ ਤੋਂ ਉਤੇ ਕੋਈ ਗੱਲ ਹੈ ਹੀ ਨਹੀਂ, ਸਭ ਤੋਂ ਵੱਡਾ ਤੇ ਉਚਾ ਹੈ ਆਤਮ ਸਮਰਪਣ। ਜਿਹੜੇ ਇਹ ਕਰ ਲੈਂਦਾ ਹੈ ਉਸ ਤੋਂ ਉਪਰ ਕੋਈ ਯੋਗ ਨਹੀਂ।

ਸੰਪੂਰਨ ਆਤਮ ਸਮਰਪਣ ਤੋਂ ਭਾਵ ਹੈ ਵਾਹਿਗੁਰੂ ਨੂੰ ਸਭ ਤੋਂ ਉਚਾ, ਸਭ ਤੋਂ ਉਪਰ, ਪਰਮ ਮੰਨ ਲੈਣਾ, ਆਪਣੀ ਕੋਈ ਇੱਛਾ ਕੁਝ ਵੀ ਨਾ ਰੱਖਣਾ। ਇਸ ਤੋਂ ਇਹ ਭਾਵ ਨਹੀਂ ਕਿ ਤੁਸੀਂ ਸੁਸਤ ਹੋ ਜਾਉ, ਕੁਛ ਕਰਨਾ ਹੀ ਛੱਡ ਦਿਓ, ਇਸ ਤੋਂ ਭਾਵ ਹੈ ਕਿ ਜੋ ਕੁਝ ਹੋ ਰਿਹਾ ਹੈ ਸਹਿਜ ਵਿਚ ਕਰੋ ਤੇ ਇਹ ਸਮਝ ਕੇ ਕਰੋ ਕਿ ਵਾਹਿਗੁਰੂ ਹੀ ਕਰਾ ਰਿਹਾ ਹੈ। ਮਨੋ ਪ੍ਰਵਿਰਤੀ ਇਹ ਹੋਣੀ ਚਾਹੀਦੀ ਹੈ ਕਿ 'ਮੈਂ ਤੇਰਾ ਤੇ ਤੂੰ ਮੇਰਾ' ਇਹ ਆਤਮ ਸਮਰਪਣ ਵਿਚ ਪਹਿਲਾ ਕਦਮ ਹੈ। ਦੂਸਰਾ ਕਦਮ ਹੈ, 'ਤੂੰ ਹੀ ਤੂੰ ਹੀ'। ਆਖਰੀ ਕਦਮ ਹੈ ਜੋ ਕੁਝ ਵੀ ਹੈ ਦਿਸਦਾ ਅਣਦਿਸਦਾ ਤੂੰ ਹੀ ਹੈਂ, ਤੇਰੇ ਬਿਨਾਂ ਹੋਰ ਕੋਈ ਹੈ ਹੀ ਨਹੀਂ, ਦੂਸਰਾ ਕੋਈ ਹੈ ਹੀ ਨਹੀਂ ਕੇਵਲ ਇਕ 'ਤੂੰ' ਹੀ ਹੈ। ਆਤਮਕ ਸਿੱਧੀ ਦੀ ਇਸ ਅਵਸਥਾ ਤੱਕ ਕੋਈ ਵਿਰਲਾ ਹੀ ਪਹੁੰਚਦਾ ਹੈ, ਕੇਵਲ ਉਹ ਹੀ ਪਹੁੰਚਦੇ ਹਨ ਜਿਨ੍ਹਾਂ ਦਾ ਹਉਮੈ ਦਾ ਪਰਦਾ ਟੁੱਟ ਗਿਆ ਹੈ, ਜਿਨ੍ਹਾਂ ਨੇ ਉਸ ਇਕ ਦੇ ਪ੍ਰਤਾਪ ਨੂੰ ਦੇਖ ਲਿਆ ਹੈ, ਉਹ ਮੈਂ ਤੇ ਮੇਰੀ ਤੋਂ ਉਪਰ ਹੈ, ਪਰ੍ਹੇ ਹੈ, ਅਟੱਲ ਹੈ, ਅਜਰ ਹੈ, ਅਮਰ ਹੈ।

47. ਪਰਾਏ ਉਤਮ ਧਰਮ ਨਾਲੋਂ ਆਪਣਾ ਧਰਮ, ਗੁਣ ਰਹਿਤ ਵੀ ਚੰਗਾ ਹੈ। ਆਪਣੇ ਸੁਭਾਵਿਕ ਧਰਮ ਦੇ ਕਰਨ ਨਾਲ ਪਾਪ ਨਹੀਂ ਲਗਦਾ।

48. ਹੇ ਕੌਂਤਯ! ਆਪਣੇ ਸੁਭਾਵਿਕ ਕਰਮ ਨੂੰ ਦੋਖ ਸਹਿਤ ਹੁੰਦਿਆਂ ਭੀ ਨਹੀਂ ਛੱਡਣਾ ਚਾਹੀਦਾ, ਕਿਉਂਕਿ ਧੂੰਏਂ ਵਿਚ ਅੱਗ ਵਾਂਗ ਸਭ ਹੀ ਕਰਮ ਕਿਸੇ ਨਾ ਕਿਸੇ ਦੋਸ਼ ਨਾਲ ਢਕੇ ਹੋਏ ਹਨ।

49. ਜਿਸ ਦੀ ਬੁੱਧੀ ਸਰਵਤ੍ਰ ਨਿਰਲੇਪ ਹੈ, ਜਿਸ ਨੇ ਆਪਣੇ ਆਪ ਨੂੰ ਵਸ ਕਰ ਲਿਆ ਹੈ, ਜਿਸ ਨੂੰ ਕੋਈ ਇੱਛਾ ਹੀ ਨਹੀਂ ਰਹੀ, ਐਸਾ ਆਦਮੀ ਤਿਆਗ ਰੂਪੀ ਸੰਨਿਆਸ ਤੋਂ ਨਿਸ਼ਕਰਮ ਸਿੱਧੀ ਪਾਉਂਦਾ ਹੈ।

ਕ੍ਰਿਸ਼ਨ ਜੀ ਵਿਸਥਾਰ ਪੂਰਵਕ ਦਸਦੇ ਹਨ ਕਿ ਮਨੁੱਖ ਨੂੰ ਆਪਣਾ ਚਰਿੱਤਰ, ਆਪਣੀ ਵਿਅਕਤੀਗਤ ਵਿਸ਼ੇਸ਼ਤਾ ਜਾਨਣੀ ਚਾਹੀਦੀ ਹੈ, ਆਪਣੀ ਯੋਗਤਾ ਜਾਨਣੀ ਚਾਹੀਦੀ ਹੈ, ਆਪਣੀ ਸਮਰੱਥਾ ਜਾਨਣੀ ਚਾਹੀਦੀ ਹੈ ਅਤੇ ਉਸ ਦੇ ਅਨੁਸਾਰ ਹੀ ਡੀਊਟੀਆਂ ਲੈਣੀਆਂ ਚਾਹੀਦੀਆਂ ਹਨ। ਆਪਣੀ ਡੀਊਟੀ ਛੱਡ ਕੇ ਦੂਸਰੇ ਦੀ ਡੀਊਟੀ ਨਹੀਂ ਕਰਨੀ ਚਾਹੀਦੀ। ਦੂਸਰੇ ਦੀ ਡੀਊਟੀ ਭਾਵੇਂ ਕਿੰਨੀ ਹੀ ਚੰਗੀ ਕਿਉਂ ਨਾ ਹੋਵੇ, ਆਪਣੀ ਡੀਊਟੀ ਛੱਡਣੀ ਠੀਕ ਨਹੀਂ।

ਜੇ ਕੋਈ ਆਪਣੀ ਡੀਊਟੀ ਛੱਡ ਕੇ ਦੂਸਰੇ ਦੀ ਡੀਊਟੀ ਕਰੇਗਾ ਤਾਂ ਸਮਾਜ ਵਿਚ ਬਹੁਤ ਹਲਚੱਲ ਪੈ ਜਾਵੇਗੀ। ਚੰਗਾ ਮੰਦਾ ਇਹ ਦੋ ਪ੍ਰਕਾਰ ਦੀਆਂ ਕੀਮਤਾਂ ਹਨ ਜਿਹੜੀਆਂ ਅਸੀਂ ਆਪਣੇ ਵਿਚਾਰਾਂ ਅਨੁਸਾਰ ਹਾਲਾਤਾਂ ਦੇ ਰੂਪ ਵਿਚ ਥਪਦੇ ਰਹਿੰਦੇ ਹਨ। ਭਾਵੇਂ ਆਪਣੀ ਡੀਊਟੀ ਵਿਚ ਕਿੰਨੇ ਹੀ ਨੁਕਸ ਕਿਉਂ ਨਾ ਨਜ਼ਰ ਆਉਂਦੇ ਹੋਣ, ਪਰ ਇਹ ਸਮਝ ਲੈਣਾ ਚਾਹੀਦਾ ਹੈ ਕਿ ਨੁਕਸ ਹਰੇਕ ਕੰਮ ਵਿਚ ਹਨ, ਹਰੇਕ ਡੀਊਟੀ ਵਿਚ ਹਨ। ਅੱਗ ਦੇਖਣ ਵਿਚ ਕਿੰਨੀ ਸੋਹਣੀ ਹੈ, ਉਸ ਵਿਚ ਧੂੰਆਂ ਹੈ, ਇਸ ਤਰ੍ਹਾਂ ਕੋਈ ਵੀ ਕੰਮ ਆਪਣੇ ਆਪ ਵਿਚ ਸੰਪੂਰਨ ਨਹੀਂ। ਜਿਹੜਾ ਪੂਰੀ ਤਰ੍ਹਾਂ ਨਿਰਲਿਪਤ ਹੈ ਤੇ ਆਪਣੀ ਡੀਊਟੀ ਮੋਹ ਤੋਂ ਮੁਕਤ ਹੋ ਕੇ ਕਰਦਾ ਹੈ,

(ਬਾਕੀ ਪੰਨਾ 36 ਤੇ)

# ਸੁੰਦਰੀ

***ਭਾਈ ਵੀਰ ਸਿੰਘ ਜੀ***

*(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ-64)*

## ੬ ਕਾਂਡ

ਬੱਤੀਆਂ ਦੰਦਾਂ ਵਿਚ ਜ਼ਿਕੁਰ ਇਕ ਨਰਮ ਤੇ ਕੋਮਲ ਜੀਭ ਵਸਦੀ ਹੈ ਜੋ ਆਪਣੀ ਪ੍ਰੇਮ-ਮਈ ਤੇ ਮਿੱਠੀ ਸੇਵਾ ਨਾਲ ਦੰਦਾਂ ਨੂੰ ਸੁਖ ਦਿੰਦੀ ਹੈ ਤੇ ਅੱਗੋਂ ਦੰਦ ਭੀ ਉਸ ਨੂੰ ਖੇਦ ਨਹੀਂ ਪੁਚਾਉਂਦੇ, ਸਗੋਂ ਉਸ ਦੀ ਰਾਖੀ ਕਰਦੇ ਹਨ, ਇਕੁਰ ਹੀ ਸਰਦਾਰ ਸ਼ਾਮ ਸਿੰਘ ਦੇ ਜਥੇ ਦੇ ਬਹਾਦਰ ਸਿੰਘਾਂ ਵਿਚ ਨਿੰਮਰਤਾ ਤੇ ਮਿੱਠਤ ਦੀ ਪੁਤਲੀ ਸੁੰਦਰੀ ਦਾ ਨਿਰਬਾਹ ਹੋਣ ਲੱਗਾ। ਦੋ ਵੇਲੇ ਲੰਗਰ ਵਿਚ ਸੁੰਦਰੀ ਲੱਗੀ ਰਹਿੰਦੀ, ਭੋਜਨ ਤਿਆਰ ਕਰਦੀ, ਕੁਝ ਸਿੰਘ ਹੋਰ ਸਹਾਇਤਾ ਕਰਦੇ। ਜਦ ਸਭ ਜਣੇ ਛਕ ਲੈਂਦੇ, ਤਦ ਹੋਰ ਸੇਵਾ ਵਿਚ ਹੱਥ ਪੈਰ ਮਾਰਦੀ, ਭਜਨ ਬਾਣੀ ਭੀ ਨੇਮ ਨਾਲ ਕਰਦੀ। ਜਦ ਲੰਗਰ ਮਸਤਾਨਾ ਹੋ ਜਾਂਦਾ, ਅੰਨ ਦਾਣੇ ਦੀ ਟੋਟ ਹੋ ਜਾਂਦੀ, ਤਦ ਖਾਲਸਾ ਜੀ ਬਨ ਦੇ ਫਲ ਤੇ ਮਿੱਠੀਆਂ ਜੜ੍ਹਾਂ ਪੁਰ ਗੁਜ਼ਾਰਾ ਕਰਦੇ, ਇਸ ਸੇਵਾ ਵਿਚ ਵੀ ਸੁੰਦਰੀ ਤਕੜੀ ਹੋ ਗਈ ਸੀ। ਵਿਹਲੀ ਹੋ ਕੇ ਸਾਰੇ ਬਨ ਵਿਚ ਫਿਰਦੀ ਅਰ ਖਾਣ ਵਾਸਤੇ ਫਲਦਾਰ ਬ੍ਰਿਛਾਂ ਨੂੰ ਤੱਕ ਵਿਚ ਰਖਦੀ, ਲੋੜ ਪਈ ਤੇ ਲੈ ਭੀ ਆਉਂਦੀ। ਬਨ ਦੀ ਉਤਰ ਦਿਸ਼ਾ ਵਲ ਇਕ ਪਹਾੜੀ ਦਾ ਟਿੱਲਾ ਸੀ, ਸੁੰਦਰੀ ਇਕ ਦਿਨ ਉਸ ਪਰ ਚੜ੍ਹ ਗਈ ਅਰ ਜਦ ਕੋਹ ਕੁ ਉਤਰਾਈ ਉਤਰ ਗਈ ਤਦ ਉਥੇ ਇਕ ਨਿੱਕਾ ਜਿਹਾ ਪਿੰਡ ਡਿੱਠਾ ਜਿਸ ਦੇ ਆਲੇ ਦੁਆਲੇ ਹਰੇ ਭਰੇ ਖੇਤ ਲਹਿਲਹਾ ਰਹੇ ਸਨ। ਪਿੰਡ ਵਿਚ ਜਾ ਕੇ ਸੁੰਦਰੀ ਨੇ ਕੁਛ ਮਧਰੇ, ਪਰ ਉਂਞ ਤਕੜੇ ਲੋਕ ਡਿੱਠੇ। ਉਹ ਸਭ ਵਾਹੀ ਕਰਦੇ ਸਨ ਤੇ ਸਨ ਵੀ ਹਿੰਦੂ। ਇਥੋਂ ਭਾਜੀਆਂ ਤੇ ਲੂਣ ਮਿਰਚ ਆਦਿ ਮਿਲ ਜਾਂਦੇ ਸਨ। ਕਈ ਵੇਰ ਸੁੰਦਰੀ ਇਥੋਂ ਤੀਕ ਗੇੜੇ ਲਾ ਜਾਂਦੀ ਅਰ ਕਈ ਛੋਟੇ ਸੌਦੇ ਸੂਤ ਭੀ ਲੈ ਜਾਂਦੀ, ਪਰ ਕਿਸੇ ਨੂੰ ਪਤਾ ਨਾ ਲਗਦਾ ਕਿ ਇਹ ਦੇਵੀ ਕਿਥੋਂ ਆਉਂਦੀ ਹੈ ਤੇ ਕਿਧਰ ਚਲੀ ਜਾਂਦੀ ਹੈ।

ਇਕ ਵੇਰੀ ਖਾਲਸੇ ਦਾ ਲੰਗਰ ਮਸਤ ਹੋ ਗਿਆ, ਫਲ ਜੜ੍ਹਾਂ ਆਦਿ ਖਾਂਦਿਆਂ ਮੂੰਹ ਫਿਰ ਗਏ ਤੇ ਖਜ਼ਾਨਾ ਭੀ ਖਾਲੀ ਹੋ ਗਿਆ। ਸਾਰੀ ਫੌਜ ਇਨ੍ਹਾਂ ਗਿਣਤੀਆਂ ਵਿਚ ਸੀ ਕਿ ਕੀ ਕੀਤਾ ਜਾਵੇ? ਸੁੰਦਰੀ ਦੇ ਕੋਲ ਇਕ ਮੁੰਦਰੀ ਸੀ, ਜੋ ਉਸ ਦੇ ਵਿਆਹ ਦੇ ਵੇਲੇ ਤੋਂ ਅੱਜ ਤੀਕ ਹੱਥੀਂ ਸੀ, ਇਸ ਵਿਚ ਹੀਰੇ ਦੀ ਟੁਕੜੀ ਜੜੀ ਹੋਈ ਸੀ। ਇਸ ਨੂੰ ਵੇਚ ਕੇ ਕੁਛ ਅੰਨ ਪਾਣੀ ਖਰੀਦਣ ਦਾ ਸੰਕਲਪ ਧਾਰ ਸੁੰਦਰੀ ਉਸ ਪਿੰਡ ਵਿਚ ਪਹੁੰਚ ਗਈ, ਪਰ ਉਸ ਪਿੰਡ ਵਿਚ ਹੀਰੇ ਦੀ ਸਾਰ ਕਿਸ ਨੂੰ ਮਲੂਮ ਸੀ? ਇਕ ਦੋ ਬਾਣੀਏ ਵੇਖ ਚੁਕੇ ਪਰ ਸੱਚੇ ਝੂਠੇ ਦੀ ਪਰਖ ਕਿਸੇ ਥੋਂ ਨਾ ਹੋਈ। ਨਿਰਾਸ ਹੋ ਕੇ ਮੁੜੀ ਆਉਂਦੀ ਸੀ ਕਿ ਬਜ਼ਾਰ ਦੀ ਨੁੱਕਰ ਉਤੇ ਇਕ ਚਿਟਪੋਸ਼ੀਆ ਖੱਤ੍ਰੀ-ਬੱਚਾ ਉਦਾਸ ਬੈਠਾ ਸੀ। ਸੁੰਦਰੀ ਦੀ ਸੁੰਦਰਤਾ ਤੇ ਉਸ ਦੇ ਚੰਦ ਵਰਗੇ ਚਿਹਰੇ ਪੁਰ ਉਦਾਸੀ ਦੀ ਬੱਦਲੀ ਵੇਖ ਕੇ ਖੱਤ੍ਰੀ ਤੋਂ ਨਾ ਰਿਹਾ ਗਿਆ, ਬੋਲਿਆ, ਬੀਬੀ, ਤੂੰ ਕੌਣ ਹੈਂ ਤੇ ਉਦਾਸ ਕਿਉਂ ਹੈ?

ਸੁੰਦਰੀ – ਮੈਂ ਉਦਾਸ ਇਸ ਕਰਕੇ ਹਾਂ ਕਿ ਮੇਰੀ ਹੀਰੇ ਦੀ ਮੁੰਦਰੀ ਦਾ ਗਾਹਕ ਨਹੀਂ ਕੋਈ ਮਿਲਦਾ।

ਖੱਤਰੀ – ਮੁੰਦਰੀ ਮੈਨੂੰ ਵਿਖਾ ਖਾਂ।

ਸੁੰਦਰੀ ਨੇ ਮੁੰਦਰੀ ਵਿਖਾ ਦਿਤੀ।

ਖੱਤਰੀ – ਮੁੰਦਰੀ ਤਾਂ ਚੰਗੀ ਹੈ, ਨਗ ਭੀ ਸੁੱਚਾ ਹੈ, ਮੁੱਲ ਭੀ ਪੰਜ ਸੱਤ ਸੌ ਮਿਲ ਸਕਦਾ ਹੈ ਪਰ ਸ਼ੋਕ ਕਿ ਅੰਬ ਦੇ ਬ੍ਰਿਛ ਤੋਂ ਦੂਰ ਡਿੱਗੀ ਹੋਈ, ਖੰਭ ਟੁੱਟੀ ਕੋਇਲ ਹਾਂ, ਧਨ ਸੰਪਦਾ ਪਾਸ ਨਹੀਂ, ਨਹੀਂ ਤਾਂ ਮੈਂ ਇਸ ਦਾ ਪੂਰਾ ਮੁੱਲ ਦੇ ਦਿੰਦਾ। ਫੇਰ ਠੰਢਾ ਸਾਹ ਭਰ ਕੇ ਹੰਝੂ ਭਰ ਲਿਆਇਆ ਅਰ ਮੁੰਦਰੀ ਨੂੰ ਮੋੜ ਕੇ ਬੋਲਿਆ, ਬੀਬੀ! ਸ਼ਿਵ ਜੀ ਤੇਰੀ ਕਾਮਨਾ ਪੂਰੀ ਕਰਨ ਪਰ ਜੇ ਤੂੰ ਇਹ ਮੁੰਦਰੀ ਕਿਸੇ ਸ਼ਹਿਰ ਵਿਚ ਲੈ ਜਾਵੇਂ ਤਾਂ ਚੰਗਾ ਮੁੱਲ ਵੱਟ ਲਿਆਵੇਂ।

ਸੁੰਦਰੀ – ਬਹੁਤ ਹੱਛਾ, ਜੋ ਗੁਰੂ ਜੀ ਨੂੰ ਭਾਵੇ, ਪਰ ਤੁਸੀਂ ਦੱਸੋ ਕਿ ਮਰਦ ਹੋ ਕੇ ਤੁਸੀਂ ਕਿਉਂ ਰੋ ਰਹੇ ਹੋ? ਹੰਝੂ ਤ੍ਰੀਮਤਾਂ ਦੇ ਕਿਰਦੇ ਹਨ, ਮਰਦ ਤਾਂ ਕਦੀ ਨਹੀਂ ਡੋਲਦਾ?

ਖੱਤ੍ਰੀ – ਬੀਬੀ! ਤੂੰ ਤੀਵੀਂ ਤੇ ਮੈਂ ਬਲ-ਹੀਨ ਮਰਦ ਹਾਂ, ਨਾ ਤੂੰ ਮੇਰਾ ਦੁਖ ਨਵਿਰਤ ਕਰ ਸਕੇਂ, ਨਾ ਮੈਂ ਤੇਰੀ ਲੋੜ ਪੂਰੀ ਕਰ ਸਕਾਂ, ਫੇਰ ਕੀ ਦਸਣਾ ਹੋਇਆ? ਆਪਣੇ ਰਸਤੇ ਜਾਹ ਤੇ ਆਪਣੇ ਘਰ ਆਨੰਦ ਭੋਗ। ਭਾਵੇਂ ਤੇਰੇ ਮੁੰਦਰੀ ਵੇਚਣ ਤੋਂ ਜਾਪਦਾ ਹੈ ਕਿ ਤੂੰ ਵੀ ਦੁਖੀ ਹੈਂ ਪਰ ਫੇਰ ਭੀ ਇਨ੍ਹਾਂ ਬਨਾਂ ਦੇ ਆਸਰੇ ਮੁਗਲ ਹਾਕਮਾਂ ਦੇ ਧੱਕਿਆਂ ਤੋਂ ਸਿਰ ਲੁਕਾਈ ਬੈਠੀ ਹੈਂ। ਸ਼ਹਿਰਾਂ ਪਿੰਡਾਂ ਦਾ ਵਸੇਬਾ ਤਾਂ ਹੁਣ ਨਰਕ ਹੋ ਗਿਆ ਹੈ।

ਸੁੰਦਰੀ – ਹੇ ਪ੍ਰਮੇਸ਼ਰ ਦੇ ਬੰਦੇ! ਮੈਂ ਪਰਮ ਸੁਖੀ ਹਾਂ। ਸਰੀਰ ਕਰਕੇ ਅਬਲਾ ਮੈਨੂੰ ਕਹਿ ਲਓ, ਪਰ ਮੈਂ ਮਨ ਕਰਕੇ ਬਲੀ ਹਾਂ। ਮੇਰੇ ਕਬੀਲੇ ਵਾਲੇ ਬਲੀ ਹਨ ਕਿ ਜਿਨ੍ਹਾਂ ਦਾ ਲੋਹਾ ਹੁਣ ਤੁਰਕ ਬੀ ਮੰਨਦੇ ਹਨ।

ਖਤ੍ਰੀ – ਤੁਰਕਾਂ ਦੇ ਟਾਕਰੇ ਦਾ ਕੌਣ ਹੈ? ਸਿੱਖ ਵਿਚਾਰੇ ਉਠੇ ਸਨ, ਕਿਤੇ ਕਿਤੇ ਉਨ੍ਹਾਂ ਚੰਗੇ ਦੰਦ ਖੱਟੇ ਕੀਤੇ ਸਨ ਪਰ ਨਾਸ ਹੋਵੇ ਸਾਡੇ ਆਪਣੇ ਭਰਾਵਾਂ ਦਾ, ਜਿਹੜੇ ਸਿੱਖਾਂ ਦਾ ਵੀ ਖੁਰਾ-ਖੋਜ ਪੁਟਵਾ ਰਹੇ ਹਨ। ਪਰ ਕੀਕੂੰ ਉਹ ਮਰਦੇ ਮੁਕਦੇ ਫੇਰ ਉਮਗਦੇ ਤੇ ਧਰਮ ਤੋਂ ਜਾਨਾਂ ਵਾਰਦੇ ਰਹਿੰਦੇ ਹਨ। ਹੁਣ ਵੇਖੋ ਖਾਂ, ਲਖਪਤ ਏਮਨਾਬਾਦੋਂ ਸਿੱਖਾਂ ਪਰ ਭੜਥੂ ਪਾਈ ਆ ਰਿਹਾ ਹੈ। ਉਹੋ! ਮਹਾਂਦੇਵ ਭੋਲੇ! ਇਹ ਕੀ ਹੋ ਰਿਹਾ ਹੈ?

ਸਿੱਖਾਂ ਦੇ ਸਿਰ ਭੜਥੂ ਸੁਣ ਕੇ ਸੁੰਦਰੀ ਦਾ ਚਿਹਰਾ ਲਾਲ ਹੋ ਗਿਆ ਪਰ ਫੇਰ ਸੋਚ ਕੇ ਸੰਭਲੀ ਅਰ ਧੱਕੋ ਧੱਕੀ ਦੇ ਕੱਠੇ ਕੀਤੇ ਧੀਰਜ ਨਾਲ ਬੋਲੀ, ਤੁਸੀਂ ਆਪਣਾ ਹਾਲ ਤਾਂ ਸੁਣਾਓ?

ਖੱਤ੍ਰੀ – ਹੇ ਦੇਵੀ! ਜੇ ਤੈਨੂੰ ਹੱਠ ਹੈ ਤਾਂ ਲੈ ਸੁਣ ਦੁਖ-

ਭਰੀ ਵਾਰਤਾ। ਇਸ ਥਾਂ ਤੋਂ ਦਸ ਵੀਹ ਕੋਹ ਹਿਠਾੜ ਨੂੰ ਸ਼ਾਹੀ ਰਸਤੇ ਥੋਂ ਜ਼ਰਾ ਦੁਰਾਡਾ ਕਰਕੇ ਇਕ ਮੁਸਲਕਾ ਪਿੰਡ ਹੈ, ਉਸ ਵਿਚ ਹਿੰਦੂਆਂ ਦੇ ਘਰ ਬੀ ਚੋਖੇ ਹਨ। ਇਕ ਸੁੰਦਰ ਸ਼ਿਵ ਦੁਆਲਾ ਭੀ ਹੈ। ਸਾਡਾ ਘਰਾਣਾ ਵੱਡਾ ਪੁਰਾਤਨ ਹੈ। ਅਕਬਰ ਦੇ ਵੇਲੇ ਦੀਵਾਨ ਟੋਡਰ ਮਲ ਦੇ ਮਾਤਹਿਤ ਸਾਡਾ ਵੱਡਾ ਭੀ ਕੋਈ ਕਿਸੇ ਅਹੁੱਦੇ ਤੇ ਸੀ। ਧਨ ਦੌਲਤ ਇੰਨੀ ਹੈ ਕਿ ਅੱਜ ਤੱਕ ਨਹੀਂ ਮੁੱਕੀ। ਜਾਤ ਦੇ ਅਸੀਂ ਉਚੇ ਖੱਤ੍ਰੀ ਹਾਂ। ਸਾਡੇ ਨਗਰ ਵਿਚ ਇਕ ਹਾਕਮ ਤੇ ਉਸ ਦੇ ਸਿਪਾਹੀ ਰਹਿੰਦੇ ਹਨ। ਥੋੜ੍ਹੇ ਦਿਨ ਹੋਏ, ਮੈਂ ਸ਼ਿਵ-ਦੁਆਲੇ ਜਲ ਚੜ੍ਹਾਉਣ ਗਿਆ ਸੀ, ਪਿੱਛੇ ਮੇਰੀ ਵਹੁਟੀ ਕੋਠੇ ਉਤੇ ਖਲੋਤੀ ਵਾਲ ਸੁਕਾਉਂਦੀ ਸੀ, ਮੁਗਲ ਹਾਕਮ ਦਾ ਮਹਿਲ ਸਾਥੋਂ ਰਤਾ ਉਚੇਰਾ ਹੈ, ਕੋਠੇ ਉਤੋਂ ਉਸ ਨੇ ਮੇਰੀ ਇਸਤ੍ਰੀ ਵੇਖ ਲੀਤੀ, ਉਸੇ ਵੇਲੇ ਪਤਾ ਕੱਢਿਓਸ ਕਿ ਇਹ ਫਲਾਣੇ ਦੀ ਵਹੁਟੀ ਹੈ। ਬੱਸ ਮੈਨੂੰ ਸ਼ਿਵ-ਦੁਆਲੇ ਦੇ ਵਿਚੋਂ ਨਿਕਲਦਿਆਂ ਹੀ ਫਤਵਾ ਮੰਗਵਾਇਆ ਅਰ ਆਖਣ ਲੱਗਾ ਕਿ ਬਾਦਸ਼ਾਹ ਸਲਾਮਤ ਨੂੰ ਪਤਾ ਲੱਗਾ ਹੈ ਜੋ ਤੁਹਾਡੇ ਘਰ ਅਕਬਰ ਦੇ ਖਜ਼ਾਨੇ ਦੇ ਜਵਾਹਰਾਤ ਹੈਨ, ਸੋ ਜੇਕਰ ਦੇ ਦੇਵੋ ਤਾਂ ਚੰਗਾ, ਨਹੀਂ ਤਾਂ ਕੈਦ ਹੋ ਜਾਓ। ਮੈਂ ਕਿਹਾ ਕਿ ਅਕਬਰ ਨੂੰ ਮੋਇਆਂ ਪੀੜ੍ਹੀਆਂ ਬੀਤ ਗਈਆਂ, ਮੇਰੀਆਂ ਪੀੜ੍ਹੀਆਂ ਮਰ ਚੁਕੀਆਂ ਹਨ, ਇਸ ਗੱਲ ਦਾ ਕੋਈ ਸਬੂਤ ਨਹੀਂ। ਕਹਿਣ ਲੱਗਾ, ਓ ਕਾਫਰ! ਮੋਮਨਾਂ ਦੇ ਸਾਮ੍ਹਣੇ ਝੂਠ ਬੋਲਦਾ ਹੈਂ? ਚੱਲ ਦੂਰ ਹੋ। ਇਹ ਕਹਿ ਕੇ ਅੱਖ ਨਾਲ ਸੈਨਤ ਕੀਤੀਓਸ, ਝੱਟ ਸਿਪਾਹੀ ਮੈਨੂੰ ਬੰਦੀਖਾਨੇ ਲੈ ਗਏ, ਉਧਰੋਂ ਮੇਰੇ ਘਰ ਉਤੇ ਪਹਿਰਾ ਬਿਠਾ ਦਿਤਾ। ਦੂਜੇ ਦਿਨ ਮੈਨੂੰ ਕਹਾ ਭੇਜਿਆ ਕਿ ਜੇ ਤੂੰ ਆਪਣੀ ਇਸਤ੍ਰੀ ਦੇ ਦੇਵੇਂ ਤਾਂ ਤੈਨੂੰ ਛੱਡ ਦੇਂਦੇ ਹਾਂ। ਇਹ ਗੱਲ ਸੁਣ ਕੇ ਮੈਨੂੰ ਗੱਸ਼ ਪੈ ਗਿਆ ਕਿ ਹਾਇ! ਪਿਆਰੀ ਵਹੁਟੀ ਮੈਥੋਂ ਖੁਸ ਕੇ ਦੂਏ ਦੀ ਬਣ ਜਾਏਗੀ?

ਜਾਂ ਹੋਸ਼ ਆਈ ਤਦ ਮੈਂ ਸੋਨੇ ਦੇ ਕੜੇ ਤੇ ਮੁੰਦਰੀਆਂ, ਜੋ ਮੇਰੇ ਕੋਲ ਸਨ, ਦਰੋਗੇ ਨੂੰ ਵੱਢੀ ਵਿਚ ਦੇ ਦਿਤੇ ਅਰ ਛੁਟਕਾਰਾ ਪਾ ਕੇ ਘਰ ਵਲ ਗਿਆ ਪਰ ਮੇਰੀ ਵਹੁਟੀ ਨੂੰ ਉਹ ਅੱਗੇ ਹੀ ਫੜ ਕੇ ਲੈ ਗਿਆ ਸੀ ਅਰ ਮੇਰੇ ਘਰ ਪਹਿਰੇ ਬਿਠਾਏ ਹੋਏ ਸਨ। ਇਹ ਖਬਰ ਸੁਣ ਕੇ ਮੇਰੀਆਂ ਸਤੇ ਸੁਧਾਂ ਭੁੱਲ ਗਈਆਂ ਪਰ ਮੈਂ ਕਰ ਕੀ ਸਕਦਾ ਸਾਂ। ਪਿੰਡੋਂ ਬਾਹਰ ਜਾ ਕੇ ਦੋ ਦਿਨ ਰੋਂਦਿਆਂ ਕੱਟੇ, ਛੇਕੜ ਕਿਸੇ ਹੀਲੇ ਨਾਲ ਖਬਰ ਮੰਗਵਾਈ ਕਿ ਮੇਰੀ ਵਹੁਟੀ ਨੇ ਅਜੇ ਧਰਮ ਨਹੀਂ ਹਾਰਿਆ ਪਰ ਕੈਦ ਵਿਚ ਪਈ ਹੋਈ ਹੈ, ਪਰੰਤੂ ਲੋਕਾਂ ਵਿਚ ਇਹ ਗੱਲ ਉਡੀ ਹੋਈ ਹੈ ਕਿ ਉਹ ਮਹਿਲੀਂ ਵੜ ਗਈ ਹੈ। ਇਕ ਦਿਨ ਹੋਰ ਲੁਕ ਛਿਪ ਕੇ ਕੱਟਿਆ, ਕੋਈ ਢੰਗ ਵਹੁਟੀ ਦੇ ਬਚਾਉਣ ਦਾ ਨਾ ਪਾ ਕੇ ਮੈਂ ਏਧਰ ਨਿਕਲ ਆਇਆ ਹਾਂ, ਜੋ ਕਿਸੇ ਤਰ੍ਹਾਂ ਮਰ ਜਾਵਾਂ, ਪਰ ਜਿੰਦ ਪਾਪਨ ਵੱਡੀ ਪਿਆਰੀ ਹੈ।

ਸੁੰਦਰੀ - ਹੇ ਅਪਦਾ ਗ੍ਰਸਤ ਸੱਜਣ! ਆਤਮਘਾਤ ਕਰਨਾ ਮਹਾਂਪਾਪ ਹੈ ਤੇ ਜੇ ਤੂੰ ਵਹੁਟੀ ਦਾ ਛੁਟਕਾਰਾ ਚਾਹੇਂ ਤਾਂ ਮੇਰੇ ਨਾਲ ਚੱਲ, ਮੇਰੇ ਭਰਾ ਤੇਰੀ ਇਸਤ੍ਰੀ ਤੈਨੂੰ ਲੈ ਦੇਣਗੇ। ਜੇ ਤੂੰ ਵਹੁਟੀ ਦੇ ਤੁਰਕ ਹੋ ਜਾਣ ਦੀ ਪੱਕੀ ਖਬਰ ਪਾਈ ਹੈ ਤੇ ਹੁਣ ਉਸ ਨੂੰ ਮਿਲਣਾ ਨਹੀਂ ਚਾਹੁੰਦਾ ਤਾਂ ਮੇਰੇ ਵੀਰ ਤੈਨੂੰ ਧਰਮ ਦੇ ਕੰਮ ਵਿਚ ਲਾ ਦੇਣਗੇ, ਤੇਰਾ ਜੀਵਨ ਸਫਲ ਹੋ ਜਾਏਗਾ।

ਖੱਤ੍ਰੀ - ਬੀਬੀ! ਤੇਰੇ ਬਚਨ ਅਜਿਹੇ ਕੋਮਲ ਤੇ ਮਿੱਠੇ ਹਨ ਕਿ ਮੇਰੇ ਘਾਇਲ ਮਨ ਉਤੇ ਮਲ੍ਹਮ ਦਾ ਕੰਮ ਕਰਦੇ ਹਨ। ਡੁਬਦੇ ਨੂੰ ਤੀਲ੍ਹੇ ਦਾ ਸਹਾਰਾ। ਕੋਈ ਢੰਗ ਮੇਰੇ ਪਾਸ ਆਪਣੇ ਬਚਾਉ ਦਾ ਨਹੀਂ ਰਿਹਾ, ਕੋਈ ਰਸਤਾ ਵਹੁਟੀ ਦੇ ਛੁਟਕਾਰੇ ਦਾ ਨਹੀਂ, ਚਾਰ ਚੁਫੇਰੇ ਹਨ੍ਹੇਰਾ ਛਾ ਗਿਆ ਹੈ। ਬਿਪਤਾ ਦੀਆਂ ਮੂਰਤਾਂ ਪੱਤੇ ਪੱਤੇ ਪਰ ਲਿਖੀਆਂ ਗਈਆਂ ਹਨ। ਉਹ ਕੀ ਪਾਪ ਹੈ ਜਿਸ ਕਰਕੇ ਸਾਡੇ ਦੇਸ ਉਤੇ ਇੱਡਾ ਕਹਿਰ ਹੋ ਰਿਹਾ ਹੈ? ਕਿਉਂ ਸਾਡੇ ਭਾਂ ਦੀ ਕੰਬਖਤੀ ਆ ਰਹੀ ਹੈ? ਦੇਵੀ ਦੇਵਤੇ ਕਿੱਧਰ ਜਾ ਲੁਕੇ? ਰਿਖੀ ਮੁਨੀ ਕਿਉਂ ਨਹੀਂ ਬਹੁੜਦੇ? ਹੇ ਸ਼ਿਵ! ਹੇ ਵਿਸ਼ਨੂੰ! ਦੇਵਤੇ ਦੁਖੀ ਹਨ, ਬਹੁੜੋ! ਹਾਇ ਅਪਦਾ! ਇਹ ਕੀ ਕਹਿਰ ਵਰਤ ਗਿਆ? ਮਲੇਛਾਂ ਦਾ ਨਾਸ਼ ਕਿਉਂ ਨਹੀਂ ਹੁੰਦਾ? ਇਹ ਉਪੱਦਰ ਕਿਉਂ ਨਹੀਂ ਟਲਦਾ? ਹਾਇ ਕਸ਼ਟ! ਕੀ ਅਨਰਥ ਹੋ ਰਿਹਾ ਹੈ?

ਮਨ ਦੇ ਦੁਖੜੇ ਤੇ ਅੰਤਹਕਰਣ ਦੀ ਨਿਰਾਸਤਾ ਦੇ ਕੀਰਨੇ ਸੁਣ ਕੇ ਸੁੰਦਰੀ ਦਾ ਕਲੇਜਾ ਕੰਬ ਗਿਆ। ਧੀਰਜ ਨਾਲ ਬੋਲੀ, ਹੇ ਸਾਈਂ ਦੇ ਬੰਦੇ! ਇਹ ਸਭ ਔਖ ਇਕ ਪ੍ਰਮੇਸ਼ਰ ਦੀ ਸੇਵਾ ਛੱਡ ਕੇ ਫੋਕਟ ਕਰਮ ਕਰਨ ਦੇ ਫਲ ਹਨ। ਇਕ ਪ੍ਰਮੇਸ਼ਰ ਦਾ ਲੜ ਫੜਿਆਂ ਕਾਰਜ ਰਾਸ ਹੁੰਦੇ ਹਨ। ਇਕ ਦੇ ਲੜ ਲੱਗ ਸਾਰੇ ਆਪੋ ਵਿਚ ਪਿਆਰ ਨਾਲ ਪੁਰੋਤੇ ਜਾਂਦੇ ਹਨ, ਇਕ ਦੇ ਪੁੱਤਰ ਆਪੋ ਵਿਚ ਭਰਾਉ ਹੁੰਦੇ ਹਨ। ਭਰਾਉਪਨੇ ਤੇ ਭਾਉ ਨਾਲ ਜੁੜੇ ਹੋਏ ਇਕ ਤਾਕਤ ਬਣ ਜਾਂਦੇ ਹਨ। ਵਿਕੋਲਿੱਤ੍ਰਿਆਂ ਰਹਿਣਾ ਸਾਡੇ ਦੇਸ਼ ਦੀ ਕਮਜ਼ੋਰੀ ਦਾ ਕਾਰਨ ਹੈ। ਸਾਡੇ ਆਪੋ ਵਿਚ ਪਾਟੇ ਰਹਿਣਾ ਇਕ ਮੰਦ ਕਰਮ ਹੈ, ਜਿਸ ਦੀ ਸਜ਼ਾ ਅਸੀਂ ਭੁਗਤ ਰਹੇ ਹਾਂ।

ਖੱਤ੍ਰੀ ਆਪਣੇ ਵਹਿਣਾ ਵਿਚ ਡੁੱਬਾ ਮੂਰਤ ਬਣਿਆ ਬੈਠਾ ਸੀ, ਸੁੰਦਰੀ ਨੇ ਬਾਹੋਂ ਫੜ ਉਠਾਯਾ ਤੇ ਨਾਲ ਲੈ ਤੁਰੀ। ਜਦ ਪਿੰਡੋਂ ਦੂਰ ਨਿਕਲ ਗਈ ਤਦ ਕਹਿਣ ਲੱਗੀ ਕਿ ਅੱਜਕਲ੍ਹ ਸਮਾਂ ਜਾਂਦਾ ਹੈ ਬੁਰਾ, ਤੇ ਅਸੀਂ ਲੁਕ ਕੇ ਗੁਜ਼ਾਰਾ ਕਰ ਰਹੇ ਹਾਂ, ਇਸ ਕਰਕੇ ਕਿਸੇ ਨੂੰ ਆਪਣਾ ਪਤਾ ਨਹੀਂ ਦੱਸ ਸਕਦੇ। ਤੇਰੀਆਂ ਅੱਖਾਂ ਤੇ ਮੈਂ ਪੱਟੀ ਬੰਨ੍ਹ ਦੇਂਦੀ ਹਾਂ ਤੇ ਟਿਕਾਣੇ ਚੱਲ ਕੇ ਖੋਲ੍ਹ ਦੇਵਾਂਗੀ। ਖੱਤਰੀ ਨੇ ਅੱਗੋਂ ਨਾਂਹ ਨੁੱਕਰ ਕੁਛ ਨਾ ਕੀਤੀ। ਸੁੰਦਰੀ ਨੇ ਪੱਟੀ ਬੰਨ੍ਹ ਦਿਤੀ ਅਰ ਜੰਗਲ ਦੇ ਬਿਖੜੇ ਰਸਤੇ ਥਾਣੀਂ ਲੰਘ ਕੇ ਆਪਣੇ ਡੇਰੇ ਵਿਚ ਲੈ ਪਹੁੰਚੀ।

ਪਹੁੰਚਣ ਸਾਰ ਇਕ ਸਿੰਘ ਨੇ ਪੁਛਿਆ, ਤੁਸਾਂ ਅੱਜ ਵੱਡਾ ਚਿਰ ਲਾਇਆ, ਕਿਧਰ ਗਏ ਸਾਓ?

ਸੁੰਦਰੀ (ਹੱਸ ਕੇ ਬੋਲੀ) - ਵੀਰ ਜੀ! ਤੁਸੀਂ ਚਿਰ ਤੋਂ ਵਿਹਲੇ ਸਾਓ, ਤੁਹਾਡੇ ਲਈ ਕੰਮ ਲੱਭਣ ਗਈ ਸਾਂ।

ਸਿੰਘ - ਫੇਰ ਕੋਈ ਆਂਦਾ ਜੇ?

ਸੁੰਦਰੀ - (ਖੱਤ੍ਰੀ ਵਲ ਸੈਨਤ ਕਰਕੇ) - ਆਹ ਵੇਖਾਂ।

ਇੰਨੇ ਨੂੰ ਬਲਵੰਤ ਸਿੰਘ ਆ ਗਿਆ, ਭੈਣ ਨੂੰ ਪੁੱਛਣ ਲੱਗਾ ਕਿ ਇਹ ਕੌਣ ਹੈ? ਸੁੰਦਰੀ ਨੇ ਸਾਰੀ ਵਿਥਿਆ ਸੁਣਾਈ, ਫੇਰ ਦੋਵੇਂ ਸਰਦਾਰ ਪਾਸ ਗਏ, ਖੱਤ੍ਰੀ ਨੂੰ ਭੀ ਲੈ ਗਏ। ਸਾਰਾ ਹਾਲ ਸੁਣ ਕੇ ਸ਼ਾਮ ਸਿੰਘ ਦੇ ਹਿਰਦੇ ਪੁਰ ਇਕ ਅਸਚਰਜ ਅਸਰ ਹੋਇਆ। ਸੁੰਦਰੀ ਦੇ ਹਿਰਦੇ ਵਿਚ ਧਰਮ ਦਾ ਇੱਡਾ ਪ੍ਰੇਮ ਦੇਖ ਕੇ ਕਿ ਉਹ ਭਰਾਵਾਂ ਦੀ ਖਾਤਰ ਆਪਣੀ ਮੁੰਦਰੀ ਵੇਚਣ ਉਠ ਤੁਰੀ, ਸਰਦਾਰ ਇਕ ਚਾਉ ਤੇ ਕਦਰਦਾਨੀ ਦੇ ਭਾਵ ਨਾਲ ਭਰ ਗਿਆ, ਫਿਰ ਬੋਲਿਆ, ਭੈਣ ਜੀ! ਸੱਚਮੁਚ ਤੁਸੀਂ ਦੇਵੀ ਹੋ। ਫੇਰ ਖੱਤ੍ਰੀ ਦੀ ਵਾਰਤਾ ਨੂੰ ਵਿਚਾਰ ਕੇ ਇਕ ਸਿੱਖ ਨੂੰ ਆਗਿਆ ਦਿਤੀ ਕਿ ਇਸਨੂੰ ਲੰਗਰ ਵਿਚ ਲਿਜਾ ਕੇ ਪੱਟੀ ਖੋਲ੍ਹੇ ਤੇ ਕੁਛ ਛਕਾਓ। ਇਧਰ ਬਲਵੰਤ ਸਿੰਘ ਨਾਲ ਗੱਲ ਵਰਤੀ ਕਿ ਮਤਾਂ ਇਹ ਕੋਈ ਵੈਰੀਆਂ ਵਿਚੋਂ ਭੇਤ ਲੈਣ ਨਾ ਆਇਆ ਹੋਵੇ, ਇਸ ਦਾ ਵਿਸਾਹ ਕਰਨਾ ਠੀਕ ਨਹੀਂ ਅਰ ਇਕ ਸਿੱਖ ਨੂੰ ਇਹ ਆਗਿਆ ਦਿਤੀ ਕਿ ਹਰ ਵੇਲੇ ਉਸ ਦੇ ਨਾਲ ਰਹੇ ਤੇ ਖਿਆਲ ਰੱਖੇ ਕਿ ਉਹ ਕੀ ਕੁਝ ਕਰਦਾ ਹੈ ਤੇ ਕਿੱਧਰ ਆਉਂਦਾ ਜਾਂਦਾ ਹੈ। ਇਕ ਹੋਰ ਸਿੱਖ, ਜਿਸਨੂੰ ਅੱਗੇ ਸੂਹ ਲੈਣ ਘੱਲਿਆ ਸੀ, ਉਸ ਪਿੰਡ ਤੋਰ ਦਿਤਾ ਕਿ ਖਬਰ ਲਿਆਵੇ ਕਿ ਜੋ ਕੁਛ ਖੱਤਰੀ ਨੇ ਕਿਹਾ ਹੈ ਠੀਕ ਹੈ ਕਿ ਨਹੀਂ? ਸੁੰਦਰੀ ਨੂੰ ਆਪਣੀ ਕੈਦ ਭੁੱਲੀ ਨਹੀਂ ਸੀ ਅਰ ਉਹ ਜਾਣਦੀ ਸੀ ਕਿ ਖੱਤਰੀ ਦੀ ਵਹੁਟੀ ਕਿਸ ਔਖ ਵਿਚ ਹੋਵੇਗੀ ਅਰ ਕਿੱਕੁਰ ਇਕ ਇਕ ਘੜੀ ਉਸ ਦੇ ਛੁਟਕਾਰੇ ਵਾਸਤੇ ਅਮੋਲਕ ਹੈ। ਉਹ ਚਾਹੁੰਦੀ ਸੀ ਕਿ ਉਸ ਇਸਤ੍ਰੀ ਦੇ ਧਰਮ ਨੂੰ ਬਚਾਉਣ ਲਈ ਜਿੰਨੀ ਛੇਤੀ ਕੀਤੀ ਜਾਵੇ ਚੰਗੀ ਹੈ, ਪਰ ਸਰਦਾਰ ਦੀ ਅਕਲ ਤੇ ਦੂਰ ਦੀ ਸੋਚ ਵੀ ਉਲੰਘ ਨਹੀਂ ਸਕਦੀ ਸੀ, ਕਿਉਂਕਿ ਪੱਕਾ ਜਾਣਦੀ ਸੀ ਕਿ ਉਹਨਾਂ ਦੀ ਬੁਧਿ ਸਾਰੇ ਜਥੇ ਵਿਚੋਂ ਚੰਗੀ ਹੈ, ਅਰ ਨਾ ਨਿਰੇ ਜੱਥੇ ਵਿਚੋਂ ਸਗੋਂ ਸਾਰਾ ਪੰਥ ਉਨ੍ਹਾਂ ਦੀ ਅਕਲ ਨੂੰ ਮੰਨਦਾ ਹੈ।



(ਪੰਨਾ 20 ਦੀ ਬਾਕੀ)

***ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥***

***ਪੰਨਾ - 433***

ਮਹਾਰਾਜ ਕਹਿਣ ਲੱਗੇ ਗੁਰੂ ਅੰਗਦ ਸਾਹਿਬ ਨੂੰ ਕਿ ਪੁਰਖਾ! ਆਹ ਛੋਟੀ ਜਿਹੀ ਗੱਲ ਤੈਨੂੰ ਦੱਸੀ ਹੈ, ਇਨ੍ਹਾਂ ਕਰਮਾਂ ਦੀ ਗਤੀ ਨੂੰ ਇਸੇ ਤਰ੍ਹਾਂ ਨਾਲ ਸਮਝ ਲਵੋ। ਕਰਮ ਹਜ਼ਾਰ-ਹਜ਼ਾਰ ਸਾਲ ਤੋਂ ਬਾਅਦ ਵੀ ਬਦਲਾ ਲੈਂਦੇ ਹਨ, ਦਸ ਹਜ਼ਾਰ ਸਾਲ ਤੋਂ ਬਾਅਦ ਵੀ ਬਦਲਾ ਲੈਂਦੇ ਹਨ। ਜੇ ਕੋਈ ਨੇਮੀ ਪ੍ਰੇਮੀ ਬੰਦਾ ਗੁਜ਼ਰ ਜਾਵੇ ਤੇ ਉਸ ਦਾ ਅੰਤ ਸਮਾਂ ਚੰਗਾ ਨਾ ਹੋਵੇ ਤਾਂ ਪਿੰਡ ਦੇ ਲੋਕ ਕਹਿ ਦਿਆ ਕਰਦੇ ਹਨ ਕਿ ਦੇਖੋ ਜੀ ਇਹ ਤਾਂ ਪਾਠ ਬਹੁਤ ਕਰਿਆ ਕਰਦਾ ਸੀ, ਅੰਮ੍ਰਿਤ ਵੇਲੇ ਜਾਗਦਾ ਸੀ, ਪੁੰਨ ਦਾਨ ਕਰਦਾ ਸੀ, ਇਸ ਦੇ ਨਾਲ ਤਾਂ ਨਜਾਇਜ਼ ਨਹੀਂ ਸੀ ਹੋਣੀ ਚਾਹੀਦੀ, ਸਾਰੇ ਲੋਕ ਅਫਸੋਸ ਕਰਦੇ ਹਨ ਲੇਕਿਨ ਸਾਧ ਸੰਗਤ ਜੀ! ਪਤਾ ਨਹੀਂ ਹੁੰਦਾ ਕਿ ਕਿਹੜੇ ਕਰਮ ਦੀ ਕਦੋਂ ਵਾਰੀ ਆ ਜਾਵੇ ਪਰੰਤੂ ਇਹ ਗੱਲ ਪ੍ਰਮੇਸ਼ਰ ਦੇ ਪਿਆਰਿਆਂ ਤੇ ਲਾਗੂ ਨਹੀਂ ਹੋਇਆ ਕਰਦੀ, ਉਹ ਆਪਣੀ ਮਰਜ਼ੀ ਨਾਲ ਵੀ ਚਲੇ ਜਾਂਦੇ ਹਨ ਤੇ ਕਈ ਦਫਾ ਸੰਸਾਰ ਦੇ ਦੁਖ ਲੈ ਕੇ ਬੀਮਾਰੀ ਨਾਲ ਵੀ ਚਲੇ ਜਾਇਆ ਕਰਦੇ ਹਨ ਕਿਉਂਕਿ ਉਹ ਸਰੀਰ ਨਹੀਂ ਹੁੰਦੇ। ਸੰਸਾਰ ਨੂੰ ਲਗਦਾ ਹੈ ਕਿ ਉਹ ਦੁਖ ਭੋਗਦੇ ਹਨ ਪਰ ਉਹਨਾਂ ਦਾ ਦੇਹ ਅਧਿਆਸ ਟੁਟਿਆ ਹੁੰਦਾ ਹੈ। ਉਨ੍ਹਾਂ ਵਾਸਤੇ ਦੁਖ ਨਾਮ ਦੀ ਕੋਈ ਪਰੀਭਾਸ਼ਾ ਨਹੀਂ ਹੁੰਦੀ।

***'ਚਲਦਾ'***

(ਪੰਨਾ 33 ਦੀ ਬਾਕੀ)

ਨਿਰਲਿਪਤ ਹੋ ਕੇ ਕਰਦਾ ਹੈ, ਉਹ ਹੀ ਵਾਸਤਵ ਵਿਚ ਤਿਆਗੀ ਹੈ। ਉਹ ਹੀ ਪੂਰੀ ਤਰ੍ਹਾਂ ਸੰਪੂਰਨਤਾ ਨਾਲ ਸਮਰਪਤ ਹੈ। ਇਸ ਦ੍ਰਿਸ਼ਟਮਈ ਸੰਸਾਰ ਵਿਚ ਹਰ ਕੰਮ ਵਿਚ ਅਪੂਰਨਤਾ ਹੈ, ਨੁਕਸ ਹਨ, ਭਾਵੇਂ ਤੁਹਾਡੀ ਭਾਵਨਾ ਕਿੰਨੀ ਹੀ ਚੰਗੀ ਕਿਉਂ ਨਾ ਹੋਵੇ, ਕੋਈ ਵੀ ਕਰਮ ਸੰਪੂਰਨ ਨਹੀਂ। ਜੇ ਕੋਈ ਮਨੁੱਖ ਦੂਸਰੇ ਨੂੰ ਕੁਝ ਦਿੰਦਾ ਹੈ, ਪਿਆਰ ਨਾਲ ਦਿੰਦਾ ਹੈ, ਦਿਆਲਤਾਪੂਰਵਕ ਦਿੰਦਾ ਹੈ, ਇਹ ਕਾਰਜ ਵੀ ਦੁਖਦਾਈ ਹੋ ਜਾਵੇਗਾ ਜੇ ਉਹ ਚੀਜ਼ ਗੁਆਚ ਜਾਏ, ਟੁੱਟ ਜਾਏ ਜਾਂ ਜੇ ਦੂਸਰਾ ਮਨੁੱਖ ਈਰਖਾ ਰੱਖਣ ਲਗ ਜਾਏ। ਜੇ ਤੁਸੀਂ ਦੁਖੀ ਨਾ ਹੋਣ ਦਾ ਅਭਿਆਸ ਕਰਨਾ ਚਾਹੁੰਦੇ ਹੋ, ਮਾਸ ਖਾਣਾ ਛੱਡ ਦਿੰਦੇ ਹੋ ਤਾਂ ਤੁਸੀਂ ਪੌਦੇ, ਪੱਤੇ ਉਨ੍ਹਾਂ ਨੂੰ ਮਾਰ ਕੇ ਆਪਣਾ ਨਿਰਵਾਹ ਕਰਦੇ ਹੋ, ਜੀਉਂਦੇ ਰਹਿੰਦੇ ਹੋ। ਜੇ ਅਰਜਨ ਕੁਰਕਸ਼ੇਤਰ ਦੀ ਲੜਾਈ ਲੜ ਕੇ ਵਿਜੈਈ ਹੁੰਦਾ ਹੈ, ਉਹ ਦੇਸ਼ ਦਾ ਦੋਸ਼ ਅਤੇ ਬੁਰਾਈ ਖਤਮ ਕਰਦਾ ਹੈ ਪਰ ਇਹ ਸਭ ਕੁਝ ਕਰਨ ਲਈ ਉਸ ਨੂੰ ਬਹੁਤ ਦੁਖ ਵੀ ਸਹਿਣੇ ਪਏ ਹਨ। ਮਨੁੱਖ ਨੂੰ ਸਾਹਸ ਰੱਖਣਾ ਚਾਹੀਦਾ ਹੈ, ਹੌਂਸਲਾ ਰੱਖਣਾ ਚਾਹੀਦਾ ਹੈ, ਆਪਣੇ ਵਲੋਂ ਚੰਗਾ, ਆਪਣੀ ਸਮਰੱਥਾ ਅਨੁਸਾਰ, ਵਿਤ ਅਨੁਸਾਰ ਵੱਧ ਤੋਂ ਵੱਧ ਚੰਗੇ ਤੋਂ ਚੰਗਾ ਹੀ ਕੰਮ ਕਰਨਾ ਚਾਹੀਦਾ ਹੈ ਭਾਵੇਂ ਕਿੰਨੀਆਂ ਹੀ ਰੁਕਾਵਟਾਂ ਕਿਉਂ ਨਾ ਆਉਣ, ਕਿੰਨੇ ਹੀ ਵਿਘਨ ਕਿਉਂ ਨਾ ਆਉਣ, ਮਨੁੱਖ ਨੂੰ ਮੋਹ ਤੋਂ ਮੁਕਤ ਨਿਰਲਿਪਤ ਰਹਿਣਾ ਚਾਹੀਦਾ ਹੈ।

# ਅਬਿਨਾਸ਼ੀ ਜੋਤ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂਹਾਨੀ ਮਿਸ਼ਨ।***

*(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ- 55)*

ਸ਼ਾਨ .....................................।

***ਸਤਿਨਾਮ ਸ੍ਰੀ ਵਾਹਿਗੁਰੂ,***
***ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!***

***ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥***
***ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥***
***ਪੰਨਾ - 256***

***ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥***
***ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥***
***ਪੰਨਾ - 289***

***ਧਾਰਨਾ - ਮੇਰੀ ਨਮਸਕਾਰ ਗੁਰਦੇਵ ਕਉ -2, 2.***
***ਗੁਰਦੇਵ ਕਉ ਜੀ -2, 2.***
***ਸਤਿਨਾਮ ਜਿਸ ਮੰਤਰ ਸੁਣਾਇਆ -2, 2.***
***ਮੇਰੀ ਨਮਸਕਾਰ,............ -2.***

***ਨਮਸਕਾਰ ਗੁਰਦੇਵ ਕੋ ਸਤਿਨਾਮ ਜਿਸ ਮੰਤ੍ਰ ਸੁਣਾਇਆ।***
***ਭਵਜਲ ਵਿਚੋਂ ਕਢਿਕੇ ਮੁਕਤਿ ਪਦਾਰਥ ਮਾਹਿ ਸਮਾਇਆ।***
***ਜਨਮ ਮਰਣ ਭਉ ਕਟਿਆ ਸੰਸਾ ਰੋਗ ਵਿਯੋਗ ਮਿਟਾਇਆ।***
***ਸੰਸਾ ਇਹੁ ਸੰਸਾਰੁ ਹੈ ਜਨਮ ਮਰਣ ਵਿਚਿ ਦੁਖ ਸਬਾਇਆ।***
***ਜਮਦੰਡ ਸਿਰੋਂ ਨਾ ਉਤਰੈ ਸਾਕਤ ਦੁਰਜਨ ਜਨਮੁ ਗਵਾਇਆ।***
***ਚਰਨ ਗਹੇ ਗੁਰਦੇਵ ਦੇ ਸਤਿ ਸਬਦ ਦੇ ਮੁਕਤ ਕਰਾਇਆ।***
***ਭਾਉ ਭਗਤਿ ਗੁਰਪੁਰਬ ਕਰਿ ਨਾਮ ਦਾਨ ਇਸਨਾਨ ਦ੍ਰਿੜਾਇਆ।***
***ਜੇਹਾ ਬੀਉ ਤੇਹਾ ਫਲੁ ਪਾਇਆ॥***
***ਭਾਈ ਗੁਰਦਾਸ ਜੀ ਦੀ ਵਾਰ 1/1***

***ਧਾਰਨਾ - ਹਰਿ ਕੇ ਸੇਵਕ ਜੋ ਹਰਿ ਭਾਏ,***
***ਤਿਨ ਕੀ ਕਥਾ ਨਿਰਾਰੀ ਰੇ -2, 2.***
***ਤਿਨ ਕੀ ਕਥਾ ਨਿਰਾਰੀ ਰੇ -4, 2.***
***ਹਰਿ ਕੇ ਸੇਵਕ ਜੋ ਹਰਿ ਭਾਏ, ...... -2.***

***ਹਰਿ ਕੇ ਸੇਵਕ ਜੋ ਹਰਿ ਭਾਏ ਤਿਨ ਕੀ ਕਥਾ ਨਿਰਾਰੀ ਰੇ॥***
***ਆਵਹਿ ਨ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ॥***
***ਪੰਨਾ - 855***

ਸਾਧ ਸੰਗਤ ਜੀ! ਗੱਜ ਕੇ ਬੋਲਣਾ, ਸਤਿਨਾਮ ਸ੍ਰੀ ਵਾਹਿਗੁਰੂ।

ਚਿੱਤ ਬਿਰਤੀਆਂ ਨੂੰ ਇਕਾਗਰ ਕਰੋ ਕਿਉਂਕਿ ਜਦੋਂ ਤੱਕ ਚਿੱਤ ਦੀਆਂ ਬਿਰਤੀਆਂ ਦਾ ਪ੍ਰਵਾਹ ਨਾ ਰੁਕੇ, ਉਂਨੀ ਦੇਰ ਤੱਕ ਸਤਿਸੰਗ ਦੇ ਜੋ ਅਮੋਲਕ ਸਿਧਾਂਤ ਹਨ, ਉਹ ਸਾਡੇ ਮਨ ਵਿਚ ਨਹੀਂ ਵਸਿਆ ਕਰਦੇ। ਸੋ ਸਾਰਿਆਂ ਨਾਲੋਂ ਸੁਖਾਲਾ ਤਰੀਕਾ ਹੈ ਨੇਤਰਾਂ ਨਾਲ ਗੁਰੂ ਸਰੂਪ ਦੇ ਦਰਸ਼ਨ ਕਰੋ, ਕੰਨਾਂ ਦੇ ਨਾਲ ਬਾਣੀ ਸਰਵਣ ਕਰੋ, ਬੁੱਧੀ ਦੇ ਨਾਲ ਵਿਚਾਰ ਕੇ ਹਿਰਦੇ 'ਚ ਧਾਰਨ ਕਰੋ। ਜਦੋਂ ਵਾਰੀ ਆਵੇ ਤਾਂ ਗੱਜ ਵੱਜ ਕੇ ਬੋਲੋ, ਸੋ ਏਸ ਤਰ੍ਹਾਂ ਕਰਨ ਦੇ ਨਾਲ ਬਿਰਤੀ ਇਕਾਗਰ ਹੋ ਜਾਂਦੀ ਹੈ, ਰਸ ਪੈਦਾ ਹੋ ਜਾਂਦਾ ਹੈ ਫੇਰ ਪੂਰਾ-ਪੂਰਾ ਲਾਹਾ ਸਤਿਸੰਗ ਦਾ ਪ੍ਰਾਪਤ ਹੋ ਜਾਂਦਾ ਹੈ। ਪਿਛਲੇ ਕਾਫੀ ਸਮੇਂ ਤੋਂ ਸਿੱਖੀ ਦਾ ਜੋ ਨਮੂਨਾ ਸੰਸਾਰ ਵਿਚ ਦੱਸਿਆ ਜਾ ਸਕਦਾ ਹੈ, ਉਹ ਭਾਈ ਲਹਿਣਾ ਜੀ ਦੇ ਜੀਵਨ ਤੋਂ ਰੂਪਮਾਨ ਹੋ ਰਿਹਾ ਹੈ, ਜਿਨ੍ਹਾਂ ਨੇ ਸਿੱਖੀ ਦੇ ਪੂਰਨੇ ਪਾ ਕੇ ਦੱਸ ਦਿੱਤਾ ਕਿ ਸਿੱਖ ਨੇ ਜੇ ਗੁਰੂ ਦੇ ਵਿਚ ਸਮਾਉਣਾ ਹੈ ਤਾਂ ਏਸ ਰਸਤੇ ਤੁਰਿਆ ਆਵੇ, ਰਸਤਾ ਉਲੀਕ ਦਿੱਤਾ, 'ਗਾਡੀ ਰਾਹ' ਪਾ ਦਿੱਤਾ। ਸੋ ਉਸ ਦੇ ਬਾਰੇ ਆਪ ਬਹੁਤ ਦੇਰ ਤੋਂ ਵਿਆਖਿਆ ਸਹਿਤ ਸਰਵਣ ਕਰਦੇ ਆ ਰਹੇ ਹੋ। ਪਿਛਲੀ ਵਾਰੀ ਦੱਸਿਆ ਸੀ ਕਿ ਜੇ ਮੁਰੀਦ ਬਣਨਾ ਹੈ ਤਾਂ -

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।***
***ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।***
***ਗੋਲਾ ਮੁਲ ਖਰੀਦੁ ਕਾਰੇ ਜੋਵਣਾ।***
***ਭਾਈ ਗੁਰਦਾਸ ਜੀ ਦੀ ਵਾਰ 3/18***

ਇਨ੍ਹਾਂ ਤਿੰਨਾਂ ਹੀ ਚੀਜ਼ਾਂ ਦੀ ਵਿਆਖਿਆ ਕਰੀ ਸੀ। ਬੜਾ ਔਖਾ ਹੈ ਕਿ 'ਸਬਰ' ਵੀ ਹੋਵੇ ਤੇ 'ਸਿਦਕ' ਵੀ ਪੂਰਾ ਹੋਵੇ। ਜਦੋਂ ਸਿਦਕੀ ਸਿੰਘਾਂ ਦਾ ਹਾਲ ਪੜ੍ਹੀਦਾ ਹੈ ਤਾਂ ਹੈਰਾਨ ਹੋ ਜਾਈਦਾ ਹੈ ਕਿ ਐਡੇ-ਐਡੇ ਸਿਦਕ ਵਾਲੇ ਸਿੱਖ ਹੋ ਗੁਜ਼ਰੇ ਹਨ, ਅਸੀਂ ਤਾਂ ਕੁਝ ਵੀ ਨਹੀਂ ਉਨ੍ਹਾਂ ਦੇ ਅੱਗੇ ਪਰ ਰਸਤਾ ਤਾਂ ਖੁੱਲ੍ਹਾ ਹੈ ਨਾ। ਜਿਸ ਦੇ ਮਨ ਵਿਚ ਚਾਓ ਜਾਗਦਾ ਹੈ, ਸ਼ੌਂਕ ਜਾਗਦਾ ਹੈ ਉਹ ਇਸ ਸੜਕ ਦੇ ਉਤੇ ਤੁਰ ਸਕਦਾ ਹੈ -'ਗਾਡੀ ਰਾਹ' ਇਸ ਨੂੰ ਆਖਿਆ ਹੈ। ਸੱਚ ਦੇ ਉਤੇ ਸ਼ਹਾਦਤ ਦੇਣ ਵਾਲੇ ਦੋ ਤਰ੍ਹਾਂ ਦੇ ਸ਼ਹੀਦ ਹੋਇਆ ਕਰਦੇ ਨੇ।

ਇਕ ਜਿੰਦਾ ਸ਼ਹੀਦ ਹੁੰਦੇ ਨੇ। ਦੂਜੇ ਉਹ ਹੁੰਦੇ ਨੇ ਜਿਹੜੇ ਆਪਣੇ ਤਨ ਦੀ ਆਹੂਤੀ ਦੇ ਜਾਂਦੇ ਨੇ।

ਜਿੰਦਾ ਉਹ ਹੁੰਦੇ ਨੇ ਜਿਹੜੇ ਸੱਚ ਦਾ ਜੀਵਨ ਜੀਉਂ ਕੇ ਦਿਖਾਉਂਦੇ ਨੇ। ਸਾਰੀ ਜ਼ਿੰਦਗੀ ਵਿਚ ਉਕਦੇ ਨਹੀਂ, ਉਹ ਸੱਚ ਦਾ ਜੀਵਨ ਜੀਉਂਦੇ ਹਨ। ਦੁਖ ਵੀ ਆਉਂਦੇ ਨੇ, ਸੁਖ ਵੀ ਆਉਂਦੇ ਨੇ, ਹਾਨ ਵੀ ਆਉਂਦਾ ਹੈ, ਲਾਭ ਵੀ ਆਉਂਦੈ, ਨਿੰਦਿਆ ਵੀ ਆਉਂਦੀ ਹੈ, ਉਸਤਤ ਵੀ ਆਉਂਦੀ ਹੈ, ਵਿਰੋਧੀ ਵੀ ਆਉਂਦੇ ਨੇ, ਪ੍ਰਸੰਸਾ ਕਰਨ ਵਾਲੇ ਵੀ ਆਉਂਦੇ ਨੇ; ਸਾਰਿਆਂ ਨਾਲ ਵਾਹ ਪਾ ਕੇ ਜਿਹੜਾ ਫੇਰ ਏਸ ਉਥਲ ਪੁਥਲ ਕਰਦੇ ਸਾਗਰ ਵਿਚੋਂ ਲੰਘ ਜਾਵੇ, ਕਹਿੰਦੇ ਉਹ ਸਿੱਖ ਹੋਇਆ ਕਰਦਾ ਹੈ। ਸੋ ਇਸੇ ਕਰਕੇ ਸਿੱਖੀ ਕਮਾਉਣੀ ਸਾਰਿਆਂ ਤੋਂ ਔਖੀ ਚੀਜ਼ ਹੈ, ਸਿਰੇ ਦੀ ਚੀਜ਼ ਹੈ ਕਿਉਂਕਿ ਸਿੱਖ ਗੁਰੂ ਘਰ ਦੇ ਅੰਦਰ ਇਕ ਦਮ ਗੁਰੂ ਰੂਪ ਹੀ ਬਣ ਜਾਂਦਾ ਹੈ, ਗੁਰੂ ਵਿਚ ਸਮਾਅ ਜਾਂਦਾ ਹੈ। ਗੁਰੂ ਅੰਗਦ ਸਾਹਿਬ ਸਿੱਖੀ ਦੇ ਨਮੂਨੇ ਤੇ ਸਿਖਰ ਪਹੁੰਚ ਗਏ ਤੇ ਗੁਰੂ ਨਾਨਕ ਪਾਤਿਸ਼ਾਹ ਨਾਲ ਓਤ ਪੋਤ ਹੋ ਗਏ। ਹੁਣ ਪਤਾ ਨਹੀਂ ਲਗਦਾ ਕਿ ਗੁਰੂ ਨਾਨਕ ਗੁਰੂ ਅੰਗਦ ਹੈ ਜਾਂ ਗੁਰੂ ਅੰਗਦ ਗੁਰੂ ਨਾਨਕ ਹੈ, ਕੋਈ ਪਤਾ ਨਹੀਂ ਲਾ ਸਕਿਆ ਅੱਜ ਤੱਕ। ਸਾਰਿਆਂ ਦਾ ਇਹ ਖਿਆਲ ਹੈ ਕਿ

ਇਹ ਗੁਰੂ ਅੰਗਦ ਸਾਹਿਬ ਨੇ ਉਹ ਗੁਰੂ ਨਾਨਕ ਸਾਹਿਬ ਆਪ ਹੀ ਸਨ। ਅਸਚਰਜ ਬਾਤ ਹੈ, ਇਸ ਨੂੰ ਅਕਥ ਕਥਾ ਕਹਿੰਦੇ ਨੇ, ਜਿਹੜੀ ਗੱਲ ਕਹੀ ਨਾ ਜਾ ਸਕੇ, ਸਮਝਾਈ ਨਾ ਜਾ ਸਕੇ। ਸੋ ਉਸ ਨੂੰ ਸਮਝਾਉਣ ਵਾਸਤੇ ਕੁਝ ਯਤਨ ਹੁੰਦੇ ਨੇ। ਇਸ ਤਰ੍ਹਾਂ ਦੇ ਨਾਲ ਪੜ੍ਹੋ –

***ਧਾਰਨਾ – ਗੁਰ ਗੋਰ ਸਮਾਵੇ ਜੀ –2, 2.***
***ਮੁਰਦਾ ਹੋਇ ਮੁਰੀਦ ਜੋ –2, 2.***
***ਗੁਰ ਗੋਰ ਸਮਾਵੇ ਜੀ,............ –2.***

***ਮੁਰਦਾ ਹੋਇ ਮੁਰੀਦ ਸੋ ਗੁਰ ਗੋਰਿ ਸਮਾਵੈ।***
***ਭਾਈ ਗੁਰਦਾਸ ਜੀ ਦੀ ਵਾਰ 9/22***

***ਸਬਦ ਸੁਰਤਿ ਲਿਵ ਲੀਣੁ ਹੋਇ ਓਹੁ ਆਪਿ ਗਵਾਵੈ।***
***ਤਨ ਧਰਤੀ ਕਰਿ ਧਰਮਸਾਲ ਮਨੁ ਦਭੁ ਵਿਛਾਵੈ।***
***ਲਤਾਂ ਹੇਠਿ ਲਤਾੜੀਐ ਗੁਰ ਸਬਦੁ ਕਮਾਵੈ।***
***ਭਾਇ ਭਗਤਿ ਨੀਵਾਣੁ ਹੋਇ ਗੁਰਮਤਿ ਠਹਰਾਵੈ।***
***ਵਰਸੈ ਨਿਝਰ ਧਾਰ ਹੋਇ ਸੰਗਤਿ ਚਲਿ ਆਵੈ॥***
***ਭਾਈ ਗੁਰਦਾਸ ਜੀ ਦੀ ਵਾਰ 9/22***

ਸਿੱਖ ਦਾ ਨਕਸ਼ਾ ਬੰਨ੍ਹਦੇ ਹੋਏ ਆਪ ਦਸਦੇ ਨੇ ਕਿ ਸਿੱਖ ਤਾਂ ਬੇਅੰਤ ਹੋਣਗੇ, ਵੋਟਾਂ ਲੈਣ ਵਾਸਤੇ, ਆਪਣਾ ਵੱਖਰਾਪਣ ਦੱਸਣ ਵਾਸਤੇ ਬੇਅੰਤ ਨੇ – ਕਰੋੜਾਂ ਦੀ ਤਾਦਾਦ ਵਿਚ, ਪਰ ਮਹਾਰਾਜ ਜੀ ਕਹਿੰਦੇ ਸਿੱਖ ਇਕ ਅੱਧਾ ਹੀ ਕੋਈ ਹੈ, ਬਹੁਤੇ ਨਹੀਂ ਹਨ –

***ਕੋਟਨ ਮੈ ਨਾਨਕ ਕੋਊ ਨਾਰਾਇਣੁ ਜਿਹ ਚੀਤਿ॥***
***ਪੰਨਾ – 1427***

ਸੋ ਜਦੋਂ ਤੱਕ ਇਹ ਮੁਰਦਾ ਨਹੀਂ ਬਣਦਾ, ਓਨਾ ਚਿਰ ਸਿੱਖੀ ਦਾ 'ੳ-ਅ' ਵੀ ਨਹੀਂ ਆਉਂਦਾ। ਸੋ ਪਹਿਲੀ ਸ਼ਰਤ ਹੈ ਗੁਰੂ ਦੇ ਨਾਲ ਇਕਮਿੱਕ ਹੋਣ ਦੀ ਕਿ –

***ਮੁਰਦਾ ਹੋਇ ਮੁਰੀਦ ਸੋ ............।***
***ਭਾਈ ਗੁਰਦਾਸ ਜੀ ਦੀ ਵਾਰ 9/22***

ਸੋ ਹੁਣ ਇਹ ਹੈ ਕਿ ਮੁਰਦਾ ਕਿਵੇਂ ਬਣਿਆ ਜਾਵੇ? ਕੋਈ ਤਰੀਕਾ ਹੈ ਮੁਰਦਾ ਬਣਨ ਦਾ? ਜੇ ਤਾਂ ਅਸੀਂ ਕੋਈ ਦਵਾਈ ਖਾ ਕੇ ਆਪਣਾ ਅੰਤ ਕਰਦੇ ਹਾਂ ਤਾਂ ਇਸ ਦਾ ਤਾਂ ਕੋਈ ਫਾਇਦਾ ਨਹੀਂ ਹੈ। ਫੇਰ ਤਾਂ ਗੁਰੂ ਦੀ ਸੇਵਾ ਨਹੀਂ ਹੁੰਦੀ ਕਿਉਂਕਿ ਚੇਤਨ ਕਲਾ ਨਿਕਲ ਜਾਂਦੀ ਹੈ, ਆਹ ਸਰੀਰ ਦੇ ਹੁੰਦੇ-ਹੁੰਦੇ ਕਿਵੇਂ ਮੁਰਦਾ ਹੋ ਸਕਦਾ ਹੈ? ਦੋ ਚੀਜ਼ਾਂ ਇਸ ਨੂੰ ਜੀਊਂਦਾ ਰੱਖਦੀਆਂ ਨੇ, ਧਿਆਨ ਨਾਲ ਸਰਵਣ ਕਰਿਓ –

ਇਕ ਤਾਂ ਹੰਗਤਾ ਹੈ ਜਿਸ ਨੂੰ 'ਮੈਂ' ਕਹਿੰਦੇ ਨੇ।

ਇਕ ਇਸ ਦੇ ਵਿਚ ਮਮਤਾ ਹੈ, 'ਮੇਰੀ' ਹੈ।

ਸੋ 'ਮੈ' ਤੇ 'ਮੇਰੀ' ਨੇ ਇਸ ਨੂੰ ਫਸਾਇਆ ਹੋਇਆ ਹੈ। ਹੈ ਤਾਂ ਇਹ ਪ੍ਰਭੂ ਜੋਤ। ਜਿੰਨੇ ਤੁਸੀਂ ਬੈਠੇ ਹੋ ਸਾਰਿਆਂ ਵਿਚ ਇਕੋ ਹੀ ਜੋਤੀ ਹੈ, ਇਕੋ ਸ਼ਬਦ ਹੈ। ਕਿਸੇ ਵਿਚ ਘੱਟ ਨਹੀਂ ਹੈ ਕਿਸੇ ਵਿਚ ਵੱਧ ਨਹੀਂ ਹੈ।

***ਹਸਤਿ ਕੀਟ ਕੇ ਬੀਚ ਸਮਾਨਾ॥***

ਹਾਥੀ ਵਿਚ ਤੇ ਕੀੜੀ ਵਿਚ ਇਕੋ ਸ਼ਬਦ ਵਰਤਦਾ ਹੈ, ਘਟ ਵਧ ਨਹੀਂ ਹੈ ਕਿਸੇ ਵਿਚ ਵੀ, ਲੇਕਿਨ 'ਹੰਗਤਾ' ਤੇ 'ਮਮਤਾ' ਨੇ ਸਾਨੂੰ ਘੱਟ ਵੱਧ ਕਰ ਦਿੱਤਾ। ਕੋਈ ਗਰੀਬ ਹੈ, ਕੋਈ ਅਮੀਰ ਹੈ, ਕੋਈ ਪੁੰਨੀ ਹੈ, ਕੋਈ ਪਾਪੀ ਹੈ, ਕੋਈ ਪੂਜਯ ਹੈ, ਕੋਈ ਨਫਰਤਯੋਗ ਹੈ। ਹੈ ਇਕੋ ਹੀ ਜੋਤ। ਇਹ ਇਸ ਚੀਜ਼ ਨੇ ਖਰਾਬ ਕਰ ਦਿੱਤੇ ਜਿਸ ਨੂੰ 'ਹੰਗਤਾ' ਤੇ 'ਮਮਤਾ' ਕਹਿੰਦੇ ਨੇ। 'ਹੰਗਤਾ' ਹੁੰਦਾ ਹੈ 'ਮੈਂ', ਜਿੰਨੀ 'ਮੈਂ' ਓਨਾ ਹੀ ਉਸ ਦੇ ਵਿਚ ਵਿਕਾਰਾਂ ਦਾ ਖਜ਼ਾਨਾ ਹੁੰਦਾ ਹੈ। 'ਮੈਂ' ਨੂੰ ਦੁਖ ਲਗਦਾ ਹੈ, ਮੈਂ ਦੀ insult (ਬੇਇਜ਼ਤੀ) ਹੁੰਦੀ ਹੈ, ਕੋਈ ਮਾੜਾ ਅੱਖਰ ਬੋਲ ਦੇਵੇ ਤਾਂ 'ਮੈਂ' ਗੁੱਸੇ ਹੋ ਜਾਂਦੀ ਹੈ। 'ਮੈਂ' ਨੂੰ ਘਾਟਾ ਪੈਂਦਾ ਹੈ; 'ਮੈਂ' ਮਰਦੀ ਹੈ, 'ਮੈਂ' ਹੀ ਜੰਮਦੀ ਹੈ। ਮਹਾਰਾਜ ਜੀ ਕਹਿੰਦੇ ਜਿੰਨਾ ਚਿਰ ਤੇਰੇ ਵਿਚ 'ਮੈਂ' ਹੈ –

***ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥***
***ਪੰਨਾ – 466***

ਆਹ ਜਿਹੜੀ ਤੂੰ ਆਪਣੀ ਹੋਂਦ ਸਮਝਦਾ ਹੈਂ ਕਿ 'ਮੈਂ' ਹਾਂ ਤੇ ਇਹ 'ਮੈਂ' ਹੀ ਕਰਮ ਕਰਦੀ ਹੈ ਫੇਰ –

***ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥***
***ਪੰਨਾ – 466***

ਇਹ ਫੇਰ ਹਉਮੈ ਦੇ ਬੰਧਨ ਪੈ ਜਾਂਦੇ ਨੇ ਤੇ ਫੇਰ ਜੰਮਦਾ ਹੈ ਤੇ ਮਰਦਾ ਹੈ। ਸੋ ਇਹ ਚੀਜ਼ ਜਿਹੜੀ ਹੈ ਇਹ ਫਾਲਤੂ ਹੈ। ਵਾਹਿਗੁਰੂ ਨੇ ਨਹੀਂ ਸੀ ਇਹ ਦਿੱਤੀ। ਇਹ ਤਾਂ ਜਦੋਂ ਸੰਸਾਰ ਦੀ ਰਚਨਾ ਸ਼ਬਦ ਨਾਲ ਹੋਈ –

***ਓਅੰਕਾਰਿ ਬ੍ਰਹਮਾ ਉਤਪਤਿ॥***
***ਓਅੰਕਾਰੁ ਕੀਆ ਜਿਨਿ ਚਿਤਿ॥ ਪੰਨਾ – 929***

ਜਦੋਂ ਇਸ ਸ੍ਰਿਸ਼ਟੀ ਦਾ ਵਜੂਦ ਕਾਇਮ ਹੋਇਆ – ਸ਼ਬਦ ਤੋਂ, ਓਸ ਵੇਲੇ ਇਸ ਦੇ ਵਿਚ awareness (ਚੇਤੰਨਤਾ) ਆ ਗਈ। ਜਿਸ ਨੂੰ ਮਹਾਰਾਜ ਜੀ ਕਹਿੰਦੇ ਚਿਤ ਹੋਇਆ। ਚਿਤ ਆਉਂਦੀ ਸਾਰ ਹੀ ਪਰਮ ਜੋਤ ਨੂੰ ਤਾਂ ਪਛਾਣਿਆ ਨਾ, ਆਪਣੇ ਆਪ ਦਾ ਇਸ ਨੂੰ ਪਤਾ ਲੱਗ ਗਿਆ ਕਿ ਮੈਂ ਕੁਝ ਹਾਂ। ਉਹ 'ਮੈਂ' ਸਰੀਰ ਦੇ ਨਾਲ ਰਲ ਕੇ ਇਸ ਨੂੰ ਖਰਾਬ ਕਰਦੀ ਤੁਰੀ ਜਾ ਰਹੀ ਹੈ ਤੇ 'ਮੈਂ' ਦਾ ਜਿੰਨਾ ਚਿਰ ਅਭਾਵ ਨਹੀਂ ਹੁੰਦਾ, ਓਨਾ ਚਿਰ ਇਹ ਜੰਮਣ ਮਰਨ ਤੋਂ ਨਹੀਂ ਛੁਟਦਾ। ਸੋ 'ਮੈਂ' ਦੇ ਹੀ ਝਗੜੇ ਨੇ ਜਿੰਨੇ ਸੰਸਾਰ ਵਿਚ ਪਏ ਹੋਏ ਨੇ। ਜਦੋਂ ਤੱਕ 'ਮੈਂ' ਹੈ, ਝਗੜਾ ਕਾਇਮ ਹੈ। ਜਦੋਂ ਤੱਕ ਹਉਮੈ ਹੈ, ਓਨਾ ਚਿਰ ਜੰਮਣਾ ਮਰਨਾ ਪੂਰੀ ਤਰ੍ਹਾਂ ਦੇ ਨਾਲ ਗਲ ਪਿਆ ਹੋਇਆ ਹੈ ਜਦੋਂ 'ਮੈਂ' ਮਰ ਗਈ ਉਸੇ ਵੇਲੇ ਜੰਮਣਾ ਮਰਨਾ ਖਤਮ ਹੋ ਜਾਏਗਾ ਕਿਉਂਕਿ ਪ੍ਰਮੇਸ਼ਰ ਵਿਚ ਤੇ ਸਾਡੇ ਵਿਚ ਕੇਵਲ 'ਮੈਂ' ਦਾ ਪੜਦਾ ਹੈ –

***ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ॥***
***ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ॥***
***ਪੰਨਾ – 624***

ਇਸੇ ਨੇ ਸਾਨੂੰ ਪ੍ਰਮੇਸ਼ਰ ਨਾਲੋਂ ਵਿਛੋੜਿਆ ਹੋਇਆ ਹੈ। ਦੂਜਾ ਸਾਡੇ ਗਲ ਸੰਗਲ ਪਿਆ ਹੋਇਆ ਹੈ 'ਮਮਤਾ' ਦਾ। ਮਮਤਾ ਦੇ ਨਾਲ ਹੀ ਪਰਿਵਾਰ ਹੈ, ਜਾਇਦਾਦ ਹੈ। ਮਮਤਾ ਦੇ

ਨਾਲ ਹੀ ਆਪਣੇ ਆਪ ਨੂੰ ਸਰੀਰ ਸਮਝਣਾ ਹੈ ਤੇ ਸਰੀਰ ਦੇ ਨਾਲ ਹੀ ਜਾਇਦਾਦ ਹੈ। ਸੋ ਇਨ੍ਹਾਂ ਦੋਹਾਂ ਚੀਜ਼ਾਂ ਨੂੰ ਮਾਰਨਾ ਪੈਂਦਾ ਹੈ। ਜਦੋਂ ਤੱਕ ਇਹ ਦੋ ਨਹੀਂ ਮਰਦੀਆਂ, ਉਦੋਂ ਤੱਕ ਇਹ ਮੁਰੀਦ ਨਹੀਂ ਹੁੰਦਾ –

***ਮੁਰਦਾ ਹੋਇ ਮੁਰੀਦ ਸੋ ਗੁਰ ਗੋਰਿ ਸਮਾਵੈ।***
***ਭਾਈ ਗੁਰਦਾਸ ਜੀ ਦੀ ਵਾਰ 9/22***

'ਸੋ' ਕਹਿ ਦਿੱਤਾ ਇਥੇ। ਬਾਕੀ ਮੁਰੀਦ ਨਹੀਂ ਹਨ, ਬਾਕੀ ਤਾਂ ਉਮੀਦਵਾਰ ਨੇ, ਮੁਰੀਦ ਨਹੀਂ ਅਜੇ ਬਣ ਸਕੇ। ਹੁਣ ਗੁਰੂ ਦੇ ਨਾਲ ਐਨਾ ਸਮਾਅ ਜਾਵੇ, ਤੁਸੀਂ ਦੋ ਵਾਜੇ ਵਜਦੇ ਦੇਖੋ ਕਦੇ – ਹਾਰਮੋਨੀਅਮ, ਉਨ੍ਹਾਂ ਦੋਹਾਂ ਦੀ ਸੁਰ ਇਕ ਹੁੰਦੀ ਹੈ, ਦੋ ਬੀਨਾਂ ਦੀ ਸੁਰ ਵੀ ਇਕ ਹੁੰਦੀ ਹੈ। ਦੋ ਬੰਸਰੀਆਂ ਵਜਦੀਆਂ ਹੋਣ, ਦੋਹਾਂ ਦੀ ਸੁਰ ਇਕ ਹੋਏਗੀ, ਦੋ ਤਬਲੇ ਵਜਦੇ ਹੋਣ, ਜੇ ਦੋਹਾਂ ਦੀ ਸੁਰ ਇਕ ਹੋਵੇ ਉਦੋਂ ਤੱਕ ਤਾਂ ਤਾਲ ਹੈ, ਜੇ ਸੁਰਾਂ ਨਿਖੜਵੀਆਂ ਹੋਣ, ਫੇਰ ਗਲਤ ਹੈ। ਜਦੋਂ ਸੰਗਤ ਸਾਰੀ ਬੋਲਦੀ ਹੈ, ਇਕ ਬੰਦਾ ਬੇਸੁਰਾ ਹੋਵੇ, ਉਹ ਵੱਖਰਾ ਨਜ਼ਰ ਆਉਂਦਾ ਹੈ, ਬਾਕੀ ਸਾਰੇ ਸਮਾਏ ਹੋਏ ਨੇ। ਸੋ ਇਸੇ ਤਰ੍ਹਾਂ ਦੇ ਨਾਲ ਆਪਣੀ ਸਾਰੀ 'ਮੈਂ' ਤੇ 'ਮੇਰੀ' ਨੂੰ ਮਾਰ ਕੇ ਗੁਰੂ ਦੇ ਵਿਚ ਸਮਾਅ ਜਾਵੇ, 'ਗੋਰ' ਅਰਥਾਤ 'ਕਬਰ' ਲਿਖਿਆ ਹੈ, ਗੁਰੂ ਦੀ ਕਬਰ ਵਿਚ, ਗੁਰੂ ਦੇ ਹਿਰਦੇ ਵਿਚ ਸਮਾਅ ਜਾਏਗਾ। ਫੇਰ ਉਹ ਕਰੇ ਕੀ? ਕਹਿੰਦੇ –

***ਸਬਦ ਸੁਰਤਿ ਲਿਵ ਲੀਣੁ ਹੋਇ ਓਹੁ ਆਪਿ ਗਵਾਵੈ॥***
***ਭਾਈ ਗੁਰਦਾਸ ਜੀ ਦੀ ਵਾਰ 9/22***

ਸਾਡਾ 'ਸਬਦ' ਤੇ 'ਸੁਰਤਿ' ਦਾ ਮਾਰਗ ਹੈ –

***ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥***
***ਪੰਨਾ – 938***

'ਸਬਦ' ਬਾਰੇ ਸਾਨੂੰ ਪਤਾ ਨਹੀਂ ਲਗਦਾ ਕਿ 'ਸਬਦ' ਕੀ ਹੈ? ਅਸੀਂ ਸਮਾਈਏ ਕਿਵੇਂ? ਜਦੋਂ ਤੱਕ ਗੁਰੂ ਦੀ ਸ਼ਰਨ ਨਹੀਂ ਲੈਂਦੇ ਉਦੋਂ ਤੱਕ 'ਸਬਦ' ਪ੍ਰਾਪਤ ਨਹੀਂ ਹੁੰਦਾ। ਗੁਰੂ ਪੂਰਾ ਹੋਵੇ ਤਾਂ 'ਸਬਦ' ਚੱਲ ਪੈਂਦਾ ਹੈ, ਨਾ ਪੂਰਾ ਹੋਵੇ ਤਾਂ 'ਸਬਦ' ਦੀ ਸੰਭਾਲ ਨਹੀਂ ਹੁੰਦੀ। ਗੁਰੂ ਘਰ ਦੇ ਅੰਦਰ ਪੰਜ ਪਿਆਰੇ 'ਸਬਦ' ਦੀ ਦਾਤ ਦਿੰਦੇ ਨੇ। ਇਸ ਨੂੰ 'ਗੁਰ ਸਬਦ' ਕਹਿੰਦੇ ਨੇ, 'ਗੁਰ ਮੰਤ੍ਰ' ਕਹਿੰਦੇ ਨੇ। ਜੋ ਗੁਰੂ ਦਿੰਦਾ ਹੈ ਉਹ 'ਗੁਰ ਸਬਦ' ਹੈ। ਬਾਰ-ਬਾਰ ਗੁਰੂ ਗ੍ਰੰਥ ਸਾਹਿਬ ਵਿਚ ਆਉਂਦਾ ਹੈ 'ਗੁਰੂ ਸ਼ਬਦ' ਦੇ ਬਾਰੇ, 'ਗੁਰ ਮੰਤ੍ਰ' ਬਾਰੇ। ਉਸ ਮੰਤਰ ਦੇ ਨਾਲ ਅਸੀਂ ਅੰਦਰਲੇ ਸ਼ਬਦ ਵਿਚ ਲੀਨ ਹੋਣਾ ਹੈ, ਸੁਰਤ ਨੂੰ ਫੜਨਾ ਹੈ ਅਸੀਂ ਅੰਦਰੋਂ। ਜੇ ਸ਼ਬਦ ਜੀਭ ਦੇ ਉੱਤੇ ਚਲਦਾ ਹੈ ਤੇ ਸੁਰਤ ਨਹੀਂ ਫੜੀ ਗਈ ਅਜੇ ਤਾਂ ਅਜੇ ਲਿਵਲੀਨਤਾ ਦੀ ਅਵਸਥਾ ਨਹੀਂ ਆਈ। ਹੌਲੀ-ਹੌਲੀ ਚੜ੍ਹਦੇ-ਚੜ੍ਹਦੇ ਜਿਥੇ 'ਆਗਿਆ ਚੱਕਰ' ਹੈ, ਦੋਏ ਅੱਖਾਂ ਤੇ ਨੱਕ ਦੀ ਜੜ੍ਹ ਵਿਚ ਜਦੋਂ ਗੁਰਸਿੱਖ ਦੀ ਬਿਰਤੀ ਪਹੁੰਚ ਜਾਂਦੀ ਹੈ ਤਾਂ ਇਥੇ ਆ ਕੇ ਉਹ ਸ਼ਬਦ, ਧੁਨ ਬਣ ਜਾਂਦਾ ਹੈ। ਉਹ ਧੁਨ ਹੀ ਅਸਲੀ ਚੀਜ਼ ਹੈ –

***ਪ੍ਰਥਮ ਓਅੰਕਾਰ ਤਿਨ ਕਹਾ॥***
***ਸੋ ਧੁਨ ਪੂਰ ਜਗਤ ਮੋ ਰਹਾ॥***

ਗੁਰੂ ਦਸਵੇਂ ਪਾਤਿਸ਼ਾਹ ਲਿਖਦੇ ਨੇ ਕਿ ਸਾਰਿਆਂ ਤੋਂ ਪਹਿਲਾਂ ਨਿਰੰਕਾਰ ਤੋਂ ਏਕੰਕਾਰ ਹੋ ਕੇ, ਏਕੰਕਾਰ ਜੀ ਨੇ ਇਕ ਸ਼ਬਦ ਦਾ ਉਚਾਰਨ ਕੀਤਾ ਜਿਸ ਨੂੰ ਓਅੰਕਾਰ ਕਹਿੰਦੇ ਨੇ, ਉਸ ਨੇ ਸਾਰਿਆਂ ਤੋਂ ਪਹਿਲਾਂ 'ਓਅੰਕਾਰ' ਦੀ ਆਵਾਜ਼ ਦਿੱਤੀ। ਕਿੱਡੀ ਤਕੜੀ ਹੋਏਗੀ ਪ੍ਰਮੇਸ਼ਰ ਦੀ ਅਵਾਜ਼ –

***ਕੀਤਾ ਪਸਾਉ ਏਕੋ ਕਵਾਉ॥ ਪੰਨਾ – 3***

ਇਸ ਨੂੰ 'ਕਵਾਉ' ਵੀ ਕਹਿੰਦੇ ਨੇ –

***ਏਕ ਕਵਾਵੈ ਤੇ ਸਭਿ ਹੋਆ॥ ਪੰਨਾ – 1003***

ਸਾਰੇ ਸੰਸਾਰ ਦੀ ਰਚਨਾ ਇਕ ਸ਼ਬਦ ਤੋਂ ਹੋਈ ਹੈ –

***ਉਤਪਤਿ ਪਰਲਉ ਸਬਦੇ ਹੋਵੈ॥***
***ਸਬਦੇ ਹੀ ਫਿਰਿ ਓਪਤਿ ਹੋਵੈ॥ ਪੰਨਾ – 117***

ਦਿਨ ਰਾਤ ਸਭ ਸਬਦ ਤੋਂ ਹੋ ਗਏ। ਇਹ ਗੱਲ ਸਾਡੇ ਆਮ ਸਧਾਰਨ ਮਨਾਂ ਦੇ ਸਮਝ 'ਚ ਆਉਣ ਵਾਲੀ ਨਹੀਂ ਹੈ ਪਰ ਸਾਇੰਸ ਬਹੁਤ ਨੇੜੇ ਪਹੁੰਚ ਗਈ। ਉਹ ਕਹਿੰਦੇ ਸਾਰੀ ਰਚਨਾ Big bang (ਵੱਡਾ ਧਮਾਕਾ ਜਿਸ ਨਾਲ ਸ੍ਰਿਸ਼ਟੀ ਬਣੀ) 'ਚੋਂ ਹੋਈ ਹੈ। big bang ਕਹਿੰਦੇ ਨੇ ਵੱਡਾ ਧਮਾਕਾ ਹੋਇਆ ਹੈ ਕੋਈ, ਅਵਾਜ਼ ਆਈ ਹੈ ਕਿਸੇ ਪਾਸਿਓਂ। ਅਵਾਜ਼ ਕਿਥੋਂ ਆਈ, ਇਸ ਗੱਲ ਦਾ ਸਾਇੰਸ ਨੂੰ ਪਤਾ ਨਹੀਂ ਲਗਦਾ ਕਿਉਂਕਿ ਪ੍ਰਾਕ੍ਰਿਤਿਕ ਸੰਦ (ਔਜ਼ਾਰ) ਨੇ ਉਸ ਦੇ ਕੋਲ, ਜਿਹੜੇ ਪ੍ਰਾਕਿਰਤੀ ਦੀ ਹੱਦ ਤੱਕ ਤਾਂ ਜਾ ਸਕਦੇ ਨੇ, ਜਿਥੇ ਪ੍ਰਾਕਿਰਤੀ ਨਹੀਂ ਹੈ, ਕੇਵਲ ਚੇਤਨ ਹੈ, ਉਸ ਦੇ ਬਾਰੇ ਸਾਇੰਸ ਨਹੀਂ ਜਾਣ ਸਕਦੀ। ਲੇਕਿਨ ਇਸ ਨੂੰ ਪਤਾ ਲੱਗ ਗਿਆ ਕਿ ਇਕ ਸ਼ਬਦ ਹੋਇਆ ਤੇ ਉਹ ਸ਼ਬਦ ਫੈਲਿਆ, ਜਿਥੇ-ਜਿਥੇ ਫੈਲਦਾ ਗਿਆ ਉਥੇ-ਉਥੇ ਰਚਨਾ ਹੁੰਦੀ ਗਈ ਤੇ ਉਸ ਸ਼ਬਦ ਨੇ ਹੀ ਸਾਰੇ ਸੰਸਾਰ ਨੂੰ ਧਾਰਨ ਕੀਤਾ ਹੋਇਆ ਹੈ –

***ਨਾਮ ਕੇ ਧਾਰੇ ਸਗਲੇ ਜੰਤ॥***
***ਨਾਮ ਕੇ ਧਾਰੇ ਖੰਡ ਬ੍ਰਹਮੰਡ॥ ਪੰਨਾ – 284***

ਸੋ ਮਹਾਰਾਜ ਜੀ ਕਹਿੰਦੇ –

***ਪ੍ਰਥਮ ਓਅੰਕਾਰ ਤਿਨ ਕਹਾ॥***
***ਸੋ ਧੁਨ ਪੂਰ ਜਗਤ ਮੋ ਰਹਾ॥***

ਸਾਰਿਆਂ ਤੋਂ ਪਹਿਲਾਂ ਓਅੰਕਾਰ ਦੀ ਅਵਾਜ਼ ਹੋਈ।

ਉਹ ਧੁਨੀ ਸਾਰੇ ਸੰਸਾਰ ਦੇ ਅੰਦਰ ਪੂਰਨ ਰੂਪ ਵਿਚ ਹੁਣ ਵੀ ਕਾਇਮ ਹੈ। ਕਿਉਂਕਿ ਸ਼ਬਦ ਦਾ ਇਹ ਹੈ ਕਿ ਜਦੋਂ ਅਕਾਸ਼ ਵਿਚ ਦਾਖਲ ਹੋ ਜਾਂਦਾ ਹੈ ਇਹ ਫੇਰ ਮਰਦਾ ਨਹੀਂ ਹੈ, ਇਹ ਤੁਰਿਆ ਹੀ ਜਾਂਦਾ ਹੈ, ਅਵਾਜ਼ ਇਸ ਵਿਚ ਮੱਧਮ ਪੈ ਜਾਂਦੀ ਹੈ ਪਰ ਦਿਬਯ ਸ਼ਬਦ ਜੋ ਹੈ ਉਸ ਦੀ ਆਵਾਜ਼ ਮੱਧਮ ਨਹੀਂ ਪੈਂਦੀ, ਉਹ ਸਾਰੀ ਪ੍ਰਾਕਿਰਤੀ ਦੇ ਅੰਦਰ ਸਮਾਇਆ ਹੋਇਆ ਹੈ, ਸਾਡੇ ਅੰਦਰ ਵੀ ਸਮਾਇਆ ਹੋਇਆ ਹੈ। ਉਸ ਸ਼ਬਦ ਨੂੰ ਅਸੀਂ ਅੰਦਰੋਂ ਖੋਜਣਾ ਹੈ, ਉਸੇ ਨੂੰ ਏਕ ਸ਼ਬਦ ਕਹਿੰਦੇ ਨੇ –

***ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ॥***
***ਪੰਨਾ – 795***

ਸਿਧਾਂ ਨੇ ਪੁਛਿਆ ਸੀ, ਹੇ ਗੁਰੂ ਨਾਨਕ! ਇਹ ਤਾਂ ਦੱਸ ਜਿਹੜਾ ਸ਼ਬਦ ਹੋਇਆ –

***ਸੋ ਸਬਦ ਕਾ ਕਹਾ ਬਾਸ ਕਥੀਅਲੇ॥***

ਉਹ ਕਿਥੇ ਰਹਿੰਦਾ ਸੀ ਪਹਿਲਾਂ – ਏਕੰਕਾਰ ਦੇ ਅੰਦਰ? ਮਹਾਰਾਜ ਜੀ ਕਹਿੰਦੇ ਕਿ ਉਹ ਸੁੰਨ ਵਿਚ ਰਹਿੰਦਾ ਸੀ, ਅਫੁਰ ਅਵਸਥਾ ਵਿਚ ਉਸ ਦਾ ਟਿਕਾਣਾ ਸੀ। ਆਪੇ ਹੀ ਨਿਰੰਕਾਰ ਨਿਰਗੁਣ ਹੈ ਤੇ ਆਪੇ ਹੀ ਸਰਗੁਣ ਹੈ –

***ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ॥***
***ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ॥***
***ਪੰਨਾ – 290***

ਉਸ ਸ਼ਬਦ ਦੇ ਵਿਚ ਅਸੀਂ ਲਿਵ ਲਾਉਣੀ ਹੈ। ਪਹਿਲਾਂ ਤਾਂ ਇਹ 'ਗੁਰੂ ਸ਼ਬਦ' ਹੈ। ਗੁਰੂ ਸ਼ਬਦ ਦੇ ਵਿਚ ਜਦੋਂ ਤੁਸੀਂ ਇਕਾਗਰ ਚਿਤ ਹੋਣਾ ਹੈ, ਮਿਹਨਤ ਕਰਨੀ ਹੈ। ਐਵੇਂ ਤਾਂ ਨਹੀਂ ਲਗਦੀ ਸਾਧ ਸੰਗਤ ਜੀ! ਬਿਲਕੁਲ ਹੀ ਖਿਆਲ ਛੱਡ ਦਿਓ ਇਸ ਗੱਲ ਦਾ, ਇਹ ਤਾਂ ਗੁਰੂ ਕਿਰਪਾ ਹੀ ਕਿਸੇ ਤੇ ਬਹੁਤ ਜ਼ਿਆਦਾ ਹੋ ਜਾਵੇ ਜਾਂ ਪਿਛਲੇ ਜਨਮਾਂ ਦੀ ਕਮਾਈ ਬਹੁਤ ਜਬਰਦਸਤ ਹੋਵੇ ਫੇਰ ਤਾਂ ਸ਼ਬਦ ਲੱਭ ਜਾਂਦਾ ਹੈ ਛੇਤੀ, ਨਹੀਂ ਤਾਂ ਹਜ਼ਾਰਾਂ ਹੀ ਆਵਾਜ਼ਾਂ ਨੇ ਸਾਡੇ ਅੰਦਰ, ਉਨ੍ਹਾਂ ਦੇ ਵਿਚੋਂ ਉਸ ਸ਼ਬਦ ਨੂੰ ਲੱਭਣਾ ਬਹੁਤ ਹੀ ਇਕਾਗਰਤਾ ਦੀ ਬਾਤ ਹੈ। ਚਿਤ ਇਕਾਗਰ ਹੋਵੇ ਤੇ ਫੁਰਨਾ ਕੋਈ ਨਾ ਹੋਵੇ, ਸੂਖਸ਼ਮ ਤੋਂ ਸੂਖਸ਼ਮ ਹੁੰਦਾ ਜਾਵੇ, ਸਰੀਰ ਵੀ ਭੁੱਲ ਜਾਵੇ, ਸੁਆਸ ਵੀ ਭੁੱਲ ਜਾਵੇ ਫੇਰ ਕਿਤੇ ਉਸ ਸ਼ਬਦ ਦੀ ਸੋਝੀ ਆਉਂਦੀ ਹੈ। ਉਸ ਸ਼ਬਦ ਤੱਕ ਜਾਣ ਵਾਸਤੇ ਪੰਜ ਸਵਾਰੀਆਂ ਨੇ ਰਾਹ ਵਿਚ, ਤੇ ਬਦਲਦੇ ਜਾਂਦੇ ਨੇ; ਉਨ੍ਹਾਂ ਨੂੰ 'ਪੰਚ ਸ਼ਬਦ' ਕਹਿੰਦੇ ਨੇ, ਉਨ੍ਹਾਂ ਦੇ ਸਿਰੇ ਤੇ ਉਹ ਸ਼ਬਦ ਹੈ। ਸੋ ਮਹਾਰਾਜ ਜੀ ਕਹਿੰਦੇ, ਉਸ ਦੇ ਨਾਲ ਲਿਵ ਲਾ –

***ਸਬਦ ਸੁਰਤਿ ਲਿਵ ਲੀਣੁ ਹੋਇ..........॥***
***ਭਾਈ ਗੁਰਦਾਸ ਜੀ ਦੀ ਵਾਰ 9/22***

ਜਦੋਂ ਉਹ ਸ਼ਬਦ ਲੱਭ ਜਾਏਗਾ, ਪਹਿਲਾਂ ਹੇਠਲੇ ਵੀ ਲੱਭ ਜਾਣ। ਜੇ ਨਾਮ ਦੀ ਵੀ ਧੁਨ ਬਣ ਜਾਵੇ ਤਾਂ ਵੀ ਲਿਵਲੀਨ ਹੋ ਜਾਂਦਾ ਹੈ, ਫੁਰਨਾ ਮਰ ਜਾਂਦਾ ਹੈ ਪਰ ਇਸ ਨਾਮ ਨੇ, ਗੁਰੂ ਦੇ ਸ਼ਬਦ ਨੇ ਸਾਨੂੰ ਉਸ ਸ਼ਬਦ ਵਿਚ ਪਹੁੰਚਾ ਦੇਣਾ ਹੈ ਜਿਸ ਨੂੰ 'ਆਦਿ ਸ਼ਬਦ' ਕਹਿੰਦੇ ਨੇ –

***ਓਅੰ ਆਦਿ ਕਥਨੀ ਅਨਾਦਿ॥***

ਜਿਸ ਨੂੰ ਗੁਰੂ ਨਾਨਕ ਪਾਤਿਸ਼ਾਹ ਨੇ ਏਕੰਕਾਰ ਤੋਂ ਬਾਅਦ ਲਿਖਿਆ ਹੈ। ਇਕ ਓਅੰਕਾਰ (ੴ) ਦੋਵੇਂ ਇਕੱਠੇ ਕਰ ਦਿੱਤੇ ਕਿ ਐਂ ਫਰਕ ਨਾ ਸਮਝ ਲਿਓ ਕਿ ਏਕੰਕਾਰ ਹੋਰ ਹੈ ਤੇ ਸ਼ਬਦ ਹੋਰ ਹੈ। ਉਹ ਇਕੋ ਹੀ ਹੈ, ਉਸ ਤੋਂ ਹੀ ਸਾਰਾ ਪਸਾਰਾ ਹੋਇਆ ਹੈ।

***ਓਅੰਕਾਰਿ ਸੈਲ ਜੁਗ ਭਏ॥***
***ਓਅੰਕਾਰਿ ਬੇਦ ਨਿਰਮਏ॥ ਪੰਨਾ – 929***

ਆਹ ਜਿਹੜਾ ਗਿਆਨ ਹੈ ਇਹ ਸਾਰਾ ਉਸ ਸ਼ਬਦ 'ਚੋਂ ਪੈਦਾ ਹੋਇਆ ਹੈ, ਉਸ ਦੇ ਵਿਚੋਂ ਹੀ ਆਹ ਸੈਲ ਗਿਰ, ਪਹਾੜ, ਪੱਥਰ, ਮਾਦਾ ਆਦਿ ਸਾਰਾ ਉਸ ਦੇ ਵਿਚੋਂ ਹੀ ਹੋਇਆ ਹੈ। ਸੋ ਓਸ ਸ਼ਬਦ ਦੇ ਅੰਦਰ ਜਦੋਂ ਸਾਡੀ ਸੁਰਤ ਲਿਵਲੀਨ ਹੁੰਦੀ ਹੈ, ਇਹ ਓਸ ਗੁਰਸਿੱਖ ਬਾਰੇ ਗੱਲ ਕਰ ਰਹੇ ਨੇ ਜੋ ਸਿੱਖੀ ਦੀ ਪਦਵੀ ਤੇ ਪਹੁੰਚਿਆ ਹੋਇਆ ਹੈ –

***ਸਬਦ ਸੁਰਤਿ ਲਿਵ ਲੀਣੁ ਹੋਇ ਓਹੁ ਆਪੁ ਗਵਾਵੈ॥***
***ਭਾਈ ਗੁਰਦਾਸ ਜੀ ਦੀ ਵਾਰ 9/22***

ਫੇਰ ਕੀ ਹੋਏਗਾ? ਉਸ ਦੇ ਵਿਚੋਂ 'ਮੈਂ' ਤਾਂ ਮਰ ਹੀ ਜਾਣੀ ਹੈ ਕਿਉਂਕਿ –

***ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥***
***ਪੰਨਾ – 560***

ਜਾਂ 'ਹਉਮੈ' ਹੋਏਗੀ ਜਾਂ 'ਨਾਮ' ਹੋਏਗਾ। ਜਿੰਨਾ ਚਿਰ 'ਮੈਂ' ਹੈ ਓਨਾ ਚਿਰ 'ਨਾਮ' ਨਹੀਂ ਹੈ, ਜਦੋਂ ਨਾਮ ਆ ਗਿਆ ਫੇਰ 'ਮੈਂ' ਖਤਮ ਹੋ ਜਾਂਦੀ ਹੈ। ਫੇਰ ਕਹਿੰਦੇ –

***ਤਨ ਧਰਤੀ ਕਰਿ ਧਰਮਸਾਲ ...............॥***
***ਭਾਈ ਗੁਰਦਾਸ ਜੀ ਦੀ ਵਾਰ 9/22***

ਤਨ ਦੀ ਧਰਤੀ ਬਣਾ ਦੇ ਤੇ ਇਸ ਨੂੰ ਧਰਮਸਾਲ ਬਣਾ ਲੈ, ਆਪਾ ਗੁਆ ਦੇ, ਧਰਮਸਾਲ ਦੇ ਵਿਚ ਤਾਂ ਧਰਮ ਬੀਜਿਆ ਜਾਂਦਾ ਹੈ। ਸੋ ਉਸ ਤਨ ਦੇ ਵਿਚ, ਕਿਰਸਾਣੀ ਕਰ–

***ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥***
***ਪੰਨਾ – 595***

ਏਥੇ ਤਨ ਨੂੰ ਖੇਤ ਕਿਹਾ ਹੈ, ਇਥੇ ਭਾਈ ਗੁਰਦਾਸ ਜੀ ਨੇ ਤਨ ਨੂੰ ਧਰਮਸਾਲ ਕਿਹਾ ਹੈ। ਇਸ ਤਨ ਰੂਪੀ ਧਰਮਸਾਲਾ ਦੇ ਵਿਚ ਜਿਹਾ ਕੋਈ ਬੀਜੇਗਾ –

***ਸਤਿਗੁਰ ਪੁਰਖੁ ਅਗੰਮੁ ਹੈ, ਨਿਰਵੈਰੁ ਨਿਰਾਲਾ।***
***ਜਾਣਹੁ ਧਰਤੀ ਧਰਮ ਕੀ, ਸਚੀ ਧਰਮਸਾਲਾ।***
***ਭਾਈ ਗੁਰਦਾਸ ਜੀ ਦੀ ਵਾਰ 34/1***

ਇਹ ਧਰਮਸਾਲਾ ਹੈ, ਧਰਮ ਦੀ ਧਰਤੀ ਹੈ ਇਸ ਦੇ ਵਿਚ ਨਾਮ ਬੀਜ –

***............ ਮਨੁ ਦਬੁ ਵਿਛਾਵੈ॥***
***ਭਾਈ ਗੁਰਦਾਸ ਜੀ ਦੀ ਵਾਰ 9/22***

ਤੇ ਹੇਠਾਂ ਬੈਠਣ ਵਾਸਤੇ ਮਨ ਨੂੰ ਵਿਛਾ ਦੇ ਕਿਉਂਕਿ ਮਨ ਜੇ ਹੇਠਾਂ ਨਾ ਗਿਆ ਤਾਂ ਇਸ ਨੇ ਮਰਨਾ ਨਹੀਂ ਹੈ, ਇਸ ਤੇ ਤੱਤੇ ਠੰਡੇ ਦਾ ਅਸਰ ਹੋਣਾ ਹੈ। ਕਦੇ ਗੁਸੇ ਹੋ ਗਿਆ, ਕਦੇ ਰਾਜ਼ੀ ਹੋ ਗਿਆ, ਕਦੇ ਖੁਸ਼ ਹੋ ਗਿਆ, ਕਦੇ ਉਦਾਸ ਹੋ ਗਿਆ ਕਿਉਂਕਿ ਇਸ ਦੀ ਦੱਭ ਨਹੀਂ ਵਿਛਾਈ, ਨੀਵਾਂ ਨਹੀਂ ਕਰਿਆ –

***ਲਤਾਂ ਹੇਠਿ ਲਤਾੜੀਐ ਗੁਰ ਸਬਦੁ ਕਮਾਵੈ॥***
***ਭਾਈ ਗੁਰਦਾਸ ਜੀ ਦੀ ਵਾਰ 9/22***

ਤੇ ਕਹਿੰਦੇ ਲੱਤਾਂ ਦੇ ਹੇਠ ਲਿਤਾੜਿਆ ਜਾਂਦਾ ਹੈ, ਮਾਣ ਅਪਮਾਨ ਤੋਂ ਰਹਿਤ ਹੋ ਜਾਂਦਾ ਹੈ ਸਿੱਖ –

***ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ॥***
***ਪੰਨਾ – 528***

ਕਹੀ ਜਾਓ ਇਹ ਤੁਹਾਡਾ ਫਰਜ਼ ਹੈ, ਭਲਾ ਕਹੋ ਜਾਂ ਬੁਰਾ, ਮੈਂ ਤਾਂ ਇਹ ਕਹਿੰਦਾ ਹਾਂ ਕਿ –

***ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥***

***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ॥***
***ਪੰਨਾ - 1364***

ਉਹ ਲਤਾੜਿਆ ਜਾਂਦਾ ਹੈ। ਕੋਈ ਕੌੜਾ ਬਚਨ ਕਹਿੰਦਾ ਹੈ, ਕੋਈ ਉਪਮਾ ਕਰਦਾ ਹੈ, ਉਹ ਦੋਹਾਂ ਗੱਲਾਂ ਦੀ ਪਰਵਾਹ ਨਹੀਂ ਕਰਦਾ।

***ਲਤਾਂ ਹੇਠਿ ਲਤਾੜੀਐ ਗੁਰ ਸਬਦੁ ਕਮਾਵੈ॥***
***ਭਾਈ ਗੁਰਦਾਸ ਜੀ ਦੀ ਵਾਰ 9/22***

ਉਹ ਕਮਾਈ ਕਰਦਾ ਹੈ ਸ਼ਬਦ ਦੀ, ਉਸ ਨੂੰ ਹੋਰ ਕੋਈ ਮੰਤਵ ਹੁੰਦਾ ਹੀ ਨਹੀਂ - ਨਾ ਖਾਣ ਪੀਣ ਦਾ, ਨਾ ਉਸਤਤ ਦਾ, ਨਾ ਵਾਕਫੀਆਂ ਦਾ, ਉਹ ਤਾਂ ਗੁਰੂ ਦੇ ਸ਼ਬਦ ਦੀ ਕਮਾਈ ਕਰਦਾ ਹੈ। ਸਾਧ ਸੰਗਤ ਜੀ! ਗੁਰੂ ਦੇ ਸ਼ਬਦ ਦੀ ਕਮਾਈ ਕਰਨ ਵਾਸਤੇ ਇਕ ਜੀਵਨ ਬਹੁਤ ਥੋੜ੍ਹੀ ਚੀਜ਼ ਹੈ, ਸੈਂਕੜੇ ਜੀਵਨ ਬਾਰ-ਬਾਰ ਮਿਲਣ ਤਾਂ ਜਾ ਕੇ ਗੁਰੂ ਦੇ ਸ਼ਬਦ ਦੀ ਕਮਾਈ ਹੁੰਦੀ ਹੈ। ਸਭ ਤੋਂ ਔਖੀ ਚੀਜ਼ ਹੈ ਗੁਰੂ ਦੇ ਸ਼ਬਦ ਦੀ ਕਮਾਈ ਕਰਨੀ -

***ਭਾਇ ਭਗਤਿ ਨੀਵਾਣੁ ਹੋਇ ............॥***
***ਭਾਈ ਗੁਰਦਾਸ ਜੀ ਦੀ ਵਾਰ 9/22***

ਫੇਰ ਨੀਵਾਂ ਹੋ ਜਾਵੇ, ਪਿਆਰ ਉਸ ਦੇ ਹਿਰਦੇ ਵਿਚ ਪੈਦਾ ਹੋ ਜਾਵੇ। ਭਗਤੀ ਉਸ ਦੇ ਸਰੀਰ ਰਾਹੀਂ ਹੋਣੀ ਸ਼ੁਰੂ ਹੋ ਜਾਵੇ। ਇਹ ਨੌਂ ਤਰ੍ਹਾਂ ਦੀ ਭਗਤੀ ਹੁੰਦੀ ਹੈ - ਸਰਵਣ ਭਗਤੀ, ਕੀਰਤਨ ਭਗਤੀ, ਸਿਮਰਨ ਭਗਤੀ, ਨਮਸ਼ਕਾਰ ਭਗਤੀ, ਧਿਆਨ ਭਗਤੀ, ਪੂਜਾ ਭਗਤੀ ਆਦਿ। ਸਾਰੀਆਂ ਭਗਤੀਆਂ ਨੂੰ ਫਲ ਪ੍ਰੇਮਾ ਭਗਤੀ ਦਾ ਲਗਦਾ ਹੈ। ਪ੍ਰੇਮਾ ਭਗਤੀ ਜਦੋਂ ਆ ਜਾਏ, 'ਭਾਇ ਭਗਤਿ' ਜਦੋਂ ਆ ਜਾਵੇ, ਉਸ ਵੇਲੇ ਫੇਰ 'ਪਰਾ ਭਗਤੀ' ਹੁੰਦੀ ਹੈ। ਇਸ ਵਿਚ ਆਪਣਾ ਕੁਝ ਨਹੀਂ ਬਚਦਾ ਸਭ ਗੁਰੂ ਨੂੰ ਅਰਪਣ ਕਰ ਦਿੰਦਾ ਹੈ। ਜਦੋਂ ਇਸ ਤੋਂ ਵੀ ਉਪਰ ਲੰਘ ਜਾਂਦਾ ਹੈ ਤਾਂ ਆਪ ਬਿਲਕੁਲ ਗੁੰਮ ਹੋ ਜਾਂਦਾ ਹੈ ਤੇ ਹਰ ਪਾਸੇ ਇਸ ਨੂੰ ਪ੍ਰਮੇਸ਼ਰ ਨਿਰੰਕਾਰ ਹੀ ਨਜ਼ਰ ਆਉਂਦਾ ਹੈ, ਹੋਰ ਕੋਈ ਦੂਜਾ ਦਿਸਣ ਤੋਂ ਹਟ ਜਾਂਦਾ ਹੈ। ਸੋ -

***ਭਾਇ ਭਗਤਿ ਨੀਵਾਣੁ ਹੋਇ ਗੁਰਮਤਿ ਠਹਰਾਵੈ।***
***ਭਾਈ ਗੁਰਦਾਸ ਜੀ ਦੀ ਵਾਰ 9/22***

ਗੁਰੂ ਗ੍ਰੰਥ ਸਾਹਿਬ ਦੇ ਅੰਦਰ ਗੁਰੂ ਦੀ ਮੱਤ ਹੈ, ਸਾਡੇ ਅੰਦਰ ਤੇ ਹੋਰ ਸਾਰੀਆਂ ਕਿਤਾਬਾਂ ਦੇ ਅੰਦਰ 'ਮਨਮਤਿ' ਹੈ। 'ਮਨਮਤਿ' ਨੂੰ ਤਾਂ ਠਹਿਰਨ ਨਾ ਦੇਵੇ ਅੰਦਰ। ਬਹੁਤ ਸਾਰੇ ਪ੍ਰੇਮੀ ਮਨਮਤਿ ਨੇ ਮਾਰ ਲਏ। ਬੇਅੰਤ ਕਿਤਾਬਾਂ ਨੇ ਲਿਖੀਆਂ ਹੋਈਆਂ, ਲਿਖੀ ਹੀ ਜਾਂਦੇ ਨੇ, ਦਿਨ ਰਾਤ ਛਪੀ ਜਾਂਦੀਆਂ ਨੇ। ਕਿੰਨੀ ਕੁ ਗੁਰੂ ਦੀ ਮਤਿ ਦੇ ਨਾਲ ਰਲਦੀਆਂ ਨੇ, ਕਿੰਨੀਆਂ-ਕੁ ਮਨ ਦੀ ਮੱਤ ਦੇ ਨਾਲ ਰਲਦੀਆਂ ਨੇ? ਐਨਾ ਤਾਂ ਵਿਹਲ ਹੀ ਨਹੀਂ ਕਿਸੇ ਨੂੰ ਕਿ ਇਕੱਲੀ ਇਕੱਲੀ ਕਿਤਾਬ ਬਾਰੇ ਦੱਸ ਸਕੇ। ਪੜ੍ਹ ਲਓ, ਪੜ੍ਹਨ ਦਾ ਕੋਈ ਹਰਜ਼ ਨਹੀਂ ਪਰ ਮੱਤ ਠਹਿਰਨ ਨਾ ਦੇਵੇ ਅੰਦਰ, ਜੇ ਠਹਿਰਨੀ ਹੈ ਤਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਮੱਤ ਠਹਿਰੇ। ਸੋ ਏਸ ਤਰ੍ਹਾਂ -

***ਭਾਇ ਭਗਤਿ ਨੀਵਾਣੁ ਹੋਇ ਗੁਰਮਤਿ ਠਹਿਰਾਵੈ।***
***ਵਰਸੈ ਨਿਝਰ ਧਾਰ ਹੋਇ ਸੰਗਤਿ ਚਲਿ ਆਵੈ॥***
***ਭਾਈ ਗੁਰਦਾਸ ਜੀ ਦੀ ਵਾਰ 9/22***

ਸੰਗਤ ਵਿਚ ਚਲ ਕੇ ਆਵੇ ਤੇ ਇਥੇ ਫੇਰ ਬਰਸੇ, ਜਿਵੇਂ ਝੜੀ ਲਾ ਕੇ ਮੀਂਹ ਵਰਸਦਾ ਹੈ ਇਸ ਤਰ੍ਹਾਂ ਪ੍ਰੇਮ ਵਿਚ ਆ ਕੇ ਹਰੀ ਦੇ ਜਸ ਵਿਚ ਬਰਸੇ। ਸੋ ਉਸ ਦੇ ਅੰਦਰ ਪਰਉਪਕਾਰ, ਖਿਮਾ, ਧੀਰਜ, ਨਿਮਰਤਾ, ਪ੍ਰੇਮ, ਭਗਤੀ, ਸੰਕਲਪ ਵਿਕਲਪ ਤੇ ਵਾਸ਼ਨਾ ਰਹਿਤ ਹੋ ਜਾਂਦਾ ਹੈ, ਖੁਦੀ ਰਹਿਤ ਹੋ ਜਾਂਦਾ ਹੈ ਤੇ ਗੁਰੂ ਵਿਚ ਇਕ ਰਸ ਇਕ ਲਿਵਤਾਰ ਹੋ ਕੇ ਅਭੇਦ ਹੋ ਜਾਂਦਾ ਹੈ। ਫੇਰ ਉਸ ਨੂੰ ਅਭੇਦ ਗੁਰਸਿਖ ਕਹਿੰਦੇ ਨੇ, ਗੁਰੂ ਵਿਚ ਸਮਾਅ ਜਾਂਦਾ ਹੈ, ਗੁਰੂ ਸ਼ਬਦ ਦੀ ਲਿਵਤਾਰ ਦੇ ਵਿਚ ਆਪਾ ਗਵਾ ਦਿੰਦਾ ਹੈ, ਫੁਰਨੇ ਸਾਰੇ ਗੁਆ ਦਿੰਦਾ ਹੈ ਤੇ ਉਸੇ ਦਾ ਰੂਪ ਬਣ ਜਾਂਦਾ ਹੈ। ਸਾਧ ਸੰਗਤ ਵਿਚ ਆ ਕੇ ਤਨੋ ਮਨੋ ਨਿਰਮਾਣ ਸੇਵਾ ਕਰਦਾ ਹੈ, ਕੁਝ ਬਣ ਕੇ ਨਹੀਂ ਦਿਖਾਉਂਦਾ। ਜਿਹੜਾ ਸਾਧ ਸੰਗਤ ਵਿਚ ਆ ਕੇ ਸੇਵਾ ਵੀ ਕਰਦਾ ਹੈ ਤੇ ਕੁਝ ਬਣ ਕੇ ਵੀ ਦਿਖਾਵੇ ਤਾਂ ਮਹਾਰਾਜ ਜੀ ਕਹਿੰਦੇ, ਨਾ ਪ੍ਰੇਮੀਆ! ਤੇਰੀ ਸੇਵਾ ਥਾਂ ਨਹੀਂ ਪੈ ਰਹੀ, ਤੂੰ ਹੋਸ਼ ਵਿਚ ਆ, ਬਣ ਕੇ ਨਾ ਵਿਖਾਈ ਕੁਝ! ਸ਼ੁਕਰ ਵਿਚ ਰਹਿ ਕਿ ਹੇ ਪ੍ਰਭੂ! ਤੂੰ ਮੇਰੇ ਵਰਗੇ ਨੂੰ ਵੀ ਸੇਵਾ ਵਿਚ ਲਾ ਲਿਆ, ਫੇਰ ਤਾਂ ਸੇਵਾ ਥਾਂ ਪੈਂਦੀ ਹੈ; ਜੇ ਬਣ ਕੇ ਦਿਖਾ ਦਿੱਤਾ ਫੇਰ ਹਉਮੈ ਦਾ ਪਰਿਵਾਰ ਬਣ ਜਾਂਦਾ ਹੈ।

ਕਿਸੇ ਦੀ ਸੇਵਾ ਹਉਮੈ ਵਿਚ ਥਾਂ ਨਹੀਂ ਪਿਆ ਕਰਦੀ।

ਸ੍ਰੀ ਗੁਰੂ ਨਾਨਕ ਦੇਵ ਜੀ ਭਾਈ ਲਹਿਣਾ ਜੀ ਨੂੰ ਉਪਦੇਸ਼ ਦੇ ਰਹੇ ਹਨ।

ਸੋ ਉਸ ਦੇ ਵਿਚ ਕੁਝ ਬੋਲ ਕੁਬੋਲ ਦਾ ਗੁੱਸਾ ਨਾ ਕਰੇ, ਪ੍ਰੇਮਾ ਭਗਤੀ ਦੇ ਨਿਵਾਣਾਂ ਵਿਚ ਮਨ ਨੂੰ ਰੋਕੇ ਬੰਨ੍ਹ ਕੇ। ਸੋ ਜਦੋਂ ਗੁਰੂ ਦੀ ਗੋਰ ਵਿਚ ਸਮਾਅ ਜਾਂਦਾ ਹੈ ਫੇਰ ਉਸ ਦਾ ਵਰਤ ਵਰਤਾਰਾ ਸਾਰਾ ਹੀ ਗੁਰੂ ਦੇ ਨਾਲ ਜਿਵੇਂ ਸੁਰ ਦੇ ਨਾਲ ਸੁਰ ਰਲ ਜਾਂਦੀ ਹੈ ਐਸ ਤਰ੍ਹਾਂ ਰਲ ਜਾਂਦਾ ਹੈ। ਫੁਰਮਾਨ ਕਰਦੇ ਨੇ ਕਿ –

***ਦੁਇ ਦੁਇ ਅਖੀ ਆਖੀਅਨਿ ਇਕ ਦਰਸਨੁ ਦਿਸੈ।***
***ਭਾਈ ਗੁਰਦਾਸ ਜੀ ਦੀ ਵਾਰ 9/16***

ਦੋ ਅੱਖਾਂ ਦੇਖਦੀਆਂ ਨੇ ਚੀਜ਼ ਨੂੰ, ਚੀਜ਼ਾਂ ਦੋ ਤਾਂ ਨਹੀਂ ਦਿਸਦੀਆਂ। ਜੇ ਅੱਖ ਦੇ ਕੋਏ ਵਿਚ ਉਂਗਲੀ ਦੇ ਦਿਓ, ਫੇਰ ਦੋ ਦਿਖਣਗੀਆਂ; ਇਕ ਚੰਦ ਨੂੰ ਦੇਖਣ ਲੱਗ ਜਾਵੋ, ਦੋ ਦਿਸਣਗੇ ਪਰ ਜੇ ਅੱਖ ਦੇ ਉਤੋਂ ਉਂਗਲੀ ਚੁੱਕ ਦਿਓ ਤਾਂ ਇਕੋ ਚੰਦ ਹੀ ਦਿਸਦਾ ਹੈ। ਦੋਏ ਅੱਖਾਂ ਨੂੰ ਇਕੋ ਦ੍ਰਿਸ਼ ਦਿਸਦਾ ਹੈ।

***ਦੁਇ ਦੁਇ ਕੰਨ ਵਖਾਣੀਅਨਿ ਇਕ ਸੁਰਤਿ ਸਲਿਸੈ।***
***ਭਾਈ ਗੁਰਦਾਸ ਜੀ ਦੀ ਵਾਰ 9/16***

ਦੋਹੇ ਕੰਨਾਂ ਦੇ ਨਾਲ ਇਕੋ ਹੀ ਗੱਲ ਸੁਣਦਾ ਹੈ।

***ਦੁਇ ਦੁਇ ਨਦੀ ਕਿਨਾਰਿਆਂ ਪਾਰਾਵਾਰੁ ਨ ਤਿਸੈ।***
***ਭਾਈ ਗੁਰਦਾਸ ਜੀ ਦੀ ਵਾਰ 9/16***

ਦੋ ਕਿਨਾਰੇ ਨੇ ਨਦੀ ਦੇ, ਵਿਚਾਲੇ ਪਾਣੀ ਤੁਰਿਆ ਜਾਂਦਾ ਹੈ। ਨਦੀ ਦੇ ਦੋ ਟੁਕੜੇ ਨਹੀਂ ਹੁੰਦੇ, ਨਦੀ ਇਕੋ ਹੀ ਹੈ, ਕਿਨਾਰੇ ਤਾਂ ਕਹਿਣ ਮਾਤਰ ਹੀ ਨੇ।

***ਇਕ ਜੋਤਿ ਦੁਇ ਮੂਰਤੀ ਇਕ ਸਬਦ ਸਰਿਸੈ॥***
***ਭਾਈ ਗੁਰਦਾਸ ਜੀ ਦੀ ਵਾਰ 9/16***

ਇਕ ਜੋਤ ਹੋ ਜਾਂਦਾ ਹੈ, ਦੇਖਣ ਨੂੰ ਦੋ ਮੂਰਤੀਆਂ ਲਗਦੀਆਂ ਨੇ ਕਿ ਗੁਰੂ ਹੈ ਤੇ ਨਾਲ ਸਿੱਖ ਹੈ ਪਰ ਕਹਿੰਦੇ ਦੋਏ ਮੂਰਤੀਆਂ ਨੇ, ਇਕ ਸ਼ਬਦ 'ਸਿਰੀਖੈ' ਹੈ, ਇਕ ਸ਼ਬਦ ਸਾਰਖਾ ਹੈ ਜਿਸ ਦੇ ਕਰਕੇ ਦੋਏ ਜੁੜੇ ਹੋਏ ਨੇ –

***ਗੁਰ ਚੇਲਾ ਚੇਲਾ ਗੁਰੂ ਸਮਝਾਏ ਕਿਸੈ॥***
***ਭਾਈ ਗੁਰਦਾਸ ਜੀ ਦੀ ਵਾਰ 9/16***

ਕਹਿੰਦੇ ਕਿਸੇ-ਕਿਸੇ ਨੂੰ ਸਮਝ ਆਉਂਦਾ ਹੈ, ਚੇਲਾ ਤੇ ਗੁਰੂ ਇਕ ਹੀ ਹੋ ਜਾਇਆ ਕਰਦੇ ਨੇ।

ਸੋ ਇਸ ਤਰ੍ਹਾਂ ਦਾ ਜੀਵਨ ਭਾਈ ਲਹਿਣਾ ਜੀ ਦਾ ਗੁਰੂ ਨਾਨਕ ਪਾਤਿਸ਼ਾਹ ਦੇ ਨਾਲ ਅਭੇਦ ਅਵਸਥਾ ਦਾ ਹੋ ਗਿਆ ਤੇ ਜਿਹੜਾ ਸਿੱਖ ਹੁੰਦਾ ਹੈ ਉਹ ਕੋਈ ਵਿਰਲਾ-ਵਿਰਲਾ ਹੁੰਦਾ ਹੈ, ਸਾਰੇ ਸਿੱਖ ਨਹੀਂ ਹੁੰਦੇ ਤੇ ਜਦੋਂ ਸਿੱਖ ਹੋ ਜਾਂਦਾ ਹੈ ਤਾਂ ਦਿੱਬ ਦ੍ਰਿਸ਼ਟੀ ਜਾਗ ਪੈਂਦੀ ਹੈ ਉਸ ਦੀ। ਇਕ ਤਾਂ ਸਾਡੀ ਦ੍ਰਿਸ਼ਟੀ ਹੈ – 'ਚਰਮ ਦ੍ਰਿਸ਼ਟੀ', ਚੰਮ ਵਾਲੀਆਂ ਅੱਖਾਂ ਦੇ ਨਾਲ ਅਸੀਂ ਦੇਖਦੇ ਹਾਂ। ਇਕ ਸਾਡੇ ਅੰਦਰ ਦ੍ਰਿਸ਼ਟੀ ਹੋਰ ਹੈ। ਇਕ ਕੰਨ ਹੋਰ ਨੇ, ਇਕ ਰਸਨਾ ਹੋਰ ਹੈ, ਇਕ ਸਪਰਸ਼ ਹੋਰ ਹੈ। ਜਿਹੜੇ ਬੰਦਗੀ ਕਰਦੇ ਨੇ ਉਨ੍ਹਾਂ ਨੂੰ ਇਨ੍ਹਾਂ ਗੱਲਾਂ ਦੀ ਸੋਝੀ ਹੈ ਕਿ ਕੰਨ ਅੰਦਰ ਵੀ ਹਨ, ਅੰਦਰਲਾ ਕੰਨ ਜਿਹੜਾ ਹੈ ਉਹ 'ਸ਼ਬਦ ਨਾਦ' ਨੂੰ ਸਰਵਣ ਕਰਦਾ ਹੈ। ਜਦੋਂ ਤੱਕ ਉਥੇ ਬਿਰਤੀ ਨਹੀਂ ਪਹੁੰਚਦੀ ਉਦੋਂ ਤੱਕ 'ਸ਼ਬਦ ਨਾਦ' ਨਹੀਂ ਸੁਣਦਾ। ਬਾਹਰਲਾ ਕੰਨ ਕੇਵਲ ਬਾਹਰਲੀਆਂ ਆਵਾਜ਼ਾਂ ਸੁਣੇਗਾ। ਜਦੋਂ ਅੰਦਰ ਬਿਰਤੀ ਚਲੀ ਜਾਂਦੀ ਹੈ ਤਾਂ ਬਾਹਰਲੀ ਆਵਾਜ਼ ਬੰਦ ਹੋ ਜਾਂਦੀ ਹੈ ਸੁਣਨ ਤੋਂ। ਜਿਹੜੇ ਅੰਦਰਲੇ ਨੇਤਰ ਖੁੱਲ੍ਹ ਜਾਂਦੇ ਨੇ ਤਾਂ ਉਨ੍ਹਾਂ ਵਿਚ ਦੂਜਾ ਦਿਸਣ ਤੋਂ ਹਟ ਜਾਂਦਾ ਹੈ –

***ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥***
***ਪੰਨਾ – 954***

ਇਕੋ ਵਰਤਦਾ ਨਜ਼ਰ ਆਉਂਦਾ ਹੈ –

***ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ॥***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ॥***
***ਏਹੁ ਵਿਸੁ ਸੰਸਾਰੁ ਤੁਮ ਦੇਖਦੇ***
***ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥***
***ਪੰਨਾ – 922***

ਸੋ ਦਿੱਬਜ ਅੱਖਾਂ ਖੁੱਲ੍ਹਦੀਸਾਰ ਪ੍ਰਮੇਸ਼ਰ ਦੇ ਦਰਸ਼ਨ ਹੁੰਦੇ ਨੇ, ਦਿਬਜ ਕੰਨ ਖੁਲ੍ਹਦੀਸਾਰ ਉਸੇ ਵੇਲੇ ਅੰਦਰਲੇ ਨਾਦ, ਸ਼ਬਦ ਧੁਨ ਸਰਵਣ ਹੁੰਦੇ ਨੇ, ਅੰਦਰਲੀ ਰਸਨਾ ਖੁਲ੍ਹਦੀਸਾਰ ਇਕ ਅਕਹਿ ਰਸ ਮਿਲਦਾ ਹੈ। ਵਾਹਿਗੁਰੂ ਦੇ ਚਾਰ ਰੂਪ ਨੇ ਅੰਦਰ ਜਿਹੜੇ ਪ੍ਰਤੱਖ ਰੂਪ ਵਿਚ ਪਤਾ ਲੱਗ ਜਾਂਦਾ ਹੈ ਕਿ ਮੈਂ ਹੁਣ ਨੇੜੇ ਚਲਿਆ ਗਿਆ। ਜਿਵੇਂ ਜੇ ਬਰਫ ਦੇ ਪਹਾੜ ਦੇ ਨੇੜੇ ਚਲੇ ਜਾਈਏ, ਚਾਹੇ 100 ਮੀਲ ਤੇ ਹੋਈਏ, ਬਰਫ ਦੇ ਪਹਾੜ ਤੋਂ ਉਥੇ ਤੱਕ ਉਸ ਦੀ ਠੰਡ ਪਹੁੰਚਣ ਲੱਗ ਜਾਂਦੀ ਹੈ। ਇਸੇ ਤਰ੍ਹਾਂ ਜਦੋਂ ਗੁਰਸਿੱਖ ਪ੍ਰਮੇਸ਼ਰ ਦੇ ਨੇੜੇ ਜਾਂਦਾ ਹੈ, ਗੁਰੂ ਤੇ ਪ੍ਰਮੇਸ਼ਰ ਵਿਚ ਕੋਈ ਭੇਦ ਨਹੀਂ ਹੈ, ਸਾਧ ਸੰਗਤ ਜੀ!

***ਗੁਰੁ ਪਰਮੇਸਰੁ ਏਕੋ ਜਾਣੁ॥ ਪੰਨਾ – 864***

ਗੁਰੂ ਕਹਿ ਲਓ, ਪ੍ਰਮੇਸ਼ਰ ਕਹਿ ਲਓ, ਗੱਲ ਇਕੋ ਹੋਇਆ ਕਰਦੀ ਹੈ। ਕਹਿਣ ਮਾਤਰ ਵਿਚ ਫਰਕ ਹੋਇਆ ਕਰਦਾ ਹੈ। ਸੋ ਜਦੋਂ ਨੇੜੇ ਜਾਂਦਾ ਹੈ ਤਾਂ ਠੰਡ ਆਉਂਦੀ ਹੈ। ਇਸੇ ਤਰ੍ਹਾਂ ਜਦੋਂ ਪ੍ਰਮੇਸ਼ਰ ਦੇ ਨੇੜੇ ਜਗਿਆਸੂ ਜਾਂਦਾ ਹੈ ਤਾਂ ਸਭ ਤੋਂ ਪਹਿਲਾਂ ਤਾਂ ਆਉਂਦਾ ਹੈ ਰਸ। ਦਿਬ ਰਸਨਾ ਜਾਗ ਪੈਂਦੀ ਹੈ ਤੇ ਉਸ ਨੂੰ ਅੰਦਰੋਂ ਹੀ ਅੰਮ੍ਰਿਤ ਰਸ ਆਉਣਾ ਸ਼ੁਰੂ ਹੋ ਜਾਂਦਾ ਹੈ, ਉਹ ਵਧਦਾ ਵਧਦਾ ਐਨਾ ਅਕਹਿ ਹੋ ਜਾਂਦਾ ਹੈ ਕਿ ਲੀਨ ਹੋ ਜਾਂਦਾ ਹੈ ਉਸ ਦੇ ਵਿਚ, ਰਸ ਤਾਰੀ ਹੋ ਜਾਂਦਾ ਹੈ, ਲਗਾਤਾਰ ਰਸ ਆਉਂਦਾ ਹੈ।

ਦੂਸਰਾ ਇਹ ਹੁੰਦਾ ਹੈ ਕਿ ਉਸ ਨੂੰ 'ਦਿਬ ਸ਼ਬਦ' ਸੁਣਨ ਲੱਗ ਜਾਂਦੇ ਨੇ। ਉਸਦੇ ਨਾਲ ਵੀ ਬਿਰਤੀ ਖੇੜੇ ਵਿਚ ਆ ਜਾਂਦੀ ਹੈ। ਮਹੀਨਿਆਂ ਬੱਧੀ ਰਸ ਰਹਿੰਦਾ ਹੈ ਉਸ ਬਿਰਤੀ ਦੇ ਅੰਦਰ, ਜਿਹੜੇ ਦਿਬ-ਸ਼ਬਦ ਸੁਣਦੇ ਨੇ।

ਤੀਸਰਾ ਹੋਇਆ ਕਰਦਾ ਹੈ ਦਿਬ ਦ੍ਰਿਸ਼ ਦਿਸਣ ਲੱਗ ਜਾਂਦੇ ਨੇ। ਇਨ੍ਹਾਂ ਅੱਖਾਂ ਦੇ ਨਾਲ ਉਹ ਚੀਜ਼ਾਂ ਨਹੀਂ ਦਿਸਦੀਆਂ ਜਿਹੜੀਆਂ ਦਿੱਬ-ਅੱਖਾਂ ਦੇ ਨਾਲ ਦਿਸਦੀਆਂ ਹਨ।

ਇਸ ਤੋਂ ਬਾਅਦ ਦਿਬ ਸਪਰਸ਼ ਜਾਗ ਪੈਂਦਾ ਹੈ, ਐਨੀਆਂ ਝੁਣਝੁਣੀਆਂ ਆਉਂਦੀਆਂ ਨੇ ਕਿ ਸਹਿ ਨਹੀਂ ਸਕਦਾ, ਐਨਾ ਰਸ ਅੰਦਰ ਵਧ ਜਾਇਆ ਕਰਦਾ ਹੈ। ਸੋ ਸਾਰੀਆਂ ਚੀਜ਼ਾਂ ਦਿਬ ਦ੍ਰਿਸ਼ਟੀ ਖੁੱਲ੍ਹਣ ਨਾਲ ਹੁੰਦੀਆਂ ਹਨ। ਕਹਿੰਦੇ –

***ਨਾਨਕ ਏਕ ਜੋਤਿ ਦੁਇ ਮੂਰਤੀ ਸਬਦਿ ਮਿਲਾਵਾ ਹੋਇ॥***
***ਪੰਨਾ – 30***

ਸੋ ਦਿਬ ਦ੍ਰਿਸ਼ਟਿ ਜਿਸ ਦੇ ਵਿਚ ਪੈਦਾ ਹੋ ਗਈ ਉਹ ਕੋਈ ਵਿਰਲਾ ਵਿਰਲਾ ਸਿੱਖ ਹੈ, ਆਏਂ ਪੜ੍ਹ ਲਓ –

***ਧਾਰਨਾ – ਸਿੱਖ ਵਿਰਲਾ ਕੋਈ ਜੀ,***
***ਦਿਬ ਦ੍ਰਿਸਟਿ ਗੁਰ ਧਿਆਨ ਧਰ –2, 2.***

***ਦਿਬ ਦਿਸਟਿ ਗੁਰ ਧਿਆਨੁ ਧਰਿ ਸਿਖ ਵਿਰਲਾ ਕੋਈ।***
***ਭਾਈ ਗੁਰਦਾਸ ਜੀ ਦੀ ਵਾਰ 9/7***

ਕਹਿੰਦੇ ਜਿਸ ਦੀ ਦਿੱਬ-ਦ੍ਰਿਸ਼ਟੀ ਖੁੱਲ੍ਹੀ ਹੈ ਤੇ ਗੁਰੂ ਦਾ ਧਿਆਨ ਜਿਸ ਦੇ ਅੰਦਰ ਪਰਪੱਕ ਹੋ ਗਿਆ ਉਹ ਕੋਈ ਵਿਰਲਾ-ਵਿਰਲਾ ਸਿੱਖ ਹੈ। ਇਥੇ ਸ਼ੰਕਾ ਹੋ ਜਾਂਦਾ ਹੈ ਕਿ ਗੁਰੂ ਦਾ ਧਿਆਨ ਕੀ ਹੋਇਆ ਕਿਉਂਕਿ ਭਾਈ ਗੁਰਦਾਸ ਜੀ ਲਿਖਦੇ ਨੇ –

***ਗੁਰ ਮੂਰਤਿ ਗੁਰੁ ਸਬਦੁ ਹੈ............।***
***ਭਾਈ ਗੁਰਦਾਸ ਜੀ ਦੀ ਵਾਰ 24/11***

ਇਹ ਵੀ ਲਿਖਦੇ ਨੇ ਕਬਿੱਤ ਸਵੱਈਆਂ ਦੇ ਅੰਦਰ ਕਿ ਗੁਰੂ ਦਾ ਜੋ ਸਾਕਾਰ ਰੂਪ ਹੈ ਉਸ ਦਾ ਧਿਆਨ ਕਰਨਾ ਵੀ ਹੁੰਦਾ ਹੈ। ਚਾਰ ਕਿਸਮ ਦਾ ਹੋਇਆ ਕਰਦਾ ਹੈ ਧਿਆਨ। ਪਹਿਲਾ ਹੋਇਆ ਕਰਦਾ ਹੈ 'ਸਬਦ' ਦਾ ਧਿਆਨ। ਗ਼ਲਤੀ ਨਾਲ ਕਈ ਅੱਖਾਂ ਦਾ ਧਿਆਨ ਧਰਦੇ ਨੇ। ਅੱਗੇ ੧ੳ ਲਿਖ ਲਿਆ ਉਸ ਦਾ ਧਿਆਨ ਧਰ ਲਿਆ ਜਾਂ 'ਵਾਹਿਗੁਰੂ' ਲਿਖ ਲਿਆ ਉਸ ਤੇ ਧਿਆਨ ਕਰਨ ਲੱਗ ਗਏ; ਇਹ ਨਹੀਂ ਹੈ। ਸ਼ਬਦ ਹਮੇਸ਼ਾ sound (ਆਵਾਜ਼, ਧੁਨੀ) ਨੂੰ ਕਹਿੰਦੇ ਨੇ। ਦੋ ਤਰ੍ਹਾਂ ਦੇ ਸ਼ਬਦ ਹੁੰਦੇ ਨੇ – ਇਕ ਆਹਤ ਸ਼ਬਦ ਹੁੰਦੇ ਨੇ, ਦੂਜੇ ਅਨਾਹਤ ਹੁੰਦੇ ਨੇ। ਪਹਿਲੇ ਹੁੰਦੇ ਨੇ ਜਿਵੇਂ ਮੈਂ ਵਾਜੇ ਤੇ ਉਂਗਲਾਂ ਰੱਖ ਕੇ ਪੱਖਾ ਫੇਰਦਾ ਹਾਂ, ਇਹ ਅਵਾਜ਼ ਕੱਢਦਾ ਹੈ, ਇਸ ਨੂੰ ਆਹਤ ਸ਼ਬਦ ਕਹਿੰਦੇ ਨੇ। ਦੂਸਰਾ ਜਿਹੜਾ ਬਗੈਰ ਵਜਾਏ ਤੋਂ ਵੱਜੇ, ਉਸ ਨੂੰ ਅਨਾਹਦ ਸ਼ਬਦ ਕਹਿੰਦੇ ਨੇ। ਜੋ ਅਨਾਹਤ ਸ਼ਬਦ ਹੈ ਜਿਵੇਂ ਗੁਰ ਮੰਤਰ ਦੀ ਧੁਨ ਹੈ ਉਸ ਵਿਚ ਧਿਆਨ ਧਰਨਾ। ਦੂਸਰਾ ਧਿਆਨ ਹੈ ਗੁਰੂ ਦੇ ਸਰੂਪ ਵਿਚ ਧਿਆਨ ਧਰਨਾ। ਐਸੀਆਂ ਸਾਖੀਆਂ ਆਉਂਦੀਆਂ ਨੇ ਕਿ ਗੁਰੂ ਸੱਤਵੇਂ ਪਾਤਿਸ਼ਾਹ ਮਹਾਰਾਜ ਅੱਜ ਦੀਵਾਨ ਦੇ ਅੰਦਰ ਸੁਸ਼ੋਭਤ ਨੇ, ਆਸਾ ਦੀ ਵਾਰ ਦਾ ਕੀਰਤਨ ਹੋ ਰਿਹਾ ਹੈ। ਕੀਰਤਨ ਦਾ ਭੋਗ ਪੈ ਗਿਆ ਪਰ ਆਪ ਉਠੇ ਨਹੀਂ। ਸੰਗਤ ਇੰਤਜ਼ਾਰ ਵਿਚ ਬੈਠੀ ਹੈ ਕਿ ਮਹਾਰਾਜ ਜੀ ਨਹੀਂ ਉਠੇ। ਜਿੰਨੀ ਦੇਰ ਤਕਰ ਆਪ ਨਹੀਂ ਤਖਤ ਤੋਂ ਉਠਦੇ ਓਨੀ ਦੇਰ ਤੱਕ ਸੰਗਤ ਵੀ ਉਠ ਨਹੀਂ ਸਕਦੀ। ਜਿੰਨਾ ਚਿਰ ਗੁਰੂ ਗ੍ਰੰਥ ਸਾਹਿਬ ਮਹਾਰਾਜ ਸੁਸ਼ੋਭਤ ਨੇ ਸੰਗਤ ਦਾ ਉਠ ਕੇ ਜਾਣਾ ਬੇਅਦਬੀ ਦਾ ਪ੍ਰਤੀਕ ਹੋਇਆ ਕਰਦਾ ਹੈ, ਪਿੱਠ ਦੇ ਕੇ ਜਾਂਦਾ ਹੈ ਗੁਰੂ ਨੂੰ, ਖੁਸ਼ੀ ਲੈ ਕੇ ਨਹੀਂ ਜਾਂਦਾ। ਜੇ ਮਜ਼ਬੂਰੀ ਹੈ ਕਿਸੇ ਨੂੰ ਕਿ ਪਾਤਿਸ਼ਾਹ! ਮੈਨੂੰ ਮਜ਼ਬੂਰੀ ਹੈ ਮੈਨੂੰ ਜਾਣਾ ਪੈਣਾ ਹੈ ਤੇ ਮੈਂ ਬਹੁਤ ਗਲਤ ਕਰਨ ਲੱਗਿਆ ਹਾਂ ਮੈਨੂੰ ਖਿਮਾ ਕਰੋ, ਬਖਸ਼ੋ, ਇਹ ਅੰਦਰੋਂ ਸਚਮੁੱਚ ਹੋਵੇ। ਜੇ ਐਵੇਂ ਛੱਡ ਕੇ ਤੁਰ ਜਾਓ ਤਾਂ ਬੇਅਦਬੀ ਹੋਇਆ ਕਰਦੀ ਹੈ।

ਸੋ ਸਾਰੀ ਸੰਗਤ ਬੈਠੀ ਹੈ – ਗੁਰੂ ਸੱਤਵੇਂ ਪਾਤਿਸ਼ਾਹ ਦੇ ਚਰਨਾਂ ਵਿਚ। ਸਮਾਂ ਲੰਘਦਾ ਗਿਆ, ਦਸ ਵੱਜ ਗਏ, ਗਿਆਰਾਂ ਵੱਜ ਗਏ, ਬਾਰਾਂ ਵੱਜ ਗਏ, ਲੰਗਰ ਤਿਆਰ ਹੋ ਗਿਆ, ਲਾਂਗਰੀ ਸਿੰਘ ਪ੍ਰਸ਼ਾਦਾ ਲੈ ਕੇ ਆਇਆ, ਅਰਦਾਸ ਕਰਨ ਵਾਸਤੇ ਖੜ੍ਹੇ ਨੇ। ਸਾਰੇ ਹੈਰਾਨ ਨੇ ਕਿ ਮਹਾਰਾਜ ਜੀ ਕੋਈ ਅੰਗ ਨਹੀਂ ਹਿਲਾ ਰਹੇ। ਉਸੇ ਤਰ੍ਹਾਂ ਅਚੱਲ ਬੈਠੇ ਨੇ-ਸਮਾਧੀ ਦੇ ਵਿਚ ਲੀਨ ਹੋਏ ਹੋਏ। ਚਾਰ ਵੱਜ ਗਏ, ਉਸ ਵੇਲੇ ਮਹਾਰਾਜ ਜੀ ਨੇ ਨੇਤਰ ਖੋਲ੍ਹ ਕੇ ਕਿਹਾ – ਧੰਨ ਗੁਰਸਿਖੀ! ਧੰਨ ਗੁਰਸਿੱਖੀ!! ਧੰਨ ਗੁਰਸਿੱਖੀ!!! ਸਾਰਿਆਂ ਦੇ ਮਨ ਦੇ ਅੰਦਰ ਖਿਆਲ ਹੋਇਆ ਕਿ ਜਾਣੀਏ ਮਹਾਰਾਜ ਜੀ ਕਿਸ ਦੇ ਬਾਰੇ ਫੁਰਮਾ ਰਹੇ ਨੇ।

ਉਸੇ ਵੇਲੇ ਬੇਨਤੀ ਕੀਤੀ, "ਪਾਤਿਸ਼ਾਹ! ਆਪ ਕਿਸ ਗੁਰਸਿੱਖ ਨੂੰ ਧੰਨ ਕਹਿ ਰਹੇ ਹੋ?"

ਕਹਿੰਦੇ, "ਪ੍ਰੇਮੀਓ! ਭਾਈ ਗੋਂਦਾ, ਕਾਬਲ ਦੇ ਅੰਦਰ ਜੋ ਗੁਰਸਿੱਖੀ ਦਾ ਪ੍ਰਚਾਰ ਕਰ ਰਿਹਾ ਹੈ, ਅੱਜ ਉਹ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਦੋ ਵਜੇ ਸਾਡੇ ਚਰਨਾਂ ਦੇ ਧਿਆਨ ਵਿਚ ਲੀਨਤਾ ਦੀ ਹੱਦ ਤੱਕ ਚਲਿਆ ਗਿਆ, ਫੁਰਨੇ ਤੋਂ ਉਪਰ ਹੋ ਗਿਆ ਤੇ ਸਾਡੇ ਚਰਨ ਫੜ ਲਏ। ਜੇ ਅਸੀਂ ਸਿੱਖ ਤੋਂ ਚਰਨ ਛੁਡਾਉਂਦੇ ਹਾਂ ਤਾਂ ਸਿੱਖ ਨੂੰ ਦੁਖ ਹੁੰਦਾ ਹੈ, ਉਸ ਦੀ ਬਿਰਤੀ ਟੁਟਦੀ ਹੈ। ਸੋ ਇਸ ਕਰਕੇ ਅਸੀਂ ਚਾਰ ਵਜੇ ਤੱਕ ਬੈਠੇ ਰਹੇ, ਹੁਣ ਸਿੱਖ ਨੇ ਨੇਤਰ ਖੋਲ੍ਹੇ ਨੇ ਸੋ ਅਸੀਂ ਉਸ ਗੁਰਸਿੱਖ ਦਾ ਸਿਦਕ ਦੇਖ ਕੇ – ਧੰਨ ਗੁਰਸਿਖੀ! ਧੰਨ ਗੁਰਸਿੱਖੀ!! ਆਖਿਆ ਹੈ।

ਸੋ ਇਹ ਧਿਆਨ ਹੁੰਦਾ ਹੈ ਗੁਰੂ ਦਾ, ਸਾਕਾਰ ਦਾ। ਇਕ ਵਾਰ ਸਾਰੇ ਪਹਾੜੀ ਰਾਜਿਆਂ ਦੀ ਬੈਠਕ ਹੋ ਰਹੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਤੇ ਹਮਲਾ ਕਰਕੇ ਹੁਣੇ ਹੀ ਇਨ੍ਹਾਂ ਨੂੰ ਜਾਂ ਤਾਂ ਫੜ ਲਿਆ ਜਾਵੇ ਤੇ ਜਾਂ ਕੱਢ ਦਿੱਤਾ ਜਾਵੇ, ਜੇ ਬਹੁਤੀ ਦੇਰ ਰਹਿ ਗਏ ਤਾਂ ਤਾਕਤ ਫੜ ਜਾਣਗੇ। ਤਾਂ ਉਸ ਵੇਲੇ ਇਕ ਸਿਆਣਾ ਵਜ਼ੀਰ ਜਿਸ ਦਾ ਨਾਂ ਦੇਵੀ ਦਾਸ ਹੈ, ਉਸ ਸਭਾ ਵਿਚ ਬੈਠਾ ਹੈ। ਵਜ਼ੀਰ ਦਾ ਫਰਜ਼ ਹੁੰਦਾ ਹੈ ਕਿ ਜੇ ਰਾਜਾ ਗਲਤ ਜਾ ਰਿਹਾ ਹੋਵੇ ਤਾਂ ਉਹ ਬੇਨਤੀ ਕਰਦਾ ਹੈ, ਹੋਰ ਤਾਂ ਉਸ ਦੇ ਵਸ ਵਿਚ ਨਹੀਂ ਹੁੰਦਾ, ਬੇਨਤੀ ਕਰਨੀ ਉਸ ਦਾ ਕਰਤੱਵ ਹੁੰਦਾ ਹੈ, ਸੱਚੀ ਗੱਲ ਉਸ ਨੇ ਕਹਿ ਦੇਣੀ ਹੈ, ਮੰਨਣਾ ਨਾ ਮੰਨਣਾ ਰਾਜੇ ਦਾ ਕੰਮ ਹੈ। ਉਹ ਵੱਡਾ ਵਜ਼ੀਰ ਸੀ। ਸੋ ਉਠ ਕੇ ਉਸ ਨੇ ਸਾਰੀ ਮੀਟਿੰਗ ਦੇ ਵਿਚ ਕਿਹਾ ਕਿ ਮੇਰੀ ਇਕ ਬੇਨਤੀ ਆਪ ਸਰਵਣ ਕਰ ਲਓ ਧਿਆਨ ਦੇ ਕੇ ਤੇ ਮੰਨੋ ਨਾ ਮੰਨੋ, ਇਹ ਆਪ ਦਾ ਕੰਮ ਹੈ। ਸੋ ਉਸ ਵੇਲੇ ਬੇਨਤੀ ਕਰੀ ਤੇ ਕਹਿਣ ਲੱਗਿਆ, "ਮਹਾਰਾਜ! ਤੁਸੀਂ ਇਹ ਦੇਖੋ ਕਿ ਇਹ ਗੱਦੀ ਕਿਨ੍ਹਾਂ ਦੀ ਹੈ। ਇਹ ਗੱਦੀ ਗੁਰੂ ਨਾਨਕ ਪਾਤਿਸ਼ਾਹ ਜੀ ਦੀ ਹੈ, ਜੋ ਸੁਲ੍ਹਾਕੁਲ ਨੇ, ਜਿਨ੍ਹਾਂ ਦੀ ਦ੍ਰਿਸ਼ਟੀ

ਦੇ ਅੰਦਰ –

***ਨਾ ਕੋ ਬੈਰੀ ਨਹੀ ਬਿਗਾਨਾ***
***ਸਗਲ ਸੰਗਿ ਹਮ ਕਉ ਬਨਿ ਆਈ॥   ਪੰਨਾ – 1299***

ਕੋਈ ਦੂਜਾ ਹੈ ਹੀ ਨਹੀਂ, ਉਹ ਸਾਰਿਆਂ ਨੂੰ ਹੀ ਆਪਣਾ ਆਪ ਕਹਿੰਦੇ ਨੇ, ਸਾਰਿਆਂ ਨੂੰ ਪਿਆਰ ਕਰਦੇ ਨੇ ਤੇ ਹਰ ਵਕਤ ਅਰਦਾਸ ਤੋਂ ਬਾਅਦ ਕਹਿੰਦੇ ਨੇ –

***ਨਾਨਕ ਨਾਮ ਚੜਦੀ ਕਲਾ ਤੇਰੇ ਭਾਣੇ ਸਰਬਤ ਦਾ ਭਲਾ॥***

ਉਹ ਭਲੇ ਨੇ।

ਉਨ੍ਹਾਂ ਨੇ ਕਰਕੇ ਦਿਖਾ ਦਿੱਤਾ। ਗੁਰੂ ਛੇਵੇਂ ਪਾਤਿਸ਼ਾਹ ਨੂੰ ਜਹਾਂਗੀਰ ਦੀ ਕੈਦ ਦੇ ਅੰਦਰ ਗਵਾਲੀਅਰ ਵਿਚ ਬੜਾ ਸਮਾਂ ਹੋ ਗਿਆ। ਉਸ ਤੋਂ ਬਾਅਦ ਕੁਝ ਐਸੇ ਕੌਤਕ ਵਰਤੇ ਜਿਨ੍ਹਾਂ ਕਰਕੇ ਉਸ ਨੂੰ ਗੁਰੂ ਮਹਾਰਾਜ ਜੀ ਨੂੰ ਰਿਹਾਅ ਕਰਨਾ ਪਿਆ। ਜਦੋਂ ਮਹਾਰਾਜ ਜੀ ਤਿਆਰ ਹੋਏ ਤਾਂ ਵੇਖਿਆ ਕਿ ਉਸੀ ਕਿਲ੍ਹੇ ਵਿਚ ਹਿੰਦੋਸਤਾਨ ਦੇ ਬਵੰਜਾ ਰਾਜੇ ਫੜ–ਫੜ ਕੇ ਉਮਰਾਂ ਵਾਸਤੇ ਭੋਰਿਆਂ ਵਿਚ ਸੁੱਟੇ ਹੋਏ ਸਨ। ਉਹ ਬਹੁਤ ਦੁਖੀ ਹੋ ਰਹੇ ਸਨ, ਕੋਈ ਸਾਧਨ ਨਹੀਂ ਸੀ ਬਣਦਾ ਕਿ ਛੁਟ ਜਾਣ। ਉਸ ਵੇਲੇ ਮਿਲ ਕੇ ਉਨ੍ਹਾਂ ਨੇ ਮਹਾਰਾਜ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ, "ਪਾਤਿਸ਼ਾਹ! ਸਾਡਾ ਕਦੋਂ ਉਧਾਰ ਹੋਏਗਾ? ਆਪ ਤਾਂ ਜਮਦੂਤਾਂ ਤੋਂ ਛੁਡਾ ਦਿੰਦੇ ਹੋ। ਆਹ ਤਾਂ ਦੁਨੀਆਂ ਦੇ ਅੰਦਰ ਹੈ, ਆਪ ਕਿਰਪਾ ਕਰੋ।"

ਮਹਾਰਾਜ ਜੀ ਨੇ ਹਰਦਾਸ ਦਰੋਗੇ ਨੂੰ ਕਿਹਾ ਕਿ ਭਾਈ! ਅਸੀਂ ਨਹੀਂ ਜਾਣਾ ਬਾਹਰ। ਜਹਾਂਗੀਰ ਨੂੰ ਕਹਿ ਦਿਓ, ਅਸੀਂ ਨਹੀਂ ਜਾਣਾ ਗਵਾਲੀਅਰ ਤੋਂ ਬਾਹਰ। ਉਸ ਨੇ ਜਾ ਕੇ ਬੇਨਤੀ ਕਰ ਦਿੱਤੀ ਤੇ ਓਧਰ ਜਹਾਂਗੀਰ ਐਨਾ ਮਜਬੂਰ ਹੈ ਕਿ ਉਸ ਨੂੰ ਉਹ ਛਡਣੇ ਪੈਣੇ ਨੇ। ਕਹਿੰਦਾ ਕਿ ਕੀ ਗੱਲ ਹੈ, ਉਹ ਜਾਂਦੇ ਕਿਉਂ ਨਹੀਂ? ਅਜ਼ਾਦੀ ਤਾਂ ਸਾਰੀ ਦੁਨੀਆਂ ਚਾਹੁੰਦੀ ਹੈ, ਕੌਣ ਹੈ ਜਿਹੜਾ ਕਹੇ ਕਿ ਮੈਂ ਕੈਦ ਵਿਚ ਰਹਿਣਾ ਹੈ, ਕੋਈ ਨਹੀਂ ਕਹਿੰਦਾ, ਸਾਰੇ ਨਿਕਲ ਕੇ ਬਾਹਰ ਆਉਣਾ ਚਾਹੁੰਦੇ ਨੇ ਤੇ ਪੁਛੋ ਕਾਰਨ ਕੀ ਹੈ? ਮਹਾਰਾਜ ਜੀ ਕੋਲ ਆ ਕੇ ਬੇਨਤੀ ਕਰੀ।

ਮਹਾਰਾਜ ਜੀ ਕਹਿਣ ਲੱਗੇ, "ਜਿੰਨੀ ਦੇਰ ਤੱਕ ਇਹ ਬਵੰਜਾ ਰਾਜੇ ਨਹੀਂ ਛੁਟਦੇ, ਓਨਾ ਚਿਰ ਅਸੀਂ ਵੀ ਬਾਹਰ ਨਹੀਂ ਜਾਂਦੇ।"

ਉਨ੍ਹਾਂ ਨੇ ਜਹਾਂਗੀਰ ਨੂੰ ਕਹਿ ਦਿੱਤਾ। ਜਹਾਂਗੀਰ ਨੇ ਬੜਾ ਸੋਚਿਆ ਕਿ ਯੁੱਧ ਜੰਗ ਕਰਕੇ ਰਾਜੇ ਕਾਬੂ ਕੀਤੇ ਨੇ। ਜੇ ਛੱਡ ਦਿੱਤੇ ਤਾਂ ਇਹ ਫੇਰ ਜਾ ਕੇ ਫਤੂਰ ਪਾਉਣਗੇ, ਫੇਰ ਵਿਦਰੋਹ ਕਰਨਗੇ। ਕਿੰਨੇ ਬੰਦੇ ਮਰ ਚੁੱਕੇ ਨੇ ਇਨ੍ਹਾਂ ਨੂੰ ਫੜਨ ਵਾਸਤੇ ਓਡਾ ਹੀ ਕੰਮ ਫੇਰ ਹੋ ਜਾਏਗਾ ਤੇ ਦੋ–ਚਿੱਤੀ ਵਿਚ ਪਿਆ ਹੋਇਆ ਹੈ। ਅਖੀਰ ਇਕ ਤਰੀਕਾ ਕੱਢ ਲਿਆ। ਕਹਿਣ ਲੱਗਿਆ ਕਿ ਮਹਾਰਾਜ ਜੀ ਨੂੰ ਕਹਿ ਦਿਓ ਕਿ ਸਾਨੂੰ ਕੋਈ ਇਤਰਾਜ ਨਹੀਂ, ਜਿੰਨੇ ਤੁਹਾਡਾ ਪੱਲਾ ਫੜ ਕੇ ਬਾਹਰ ਆ ਜਾਣ, ਓਨਿਆਂ ਨੂੰ ਛੱਡ ਦਿੱਤਾ ਜਾਏਗਾ। ਹੁਣ ਚੋਲੇ ਦੇ ਕਿੰਨੇ ਕੁ ਪੱਲੇ ਹੁੰਦੇ ਨੇ ਤੇ ਕਿੰਨੇ ਕੁ ਬੰਦੇ ਫੜ ਸਕਦੇ ਨੇ। ਜੇ ਭੀੜੇ–ਭੀੜੇ ਹੋ ਕੇ ਆਉਣ ਤਾਂ ਦਸ ਪੰਦਰਾਂ ਤੋਂ ਵੱਧ ਨਹੀਂ ਫੜ ਸਕਦੇ।

ਸੋ ਮਹਾਰਾਜ ਜੀ ਨੇ ਹੁਕਮ ਕਰ ਦਿੱਤਾ ਕਿ ਸਾਡੇ ਲਈ ਬਵੰਜਾ ਕਲੀਆਂ ਵਾਲਾ ਚੋਲਾ ਬਣਵਾਓ। ਅੱਜ ਕੱਲ੍ਹ ਉਹ ਘੁਡਾਣੀ ਪਿਆ ਹੈ ਰਾੜੇ ਸਾਹਿਬ ਦੇ ਨੇੜੇ, 52 ਕਲੀਆਂ ਨੇ, ਬਹੁਤ ਚੌੜਾ ਹੈ ਹੇਠੋਂ, ਉਤੋਂ ਬਿਲਕੁਲ ਫਿੱਟ ਹੈ। ਸੋ ਉਸ ਵੇਲੇ 52 ਕਲੀਆਂ ਫੜੀਆਂ ਤੇ ਸਾਰੇ ਰਾਜੇ ਬਾਹਰ ਆ ਗਏ।

ਸ੍ਰੀ ਗੁਰੂ ਹਰਿ ਗੋਬਿੰਦ ਜੀ ਗਵਾਲੀਅਰ ਦੇ ਕਿਲੇ ਵਿਚੋਂ 52 ਰਾਜਿਆਂ ਨੂੰ ਕੈਦ ਵਿਚੋਂ ਰਿਹਾ ਕਰਵਾਉਂਦੇ ਹੋਏ।

ਤੇ ਕਹਿਣ ਲੱਗੇ ਭੀਮ ਚੰਦ ਨੂੰ ਕਿ ਜਿਹੜਾ ਐਸਾ ਗੁਰੂ ਹੈ, ਉਸ ਦੇ ਪੋਤੇ ਨੇ ਗੁਰੂ ਗੋਬਿੰਦ ਸਿੰਘ, ਤੇ ਉਹ ਇਹ ਕਹਿੰਦੇ ਨੇ ਕਿ ਅਸੀਂ ਕਿਸੇ ਦੀ ਇਕ ਇੰਚ ਜ਼ਮੀਨ ਨਹੀਂ ਦੱਬਣੀ, ਕਿਸੇ ਦਾ ਰਾਜ ਨਹੀਂ ਦੱਬਣਾ, ਅਸੀਂ ਤਾਂ ਆਏ ਹੀ ਇਸ ਕਰਕੇ ਹਾਂ ਕਿ ਬੰਦਗੀ ਕਰਨ ਵਾਲੇ ਧਰਮੀ ਪੁਰਸ਼ਾਂ ਦਾ ਉਧਾਰ ਕਰਨਾ ਹੈ, ਉਹ ਵਧਾਉਣੇ ਹਨ ਤੇ ਜਿਹੜੇ ਖੋਟੀ ਮੱਤ ਵਾਲੇ ਅਧਰਮੀ ਨੇ ਇਨ੍ਹਾਂ ਦਾ ਸੰਘਾਰ ਕਰਨਾ ਚਾਹੇ ਸ਼ਸਤਰ ਨਾਲ ਹੋਵੇ, ਚਾਹੇ ਉਪਦੇਸ਼ ਨਾਲ ਹੋਵੇ, ਕਿਸੇ ਵੀ ਤਰੀਕੇ ਨਾਲ ਹੋਵੇ ਪਰ ਤੁਸੀਂ ਇਹ ਦੇਖੋ ਕਿ ਕੀ ਅੱਜ ਤੱਕ ਗੁਰੂ ਗੋਬਿੰਦ ਸਿੰਘ ਕਦੇ ਕਿਸੇ ਤੇ ਚੜ੍ਹ ਕੇ ਗਏ ਨੇ? ਕੋਈ ਪਿੰਡ ਲੁਟਿਆ ਹੈ ਇਨ੍ਹਾਂ ਨੇ ਜਾ ਕੇ? ਕਿਸੇ ਰਾਜੇ ਤੇ ਜਾ ਕੇ ਹੱਲਾ ਕਰਿਆ ਹੈ? ਤੁਸੀਂ ਚੜ੍ਹ–ਚੜ੍ਹ ਕੇ ਜਾਂਦੇ ਹੋ ਤੇ ਉਹ ਤੁਹਾਡਾ ਮੁਕਾਬਲਾ ਕਰਦੇ ਨੇ ਤੇ ਫੇਰ ਬੜੀ ਹੈਰਾਨੀ ਦੀ ਗੱਲ ਇਹ ਹੈ ਕਿ ਜਦੋਂ ਤੁਹਾਡੀਆਂ ਫੌਜਾਂ ਨੱਠ ਜਾਂਦੀਆਂ ਨੇ ਉਸ ਵੇਲੇ ਉਹ ਬਿਲਕੁਲ ਵਾਰ ਨਹੀਂ ਕਰਦੇ। ਤੁਸੀਂ ਦੇਖਿਆ ਹੀ ਹੋਏਗਾ ਲੜਾਈ ਦੇ ਅੰਦਰ, ਜੇ ਸ਼ਸਤਰ ਟੁੱਟ ਜਾਂਦਾ ਹੈ ਤਾਂ ਉਹ ਕਦੇ ਵਾਰ ਨਹੀਂ ਕਰਦੇ ਸਗੋਂ ਕਹਿੰਦੇ ਜਾਹ! ਸ਼ਸਤਰ ਲੈ ਕੇ ਆ, ਫੇਰ ਤੇਰੇ ਨਾਲ ਲੜਾਂਗੇ।

ਜਖਮੀ ਹੋ ਕੇ ਗਿਰ ਜਾਂਦਾ ਹੈ, ਗਰਦਨ ਵੱਢ ਸਕਦੇ ਨੇ ਜਦ ਧਰਤੀ ਤੇ ਗਿਰਿਆ। ਕਦੇ ਨਹੀਂ ਵਾਰ ਕਰਦੇ, ਉਥੇ ਹੀ ਛੱਡ ਜਾਂਦੇ ਨੇ ਤੇ ਆਪਣੀਆਂ ਫੌਜਾਂ ਸ਼ਾਮ ਨੂੰ ਆਪ ਜਾ ਕੇ ਚੁੱਕ ਕੇ ਲਿਆਉਂਦੇ ਨੇ। ਐਨੇ ਵੱਡੇ ਅਸੂਲਾਂ ਦੇ ਮਾਲਕ ਉਹ ਤਾਂ ਸੁਲ੍ਹਾਕੁਲ ਨੇ। ਤੁਸੀਂ ਸੋਚੋ ਤਾਂ ਸਹੀ ਕਿ ਕਿਹਦੇ ਨਾਲ ਲੜਾਈ ਕਰਦੇ ਹੋ।

ਫੇਰ ਦੂਜਾ ਪੱਖ ਲੈ ਲਓ, ਉਹ ਕਹਿੰਦੇ ਨੇ ਵਿਦੇਸ਼ੀਆਂ ਨੇ ਇਥੇ ਆ ਕੇ ਰਾਜ ਕਰ ਲਿਆ। ਇਥੇ ਦੀ ਜੋ ਸੰਸਕ੍ਰਿਤੀ ਸੀ - ਪੰਜ ਚਾਰ ਹਜ਼ਾਰ ਸਾਲ ਪਹਿਲਾਂ, ਉਸ ਨੂੰ ਵਧਾਉਣ ਵਾਸਤੇ ਕਿੰਨੇ ਇਨ੍ਹਾਂ ਨੇ ਯਤਨ ਕੀਤੇ ਨੇ, ਕਿੰਨਾ ਸਾਹਿਤ ਤਿਆਰ ਕਰਿਆ ਹੈ। ਕਿਸ ਤਰ੍ਹਾਂ ਦੇ ਨਾਲ ਇਹ ਜੀਵਨ ਉਚੇ ਕਰ ਰਹੇ ਨੇ ਤੇ ਤੁਸੀਂ ਇਕ ਦਮ ਉਨ੍ਹਾਂ ਦੇ ਮਗਰ ਪਏ ਹੋਏ ਹੋ, ਤੇ ਉਨ੍ਹਾਂ ਦੇ ਕੰਮਾਂ ਵਿਚ ਰੁਕਾਵਟ ਪਾ ਰਹੇ ਹੋ।

ਜਦੋਂ ਐਨੇ ਬਚਨ ਸੁਣੇ ਤਾਂ ਸਾਰਿਆਂ ਨੂੰ ਗੁੱਸਾ ਚੜ੍ਹ ਗਿਆ। ਉਹ ਕਹਿਣ ਲੱਗੇ ਕਿ ਇਹ ਜਰੂਰ ਜਸੂਸ ਹੈ ਉਨ੍ਹਾਂ ਦਾ ਤੇ ਅਸੀਂ ਦੁਸ਼ਮਣ ਕਹਿੰਦੇ ਹਾਂ ਤੇ ਇਹ ਸਾਡੇ ਉਪਰ ਦੀ ਲਿਆਉਂਦਾ ਹੈ ਤੇ ਜਸੂਸ ਨੂੰ ਜਸੂਸਾਂ ਵਾਲੀ ਸਜ਼ਾ ਦਿਓ। ਸਜ਼ਾ ਵੀ ਦੱਸ ਦਿੱਤੀ ਕਿ ਇਸ ਦੀਆਂ ਅੱਖਾਂ ਦੇ ਅੰਦਰ ਸਿਲਾਈਆਂ ਫੇਰ ਕੇ, ਅੰਨ੍ਹਾ ਕਰਕੇ ਇਸ ਨੂੰ ਪਹਾੜ ਦੀ ਚੋਟੀ ਤੋਂ ਧੱਕਾ ਦੇ ਦਿਓ।

ਉਹ ਕਹਿੰਦਾ, "ਠੀਕ ਹੈ! ਤੁਹਾਡੀ ਮਰਜ਼ੀ! ਮੈਂ ਤਾਂ ਕੰਮ ਦੀ ਗੱਲ ਦੱਸੀ ਹੈ। ਮੇਰਾ ਕਰਤੱਵ ਹੈ ਸੱਚ ਬੋਲਣਾ ਤੇ ਸਾਵਧਾਨ ਕਰ ਦੇਣਾ। ਗੁਰੂ ਗੋਬਿੰਦ ਸਿੰਘ ਜੀ ਨਾਲ ਲੜ ਕੇ ਤੁਸੀਂ ਖਟੋਗੇ ਕੁਝ ਨਹੀਂ। ਇਕ ਵੱਡੇ ਭਾਰੇ ਧਰਮ ਦੇ ਖਿਲਾਫ ਜਿਸ ਧਰਮ ਦਾ ਜੀਵਨ ਆ ਰਿਹਾ ਹੈ ਉਸ ਦੇ ਵਿਚ ਰੁਕਾਵਟ ਬਣੋਗੇ।

ਉਸ ਨੇ ਬੜੀਆਂ ਮਿਸਾਲਾਂ ਪਿਛਲੇ ਇਤਿਹਾਸਾਂ ਦੀਆਂ ਦਿੱਤੀਆਂ ਪਰ ਕਿਸੇ ਨੇ ਨਾ ਸੁਣੀ। ਅਖੀਰ ਬੰਨ੍ਹ ਲਿਆ ਤੇ ਜੱਲਾਦਾਂ ਨੂੰ ਹੁਕਮ ਦਿੱਤਾ ਕਿ ਗਰਮ ਕਰਕੇ ਸਿਲਾਈਆਂ ਇਸ ਦੀਆਂ ਅੱਖਾਂ ਵਿਚ ਫੇਰ ਦਿਓ ਤਾਂ ਜੋ ਜੋਤੀ ਅੱਖਾਂ ਦੀ ਜਾਂਦੀ ਰਹੇ ਤੇ ਫੇਰ ਪਹਾੜ ਦੀ ਚੋਟੀ ਤੋਂ ਧੱਕਾ ਦੇ ਦਿਓ, ਆਪੇ ਖੱਡਾਂ ਵਿਚ ਗਿਰ ਕੇ ਮਰ ਜਾਏਗਾ। ਉਹ ਕਹਿਣ ਲੱਗਿਆ, "ਮਹਾਰਾਜ! ਮੇਰੀ ਡਿਊਟੀ ਹੈ, ਮੈਂ ਪ੍ਰਧਾਨ ਮੰਤਰੀ ਹਾਂ, ਮੈਂ ਦੱਸਣਾ ਹੈ ਕਿ ਇਥੇ ਗਲਤ ਹੈ ਜਾਂ ਠੀਕ ਹੈ, ਮੰਨਣਾ ਤੁਹਾਡਾ ਕੰਮ ਹੈ।"

ਅਖੀਰ ਪਹਿਰੇਦਾਰ ਲੈ ਗਏ, ਪਹਾੜ ਤੇ ਲੈ ਗਏ। ਜੱਲਾਦ ਜਾਣੂ-ਪਛਾਣੂ ਨੇ, ਅੰਦਰੋਂ ਬੜਾ ਦਰਦ ਹੈ ਉਨ੍ਹਾਂ ਨੂੰ, ਪਰ ਹੁਕਮ ਦੀ ਤਾਮੀਲ ਕਰਨੀ ਉਨ੍ਹਾਂ ਦਾ ਫਰਜ਼ ਬਣਦਾ ਹੈ।

ਸੋ ਉਸ ਵੇਲੇ ਦੇਵੀ ਦਾਸ ਨੇ ਦੱਸਿਆ, ਕਹਿਣ ਲੱਗਿਆ, "ਦੇਖੋ ਪ੍ਰੇਮੀਓ! ਤੁਹਾਨੂੰ ਹੈ ਹੁਕਮ ਤੇ ਤੁਹਾਡੇ ਤੇ ਕੋਈ ਦੋਸ਼ ਨਹੀਂ ਹੈ ਪਰ ਇਕ ਗੱਲ ਕਰਿਓ, ਮੈਨੂੰ ਥੋੜ੍ਹਾ ਜਿਹਾ ਚਿਰ ਇਕਾਗਰ ਚਿੱਤ ਹੋ ਲੈਣ ਦਿਓ ਤੇ ਜਦੋਂ ਮੈਂ ਸਿਰ ਨਿਵਾਵਾਂਗਾ ਉਸ ਤੋਂ ਬਾਅਦ ਜਦੋਂ ਮੈਂ ਸਿਰ ਉਪਰ ਕਰਾਂਗਾ, ਉਸ ਵੇਲੇ ਤੁਸੀਂ ਮੇਰੀਆਂ ਅੱਖਾਂ ਵਿਚ ਸਿਲਾਈਆਂ ਫੇਰ ਦਿਓ, ਉਨਾ ਚਿਰ ਗਰਮ ਕਰਨੀਆਂ ਰੱਖ ਦਿਓ।"

ਸਿਲਾਈਆਂ ਗਰਮ ਕਰਨੀਆਂ ਰੱਖ ਦਿੱਤੀਆਂ ਤੇ ਉਹ ਇਕ ਚਿੱਤ ਹੋ ਗਿਆ। ਪਹੁੰਚਿਆ ਕਿਥੇ - ਉਸੇ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ। ਚਰਨਾਂ ਕਮਲਾਂ ਦਾ ਧਿਆਨ ਧਰਿਆ ਹੋਇਆ ਹੈ, ਹੱਥ ਬੰਨ੍ਹੇ ਹੋਏ ਨੇ। ਪਾਤਿਸ਼ਾਹ! ਤੂੰ ਹੀ ਹੁਣ ਰੱਖਿਆ ਕਰਨੀ ਹੈ, ਹੋਰ ਨਹੀਂ ਕੋਈ ਰੱਖ ਸਕਦਾ। ਤੂੰ ਪ੍ਰਹਿਲਾਦ ਦੀ ਰੱਖਿਆ ਕੀਤੀ ਸੀ, ਤੱਤੇ ਥੰਮ੍ਹਾਂ ਤੋਂ, ਜਦੋਂ ਅੱਗ ਦੇ ਵਿਚ ਬਠਾਇਆ ਗਿਆ ਉਦੋਂ ਰੱਖਿਆ ਕੀਤੀ ਤੇ ਹੋਰ ਬੇਅੰਤ ਭਗਤਾਂ ਦੀ ਤੂੰ ਰੱਖਿਆ ਕਰੀ, ਮੈਂ ਵੀ ਤੇਰੀ ਸ਼ਰਨ ਵਿਚ ਹਾਂ। ਸੋ ਓਸ ਵੇਲੇ ਜਦੋਂ ਉਸ ਨੇ ਨਮਸ਼ਕਾਰ ਕਰਕੇ ਸੀਸ ਉਤੇ ਚੁਕਿਆ ਤਾਂ ਸਿਲਾਈਆਂ ਅੱਖਾਂ ਦੇ ਵਿਚ ਫੇਰ ਦਿੱਤੀਆਂ। ਸਾਂ-ਸਾਂ ਹੋਈ, ਜਲਣ ਦੀ ਅਵਾਜ਼ ਆਈ, ਨੇਤਰ ਬੰਦ ਨੇ। ਉਨ੍ਹਾਂ ਨੇ ਆਪਸ ਵਿਚ ਸਲਾਹ ਕਰੀ ਕਿ ਆਪਾਂ ਕੀ ਧੱਕਾ ਦੇਈਏ, ਇਹ ਐਸੀ ਬਿਖੜੀ ਪਹਾੜੀ ਤੇ ਚੜ੍ਹਿਆ ਹੋਇਆ ਹੈ ਇਸ ਨੇ ਆਪੇ ਹੀ ਗਿਰ ਜਾਣਾ ਹੈ। ਅਸੀਂ ਕਹਿ ਦਿਆਂਗੇ ਅਸੀਂ ਧੱਕਾ ਦੇ ਦਿੱਤਾ ਸੀ। ਉਹ ਚਲੇ ਗਏ ਪਰ ਉਹ ਉਸੇ ਤਰ੍ਹਾਂ ਅੱਖਾਂ ਬੰਦ ਕਰਕੇ ਬੈਠਾ ਹੈ, ਚਰਨਾਂ ਦਾ ਐਨਾ ਅਨੰਦ ਆ ਰਿਹਾ ਹੈ ਜਿਹੜਾ ਦੱਸਿਆ ਨਹੀਂ ਜਾ ਸਕਦਾ -

***ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ॥***
***ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ॥***

***ਪੰਨਾ - 1370***

ਜਿਸ ਵਕਤ ਨੇਤਰ ਖੋਲ੍ਹੇ, ਹੈਰਾਨ ਹੋ ਗਿਆ ਕਿ ਮੈਨੂੰ ਤਾਂ ਸਭ ਕੁਝ ਦਿਸਦਾ ਹੈ, ਮੇਰੀਆਂ ਅੱਖਾਂ ਨੂੰ ਤਾਂ ਕੁਝ ਨਹੀਂ ਹੋਇਆ, ਨਾ ਕੋਈ ਤਕਲੀਫ ਹੋਈ ਹੈ, ਨਾ ਅੱਖਾਂ ਅੰਨ੍ਹੀਆਂ ਹੋਈਆਂ ਹਨ। ਉਸ ਵੇਲੇ ਬਿਲਾਸਪੁਰ ਵੱਲ ਪਿੱਠ ਕਰ ਲਈ ਤੇ ਅਨੰਦਪੁਰ ਸਾਹਿਬ ਵੱਲ ਨੂੰ ਮੂੰਹ ਕਰ ਲਿਆ। ਚਲਦਾ ਚਲਦਾ ਅਨੰਦਪੁਰ ਸਾਹਿਬ ਆਇਆ, ਕਿੰਨਾ ਅਨੰਦ ਹੈ ਉਸ ਦੇ ਹਿਰਦੇ ਦੇ ਅੰਦਰ, ਕਿੰਨਾ ਸ਼ੁਕਰਾਨਾ ਹੈ ਉਸ ਦੇ ਹਿਰਦੇ ਦੇ ਅੰਦਰ, ਉਸ ਦਾ ਅੰਦਾਜਾ ਅਸੀਂ ਨਹੀਂ ਲਾ ਸਕਦੇ। ਗੁਰੂ ਦਸਮੇਸ਼ ਪਿਤਾ ਦੇ ਮਹਿਲਾਂ ਦੇ ਸਾਹਮਣੇ ਪਹੁੰਚ ਗਿਆ ਤੇ ਬੇਨਤੀ ਕੀਤੀ ਕਿ ਮੈਂ ਮਹਾਰਾਜ ਜੀ ਦੇ ਦਰਸ਼ਨ ਕਰਨੇ ਨੇ। ਉਹ ਕਹਿਣ ਲੱਗੇ ਕਿ ਅੱਜ ਪਾਤਿਸ਼ਾਹ ਬਾਹਰ ਨਹੀਂ ਆਏ, ਅੰਦਰ ਹੀ ਨੇ ਤੇ ਅਸੀਂ ਬੇਨਤੀ ਕਰ ਦਿੰਦੇ ਹਾਂ। ਉਨ੍ਹਾਂ ਨੇ ਬੇਨਤੀ ਕਰੀ ਕਿ ਮਹਾਰਾਜ! ਬਿਲਾਸਪੁਰ ਦਾ ਵਜ਼ੀਰ ਆਇਆ ਹੈ।

ਮਹਾਰਾਜ ਜੀ ਕਹਿੰਦੇ, "ਅੰਦਰ ਲੈ ਆਓ।"

ਅੰਦਰ ਲੈ ਆਏ ਜਿਥੇ ਆਪ ਬਿਰਾਜਮਾਨ ਸੀ ਤੇ ਹੈਰਾਨ ਹੋ ਗਿਆ ਕਿ ਮਹਾਰਾਜ ਜੀ ਦੇ ਚਰਨਾਂ ਤੇ ਪੱਟੀਆਂ ਬੰਨ੍ਹੀਆਂ ਹੋਈਆਂ ਨੇ ਤੇ ਵਿਚੋਂ ਖੂਨ ਸਿੰਮਿਆ ਹੋਇਆ ਹੈ। ਉਸ ਵੇਲੇ ਹਿਰਦਾ ਕੰਬਿਆ ਕਿ ਮਨਾ! ਤੂੰ ਚਰਨਾਂ ਦਾ ਧਿਆਨ ਧਰਿਆ ਤੇ ਤਾਂ ਇਹ ਗੱਲ ਹੋਈ।

ਸੋ ਉਸ ਵੇਲੇ ਨਮਸ਼ਕਾਰ ਕੀਤੀ ਤੇ ਕਿਹਾ, "ਪਾਤਿਸ਼ਾਹ! ਚਰਨਾਂ ਤੇ ਖ਼ੂਨ ਦੇ ਧੱਬੇ ਕਿਉਂ ਨੇ?" ਮਹਾਰਾਜ ਜੀ ਮੁਸਕਰਾਏ ਤੇ ਕਹਿਣ ਲੱਗੇ, "ਦੇਵੀ ਦਾਸ! ਕਿਸੇ ਪ੍ਰੇਮੀ ਨੇ ਸਾਡੇ ਚਰਨਾਂ ਦਾ ਧਿਆਨ ਧਰ ਲਿਆ, ਉਸ ਦੀਆਂ ਅੱਖਾਂ ਵਿਚ ਸਿਲਾਈਆਂ ਫਿਰਨੀਆਂ ਸਨ। ਸੋ ਉਹ ਉਸ ਦੀਆਂ ਅੱਖਾਂ ਵਿਚ ਨਹੀਂ ਫਿਰੀਆਂ, ਉਹ ਸਾਡੇ ਚਰਨਾਂ ਨਾਲ ਲੱਗੀਆਂ ਆ ਕੇ।"

ਤੀਸਰਾ, ਇਤਿਹਾਸ ਇਹ ਦਸਦਾ ਹੈ ਕਿ ਭਾਈ ਬਿਧੀ ਚੰਦ ਜਦੋਂ ਪੱਟੀ ਤੋਂ ਦੁਸ਼ਾਲੇ ਲੈ ਕੇ ਆਇਆ ਤੇ ਚਾਰੇ ਪਾਸਿਓਂ ਘਿਰ ਗਿਆ ਤਾਂ ਉਸ ਨੇ ਗੁਰੂ ਛੇਵੇਂ ਪਾਤਿਸ਼ਾਹ ਦਾ ਧਿਆਨ ਧਰ ਕੇ ਭੱਠ ਵਿਚ ਛਾਲ ਮਾਰੀ। ਏਧਰ ਲਹਿਰੇ ਗਾਗੇ ਗੁਰੂ ਮਹਾਰਾਜ ਜੀ ਬੈਠੇ ਨੇ, ਕਹਿਣ ਲੱਗੇ, "ਮਸ਼ਕਾਂ ਲਿਆਓ ਪਾਣੀ ਦੀਆਂ ਭਰ ਕੇ ਛੇਤੀ-ਛੇਤੀ।" ਮਸ਼ਕਾਂ ਪਾਈ ਜਾਂਦੀਆਂ ਨੇ ਗੁਰੂ ਮਹਾਰਾਜ ਜੀ ਦੇ ਉਤੇ ਪਾਣੀ ਡੁਲ੍ਹੀ ਜਾਂਦਾ ਹੈ ਤੇ ਏਧਰ ਇਸ ਨੂੰ ਆਏਂ ਲਗਦਾ ਹੈ ਜਿਵੇਂ ਇਹ ਠੰਡੇ ਥਾਂ ਬੈਠਾ ਹੋਵੇ।

ਸੋ ਇਹ ਧਿਆਨ ਦੀ ਸ਼ਕਤੀ ਹੈ। ਧਿਆਨ ਦੀ ਸ਼ਕਤੀ ਦੇ ਨਾਲ ਕੱਛੂ ਬੱਚਿਆਂ ਨੂੰ ਪਾਲਦਾ ਹੈ। ਕੱਛੂ ਬਾਹਰ ਬਰੇਤੀ ਤੇ ਅੰਡੇ ਦਿੰਦਾ ਹੈ ਤੇ ਆਪ ਪਾਣੀ ਵਿਚ ਰਹਿੰਦਾ ਹੈ। ਉਹ ਕੇਵਲ ਧਿਆਨ ਸ਼ਕਤੀ ਦੇ ਨਾਲ ਬੱਚਿਆਂ ਨੂੰ ਪਾਲਦਾ ਹੈ। ਸਿਮਰਨ ਸ਼ਕਤੀ ਦੇ ਨਾਲ ਕੂੰਜ ਹਜ਼ਾਰਾਂ ਕੋਹਾਂ ਤੇ –

***ਊਡੈ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ॥***
***ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਣੁ ਕਰਿਆ॥***
***ਪੰਨਾ – 10***

ਯਾਦ ਦੇ ਨਾਲ ਪਾਲਦੀ ਹੈ, 'ਵਾਤਸਲ ਯਾਦ' ਕਹਿੰਦੇ ਨੇ ਇਸ ਨੂੰ। ਤਾਰਾਂ ਜੁੜ ਜਾਂਦੀਆਂ ਨੇ ਜਿਵੇਂ remote control ਦੀਆਂ ਤਾਰਾਂ ਜੁੜਦੀਆਂ ਹਨ। ਆਹ ਬਾਹਰ ਸਾਡੇ ਰਾਕਟ ਜਾ ਰਹੇ ਨੇ ਹਜ਼ਾਰਾਂ ਮੀਲਾਂ ਤੇ, ਲੱਖਾਂ-ਕਰੋੜਾਂ ਮੀਲਾਂ ਤੇ, ਉਥੇ ਤੱਕ ਵੀ remote ਨਾਲ ਉਨ੍ਹਾਂ ਦੀ ਸੇਧ ਸਿੱਧੀ ਕਰ ਦਿੰਦੇ ਨੇ। ਮੰਗਲ ਸਿਤਾਰਾ ਚੌਦਾਂ ਕਰੋੜ ਕਿਲੋਮੀਟਰ ਦੂਰ ਹੈ। ਉਥੇ ਰਾਕਟ ਗਿਆ ਤਾਂ ਉਥੇ ਉਸ ਦੀ ਬਾਂਹ ਜਿਹੀ ਨਿਕਲ ਗਈ, ਕੰਮ ਨਹੀਂ ਸੀ ਕਰਦਾ। ਉਸ ਦਾ ਇਥੋਂ remote control ਨਾਲ ਪੁਰਜਾ ਠੀਕ ਕੀਤਾ, ਬਾਂਹ ਚਲਾਈ ਤਾਂ ਕੰਮ ਕਰਨ ਲੱਗਿਆ।

ਸੋ ਜਦੋਂ ਇਹ ਮਸ਼ੀਨਾਂ ਕੰਮ ਕਰਦੀਆਂ ਨੇ, ਤੇ ਵਿਚ ਤਾਰ ਕੋਈ ਨਹੀਂ, ਇਕ ਬੈਟਰੀ ਹੈ ਤੇ ਉਸ ਬੈਟਰੀ ਦੀ ਸ਼ਕਤੀ ਉਥੇ ਤੱਕ ਪਹੁੰਚਦੀ ਹੈ, ਫੇਰ ਯਾਦ ਦੀ ਸ਼ਕਤੀ ਕਿਵੇਂ ਨਹੀਂ ਗੁਰੂ ਤੱਕ ਪਹੁੰਚਦੀ? ਇਸੇ ਤਰ੍ਹਾਂ ਸਿਮਰਨ ਦੀ ਸ਼ਕਤੀ ਕਿਵੇਂ ਨਹੀਂ ਪਹੁੰਚਦੀ? ਜੇ ਕੂੰਜ ਆਪਣੇ ਬੱਚਿਆਂ ਨੂੰ ਪਾਲਦੀ ਹੈ ਸਿਮਰਨ ਦੇ ਨਾਲ, ਫੇਰ ਗੁਰੂ ਮਹਾਰਾਜ ਜੀ ਨੇ ਸੁਖਮਨੀ ਸਾਹਿਬ ਦੀ ਪਹਿਲੀ ਅਸ਼ਟਪਦੀ ਦੇ ਅੰਦਰ ਫੁਰਮਾਨ ਕੀਤਾ ਹੈ–

***ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥***
***ਕਲਿ ਕਲੇਸ ਤਨ ਮਾਹਿ ਮਿਟਾਵਉ॥ ਪੰਨਾ – 262***

ਉਸ ਦੇ ਉਤੇ ਸਾਡਾ ਵਿਸ਼ਵਾਸ ਨਹੀਂ ਬੱਝਦਾ। ਸੋ ਇਹ ਧਿਆਨ ਦੀ ਬਾਤ ਮੈਂ ਕਰੀ ਹੈ। ਪਹਿਲਾ ਧਿਆਨ ਹੁੰਦਾ ਹੈ ਸ਼ਬਦ ਦਾ, ਦੂਸਰਾ ਹੋਇਆ ਕਰਦਾ ਹੈ ਸਾਕਾਰ ਦਾ, ਤੀਸਰਾ ਧਿਆਨ ਹੁੰਦਾ ਹੈ ਜੋਤੀ ਦਾ – ਜੋਤੀ ਸਰੂਪ ਸਮਝ ਕੇ ਧਿਆਨ ਧਰਨਾ। ਚੌਥਾ ਧਿਆਨ ਨਹੀਂ ਹੁੰਦਾ ਉਸ ਨੂੰ ਗਿਆਨ ਕਹਿੰਦੇ ਨੇ। ਉਸ ਸਾਰੇ ਪਰੀਪੂਰਨ ਵਾਹਿਗੁਰੂ ਵਿਚ ਲੀਨ ਹੋ ਕੇ ਭਗਤੀ ਕਰਨੀ, ਆਪਣਾ ਆਪਾ ਗੁਆ ਦੇਣਾ ਤੇ ਇਹ ਸਮਝਣਾ ਕਿ ਅੰਦਰ ਬਾਹਰ ਮੇਰੇ ਚਾਰੇ ਪਾਸੇ ਵਾਹਿਗੁਰੂ ਹੀ ਹੈ। ਜਿਸ ਦਾ ਮੈਂ ਨਾਂ ਲੈਂਦਾ ਹਾਂ, ਉਹ ਮੇਰੇ ਨਾਲ ਹੀ ਹੈ। ਸੋ–

***ਦਿਬ ਦਿਸਟਿ ਗੁਰ ਧਿਆਨੁ ਧਰਿ ਸਿਖ ਵਿਰਲਾ ਕੋਈ।***
***ਭਾਈ ਗੁਰਦਾਸ ਜੀ ਦੀ ਵਾਰ 9/7***

ਕੋਈ ਵਿਰਲਾ ਵਿਰਲਾ ਸਿੱਖ ਹੈ ਐਸਾ –

***ਦਿਬ ਦਿਸਟਿ ਗੁਰ ਧਿਆਨੁ ਧਰਿ ਸਿਖ ਵਿਰਲਾ ਕੋਈ।***
***ਰਤਨ ਪਾਰਖੂ ਹੋਇਕੈ ਰਤਨਾ ਅਵਲੋਈ।***
***ਮਨੁ ਮਾਣਕੁ ਨਿਰਮੋਲਕਾ ਸਤਿਸੰਗ ਪਰੋਈ।***
***ਰਤਨਮਾਲ ਗੁਰ ਸਿਖ ਜਗਿ ਗੁਰਮਤਿ ਗੁਣ ਗੋਈ।***
***ਜੀਵਦਿਆਂ ਮਰਿ ਅਮਰੁ ਹੋਇ ਸੁਖ ਸਹਜਿ ਸਮੋਈ।***
***ਓਤਿ ਪੋਤਿ ਜੋਤੀ ਜੋਤਿ ਮਿਲਿ ਜਾਣੈ ਜਾਣੋਈ॥***
***ਭਾਈ ਗੁਰਦਾਸ ਜੀ ਦੀ ਵਾਰ 9/7***

ਜੋਤ ਵਿਚ ਜੋਤੀ ਮਿਲ ਜਾਂਦੀ ਹੈ, ਓਤ-ਪੋਤ ਹੋ ਜਾਂਦਾ ਹੈ ਜਿਵੇਂ ਤਾਣਾ ਤੇ ਪੇਟਾ ਹੁੰਦਾ ਹੈ ਤੇ ਜਾਨਣਹਾਰ ਵਾਹਿਗੁਰੂ ਆਪ ਜਾਣਦਾ ਹੈ, ਫੇਰ ਸੰਸਾਰ ਨੂੰ ਜਣਾਉਂਦਾ ਹੈ। ਸੋ ਐਸਾ ਕੋਈ ਵਿਰਲਾ ਸਿੱਖ ਹੈ ਤੇ ਉਸ ਦੀ ਜਿਹੜੀ ਅੰਦਰਲੀ ਅਵਸਥਾ ਹੈ ਉਸ ਦੇ ਬਾਰੇ ਏਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਅਨਹਦ ਧੁਨ ਧੀਰਾ –2, 2.***
***ਸਬਦ ਸੁਰਤਿ ਲਿਵਲੀਨ ਹੋਇ –2, 2.***
***ਅਨਹਦ ਧੁਨ ਧੀਰਾ,............ –2.***

***ਰਾਗ ਨਾਦ ਵਿਸਮਾਦੁ ਹੋਇ ਗੁਣ ਗਹਿਰ ਗੰਭੀਰਾ।***
***ਸਬਦ ਸੁਰਤਿ ਲਿਵਲੀਨ ਹੋਇ ਅਨਹਦ ਧੁਨਿ ਧੀਰਾ।***
***ਜੰਤ੍ਰੀ ਜੰਤ੍ਰ ਵਜਾਇਦਾ ਮਨਿ ਉਨਮਨਿ ਚੀਰਾ।***
***ਵਜਿ ਵਜਾਇ ਸਮਾਇ ਲੈ ਗੁਰ ਸਬਦ ਵਜੀਰਾ।***
***ਅੰਤਰਿਜਾਮੀ ਜਾਣੀਐ ਅੰਤਰਿ ਗਤਿ ਪੀਰਾ।***
***ਗੁਰ ਚੇਲਾ ਚੇਲਾ ਗੁਰੂ ..............॥***
***ਭਾਈ ਗੁਰਦਾਸ ਜੀ ਦੀ ਵਾਰ 9/8***

ਇਹ ਪਉੜੀ ਗੁਰੂ ਅੰਗਦ ਸਾਹਿਬ ਮਹਾਰਾਜ ਜੀ ਦੀ ਲਿਵਲੀਨਤਾ ਦਾ ਧਿਆਨ ਧਰ ਕੇ ਭਾਈ ਗੁਰਦਾਸ ਜੀ ਨੇ ਉਚਾਰੀ ਹੈ ਕਿਉਂਕਿ ਸਾਰਾ ਪ੍ਰਸੰਗ ਇਹ ਜੋ ਬੇਨਤੀਆਂ ਕੀਤੀਆਂ ਨੇ, ਇਹ ਉਨ੍ਹਾਂ ਦੇ ਦੁਆਲੇ ਘੁੰਮ ਰਹੀ ਹੈ ਸਾਰੀ ਅੰਦਰਲੀ ਅਵਸਥਾ। ਕਹਿੰਦੇ –

***ਰਾਗ ਨਾਦ ਵਿਸਮਾਦੁ ਹੋਇ............।***
***ਭਾਈ ਗੁਰਦਾਸ ਜੀ ਦੀ ਵਾਰ 9/8***

ਆਹ ਵੀ ਜਿਹੜੇ ਸ਼ਬਦ ਬਾਹਰ ਵਜਦੇ ਨੇ ਤੇ ਅੰਦਰ ਵਾਲੇ ਵੀ, ਇਹ ਵਿਸਮਾਦ ਦੀ ਅਵਸਥਾ ਵਿਚ ਲੈ ਜਾਂਦੇ ਨੇ –

*.................. ਗੁਣ ਗਹਿਰ ਗੰਭੀਰਾ।*
*ਸਬਦ ਸੁਰਤਿ ਲਿਵਲੀਣ ਹੋਇ ਅਨਹਦ ਧੁਨਿ ਧੀਰਾ।*
***ਭਾਈ ਗੁਰਦਾਸ ਜੀ ਦੀ ਵਾਰ 9/8***

ਅਨਹਦ ਦੀ ਧੁਨ ਵਜ ਰਹੀ ਹੈ ਅੰਦਰ, ਸੁਰਤਿ ਸ਼ਬਦ ਵਿਚ ਜਦੋਂ ਲੀਨ ਹੋ ਜਾਂਦੀ ਹੈ।

*ਜੰਤ੍ਰੀ ਜੰਤ੍ਰ ਵਜਾਇਦਾ ਮਨਿ ਉਨਮਨਿ ਚੀਰਾ।*
***ਭਾਈ ਗੁਰਦਾਸ ਜੀ ਦੀ ਵਾਰ 9/8***

ਜਦੋਂ ਕੋਈ ਬਾਹਰਲਾ ਵੀ ਸ਼ਬਦ ਵਜਦਾ ਹੈ, ਚਾਹੇ ਅੰਦਰਲਾ ਵਜਦਾ ਹੈ, ਤੁਰੀਆ ਅਵਸਥਾ ਵਿਚ ਗੁਰਸਿਖ ਦਾ ਮਨ ਪਹੁੰਚ ਜਾਂਦਾ ਹੈ, ਉਸੇ ਵੇਲੇ ਲੀਨ ਹੋ ਜਾਇਆ ਕਰਦਾ ਹੈ।

*ਵਜਿ ਵਜਾਇ ਸਮਾਇ ਲੈ ਗੁਰ ਸਬਦ ਵਜੀਰਾ।*
*ਅੰਤਰਿਜਾਮੀ ਜਾਣੀਐ ਅੰਤਰਿ ਗਤਿ ਪੀਰਾ।*
***ਭਾਈ ਗੁਰਦਾਸ ਜੀ ਦੀ ਵਾਰ 9/8***

ਜੋ ਅੰਦਰਲੀ ਅਵਸਥਾ ਜਰੀ ਨਹੀਂ ਜਾਂਦੀ, ਜਦੋਂ ਉਸ ਅਜਰ ਨੂੰ ਜਰਦਾ ਹੈ, ਸੋ ਵਾਹਿਗੁਰੂ ਉਸ ਅੰਦਰਲੀ ਪੀੜਾ ਨੂੰ ਜਾਣਦਾ ਹੈ।

ਜਿਹੜੀ ਅੰਦਰ ਪੀੜ ਹੋ ਰਹੀ ਹੈ ਸਹਿਣ ਦੀ, ਰਿੱਧੀ ਸਿੱਧੀ ਆ ਜਾਏ, ਇਹ ਸਹਿਣੀ ਬਹੁਤ ਔਖੀ ਹੈ। ਆਹ ਬੀਬੀ ਜੀ ਦੇ ਪਿਤਾ ਜੀ ਬਾਰੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਦੇ ਨੇ ਕਿ ਇਕ ਵਾਰੀ ਉਹ ਸੰਗਤ ਵਿਚ ਮਹਾਰਾਜ ਜੀ ਦੀ ਤਾਅਬੇ ਬੈਠੇ ਨੇ, ਚੌਰ ਕਰ ਰਹੇ ਨੇ। ਐਸੀ ਬਿਰਤੀ ਲੀਨ ਹੋਈ ਸ਼ਬਦ ਦੇ ਅੰਦਰ ਕਿ ਸਹਿ ਨਾ ਹੋਈ ਉਨ੍ਹਾਂ ਤੋਂ ਤੇ ਇਕ ਦਮ ਛੱਤ ਨਾਲ ਜਾ ਕੇ ਲੱਗ ਗਏ। ਹੌਲੀ-ਹੌਲੀ ਹੇਠਾਂ ਨੂੰ ਉਤਰੇ, ਫੇਰ ਨਹੀਂ ਸਹਿ ਹੋਈ, ਫੇਰ ਉਪਰ ਨੂੰ ਚਲੇ ਗਏ, ਫੇਰ ਹੌਲੀ-ਹੌਲੀ ਉਪਰੋਂ ਛੱਤ ਦੇ ਨਾਲ ਕੰਧਾਂ ਦੇ ਨਾਲ ਲਗਦੇ ਲਗਦੇ ਅਖੀਰ ਗੁਰੂ ਸਾਹਿਬ ਦੇ ਸਾਹਮਣੇ ਲੰਮੇ ਪੈ ਗਏ, 6 ਘੰਟੇ ਪਏ ਰਹੇ ਤੇ ਉਨ੍ਹਾਂ ਦੇ ਸਰੀਰ ਵਿਚੋਂ ਐਨਾ ਪ੍ਰਕਾਸ਼ ਨਿਕਲੇ ਕਿ ਵਾਜਿਆਂ ਵਾਲਿਆਂ ਦੇ ਵਾਜੇ ਬੰਦ ਹੋ ਗਏ, ਇਕ ਰੂਹਾਨੀ ਕੰਬਣੀ, ਸਾਰਿਆਂ ਦੇ ਅੰਦਰ ਝੁਣਝੁਣੀ ਲੱਗ ਗਈ ਤੇ ਕਿਸੇ ਤੋਂ ਬੋਲ ਨਹੀਂ ਸੀ ਹੁੰਦਾ। ਐਸਾ ਅਕਹਿ ਰਸ ਸਾਰਿਆਂ ਨੇ ਦੇਖਿਆ ਜੋ ਕਦੇ ਦੇਖਿਆ ਹੀ ਨਹੀਂ ਸੀ। ਛੇ ਘੰਟੇ ਤੋਂ ਬਾਅਦ ਉਨ੍ਹਾਂ ਨੇ ਅਰਦਾਸ ਕਰਕੇ ਉਸ ਅਜਰ ਨੂੰ ਜਰਿਆ। ਇਸ ਨੂੰ ਕਹਿੰਦੇ ਨੇ - ਅਜਰ ਨੂੰ ਜਰਨਾ, ਇਹ ਬਹੁਤ ਔਖਾ ਹੈ। ਜਦੋਂ ਨਾਮ ਦਾ ਪ੍ਰਕਾਸ਼ ਹੁੰਦਾ ਹੈ ਉਹ ਧੁਨ ਸੁਣੀ ਨਹੀਂ ਜਾਂਦੀ ਪਹਿਲਾਂ-ਪਹਿਲਾਂ। ਜਦੋਂ ਸੁਣਦਾ ਹੈ ਉਸ ਵੇਲੇ ਅਨੰਦ ਵਿਚ ਚਲੇ ਜਾਂਦਾ ਹੈ, ਸਹਿ ਨਹੀਂ ਹੁੰਦੀ।

ਇਕ ਵਾਰੀ ਮਹਾਰਾਜ ਜੀ ਇਥੇ ਚੰਡੀਗੜ੍ਹ ਬੈਠੇ ਸਨ। ਦੀਵਾਨ ਲੱਗ ਰਹੇ ਸੀ। 10 ਸੈਕਟਰ ਉਨ੍ਹਾਂ ਦੀ ਰਿਹਾਇਸ਼ ਵਾਸਤੇ ਕੋਠੀ ਲਈ ਹੋਈ ਸੀ ਅਸੀਂ। ਉਥੇ ਇਕ ਪ੍ਰੇਮੀ ਆਇਆ, ਕੋਈ ਪੰਡਤ ਸੀ, ਉਸ ਨੇ ਕਿਤੇ ਕੀਰਤਨ ਸੁਣਿਆ ਰਾਹ ਜਾਂਦੇ ਨੇ, ਉਹ ਕਹਿੰਦਾ ਠਹਿਰੋ! ਠਹਿਰੋ!! ਆਹ ਸ਼ਬਦ ਦੀ ਆਵਾਜ਼ ਕਰਨੀ ਕਮਾਈ ਵਾਲੇ ਦੀ, ਹੈ ਇਹ ਕਿਸੇ ਆਮ ਰਾਗੀ ਦੀ ਨਹੀਂ ਹੈ; ਠਹਿਰ ਜਾਓ। ਉਹ ਠਹਿਰ ਗਿਆ, ਕਹਿੰਦਾ, ਵਿੰਨ੍ਹਦੀ ਜਾਂਦੀ ਹੈ ਅੰਦਰ। ਏਨੇ ਨੂੰ ਉਥੇ ਇਕ ਹੋਰ ਖੜ੍ਹਾ ਸੀ ਉਹ ਵੀ ਹਿੰਦੂ ਵੀਰ ਸੀ। ਉਹ ਕਹਿੰਦਾ ਜੀ! ਮੈਂ ਹੈਰਾਨ ਹਾਂ। ਮੇਰਾ ਗੁਰੂ ਮਥਰਾ ਵਿਚ ਰਹਿੰਦਾ ਹੈ। ਇਕ ਵਾਰੀ ਮੇਰੇ ਗੁਰੂ ਨੇ ਇਹ ਗੱਲ ਦੱਸੀ ਸੀ ਕਿ ਬੰਦਗੀ ਕਰਨ ਵਾਲਿਆਂ ਦੇ ਅੰਦਰੋਂ ਜਿਵੇਂ rediation ਹੁੰਦੀ ਹੈ ਸ਼ਕਤੀ ਕਿਰਨਾਂ ਬਿਖਰਦੀਆਂ ਹਨ, ਇਸ ਤਰ੍ਹਾਂ ਅੰਦਰ ਕੋਈ ਐਸੀ ਬੇਤਾਰ ਤਾਰ ਜੁੜਨ ਦਾ ਅਸਰ ਹੁੰਦਾ ਹੈ ਕਿ ਉਹ ਸਾਂਭਿਆ ਨਹੀਂ ਜਾਂਦਾ। ਉਹ ਕਹਿੰਦਾ ਮੈਨੂੰ ਆਹ ਅਨੁਭਵ ਹੋਇਆ ਹੈ ਕਿ ਆਹ ਉਹੋ ਆਵਾਜ਼, radiation ਹੋ ਰਹੀ ਹੈ ਸ਼ਬਦ ਦੀ।

ਸੋ ਦੂਸਰੇ ਦਿਨ ਪੁਛਦੇ-ਪੁਛਾਂਦੇ ਉਥੇ ਆ ਗਏ। ਅਸੀਂ ਵੀ ਰਾਤ ਨੂੰ ਦੀਵਾਨ ਵਿਚ ਦੱਸਿਆ ਸੀ ਕਿ ਭਾਈ! ਜਿਸ ਨੇ ਮਿਲਣਾ ਹੈ, 10 ਸੈਕਟਰ ਆ ਜਾਇਓ - 15 ਨੰਬਰ ਕੋਠੀ ਵਿਚ। ਸੋ ਉਹ ਉਥੇ ਪਹੁੰਚ ਗਏ। ਉਥੇ ਆ ਕੇ ਸ਼ਾਸਤਰੀ ਜੀ ਨੇ ਦੋ ਬਚਨ ਕਹੇ। ਬੜਾ ਵਿਦਵਾਨ ਸੀ ਉਹ ਪੜ੍ਹਿਆ-ਲਿਖਿਆ।

ਕਹਿੰਦਾ, "ਮਹਾਰਾਜ! ਸੁਣਦਾ ਹੈ, ਸੁਣ ਕਿਉਂ ਨਹੀਂ ਹੁੰਦਾ? ਦਿਸਦਾ ਹੈ, ਦੇਖਿਆ ਕਿਉਂ ਨਹੀਂ ਜਾਂਦਾ?"

ਮਹਾਰਾਜ ਜੀ ਕਹਿੰਦੇ, "ਅਭਿਆਸ ਨਹੀਂ ਹੈ ਪੰਡਤ ਜੀ!"

ਕਿਸੇ ਦੀ ਸਮਝ ਵਿਚ ਨਹੀਂ ਆਈ ਗੱਲ। ਉਸ ਨੇ ਐਨੀ ਗੱਲ ਸੁਣੀ ਨਮਸ਼ਕਾਰ ਕਰੀ ਤੇ ਅਸੀਸਾਂ ਦਿੰਦਾ ਹੋਇਆ ਚਲਾ ਗਿਆ। ਸਾਰੀ ਸੰਗਤ ਹੈਰਾਨ ਹੈ ਕਿ ਇਕ ਗੱਲ ਕਹੀ ਹੈ ਤੇ ਮਹਾਰਾਜ ਜੀ ਨੇ ਇਕੋ ਹੀ ਜਵਾਬ ਦਿੱਤਾ ਹੈ ਤੇ ਵਿਚ ਤਾਂ ਪਤਾ ਨਹੀਂ ਲੱਗਿਆ। ਬਾਅਦ ਵਿਚ ਪੁਛਿਆ ਕਿ ਮਹਾਰਾਜ! ਇਸ ਦਾ ਸਵਾਲ ਕੀ ਸੀ ਤੇ ਆਪਦਾ ਜਵਾਬ ਕੀ ਸੀ?

ਮਹਾਰਾਜ ਜੀ ਕਹਿੰਦੇ ਕਿ ਪ੍ਰੇਮੀਓਂ! ਅਨਹਦ ਸ਼ਬਦ ਦੀ ਹੱਦ ਦੇ ਉਤੇ ਜਿਥੇ 'ਸੋ' ਸ਼ਬਦ ਦਾ ਵਾਸਾ ਹੈ, ਜਿਸ ਨੂੰ ਏਕ ਸ਼ਬਦ ਕਹਿੰਦੇ ਨੇ; ਜਦੋਂ ਓਹਦੇ ਵਿਚ ਰੁਸਵਾਈ ਹੁੰਦੀ ਹੈ ਜਿਸ ਨੂੰ ਨਾਮ ਦੀ ਪ੍ਰਾਪਤੀ ਕਹਿੰਦੇ ਨੇ, ਸ਼ਬਦ ਦੀ ਪ੍ਰਾਪਤੀ ਹੋਣ ਦੇ ਨਾਲ ਕਿਉਂਕਿ ਉਹ 'ਆਦਿ ਸ਼ਬਦ' ਹੈ, ਸਤਿ ਸ਼ਬਦ ਉਸ ਨੂੰ ਆਖਿਆ ਜਾਂਦਾ ਹੈ ਤੇ ਉਸ ਸਤਿ ਸ਼ਬਦ ਦੇ ਨਾਲ ਜਦੋਂ ਜੀਵ ਦੀ ਸੁਰਤਿ ਦਾ ਸੰਪਰਕ ਹੁੰਦਾ ਹੈ ਤਾਂ ਉਹ ਦਿੱਬ ਸ਼ਬਦ ਐਡਾ ਸ਼ਕਤੀਸ਼ਾਲੀ ਹੈ ਤੇ ਉਸ ਦੇ ਵਿਚ ਐਨਾ ਅਨੰਦ ਹੈ ਕਿ ਉਹ ਸਹਿ ਨਹੀਂ ਹੁੰਦਾ। ਉਥੇ ਜੋ ਨਾਦ ਹੁੰਦਾ ਹੈ, ਅਨਹਦ ਸ਼ਬਦ ਦਾ ਨਾਦ, ਉਹ ਦਰਗਾਹੀ ਨਾਦ ਹੋਇਆ ਕਰਦਾ ਹੈ- cosmic music, ਉਹ ਦਰਗਾਹ ਤੋਂ ਆਉਂਦਾ ਹੈ ਕਿਉਂਕਿ ਪ੍ਰਮੇਸ਼ਰ ਦੇ ਦਰ ਤੇ ਸਭ ਗਾ ਰਹੇ ਨੇ।

*ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥*
*ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ॥*
***ਰਹਿਰਾਸ ਸਾਹਿਬ***

ਉਥੇ ਰਾਗ ਚੱਲ ਰਿਹਾ ਹੈ, music (ਸੰਗੀਤ) ਚੱਲ

ਰਿਹਾ ਹੈ ਰੱਬ ਦੇ ਦਰ ਤੇ। ਜਦੋਂ ਉਸ ਨਾਲ ਸੁਰਤਿ ਇਕ ਮਿੱਕ ਹੁੰਦੀ ਹੈ ਤਾਂ ਇਸ ਜੀਵ ਦੇ ਵਸ ਦੀ ਬਾਤ ਨਹੀਂ ਕਿ ਉਹ ਇਸ ਨੂੰ ਸੁਣ ਕੇ ਸਹਿ ਲਵੇ। ਕੋਈ ਵਿਰਲਾ-ਵਿਰਲਾ ਹੈ ਜਿਸ ਦਾ ਅਭਿਆਸ ਪੱਕਾ ਹੋਵੇ, ਉਹ ਬਾਰ-ਬਾਰ ਉਥੇ ਪਹੁੰਚ ਕੇ ਉਸ ਅਜਰ ਨੂੰ ਜਰਦਾ ਹੈ।

ਇਸੇ ਤਰ੍ਹਾਂ ਜਦੋਂ ਪ੍ਰਕਾਸ਼ ਹੁੰਦਾ ਹੈ ਅੰਦਰ, ਉਸ ਨੂੰ ਵੀ ਜਰਨਾ ਬਹੁਤ ਔਖਾ ਹੁੰਦਾ ਹੈ। ਸੋ ਪਿਤਾ ਜੀ ਨੂੰ ਪੁਛਿਆ ਕਿ ਕੀ ਗੱਲ ਹੋਈ ਸੀ। ਉਹ ਕਹਿੰਦੇ ਕਿ ਐਨਾ ਪ੍ਰਕਾਸ਼ ਗੁਰੂ ਨਾਨਕ ਪਾਤਿਸ਼ਾਹ ਦਾ ਅੰਦਰ ਆਇਆ ਕਿ ਸਾਥੋਂ ਝੱਲਿਆ ਨਾ ਗਿਆ। ਸਰੀਰ balance (ਗੁਰੂਤਾ ਸ਼ਕਤੀ) ਛਡ ਗਿਆ ਤੇ ਸਾਨੂੰ ਉਸ ਤੋਂ ਬਾਅਦ ਕੋਈ ਪਤਾ ਨਹੀਂ ਕੀ ਹੋਇਆ, ਸਾਡੀ ਤਾਂ ਅਰਦਾਸ ਹੀ ਸੀ ਕਿ ਹੇ ਪਾਤਿਸ਼ਾਹ! ਇਸ ਅਜਰ ਨੂੰ ਜਰਨ ਦੀ ਸ਼ਕਤੀ ਬਖਸ਼ੋ। ਸੋ ਇਹ ਜੋ ਪੀੜ ਹੈ -

***ਅੰਤਰਿਜਾਮੀ ਜਾਣੀਐ ਅੰਤਰਿ ਗਤਿ ਪੀਰਾ॥***
***ਭਾਈ ਗੁਰਦਾਸ ਜੀ ਦੀ ਵਾਰ 9/8***

ਜਿਹੜੀ ਇਹ ਅੰਦਰ ਪੀੜ ਹੁੰਦੀ ਹੈ ਵਾਹਿਗੁਰੂ ਹੀ ਇਸ ਨੂੰ ਜਾਣਦਾ ਹੈ -

***ਗੁਰ ਚੇਲਾ ਚੇਲਾ ਗੁਰੂ ਬੇਧਿ ਹੀਰੈ ਹੀਰਾ॥***
***ਭਾਈ ਗੁਰਦਾਸ ਜੀ ਦੀ ਵਾਰ 9/8***

ਗੁਰੂ ਚੇਲਾ ਹੈ, ਗੁਰੂ ਅੰਗਦ ਸਾਹਿਬ ਚੇਲੇ ਨੇ ਤੇ ਚੇਲਾ ਹੀ ਗੁਰੂ ਬਣਿਆ ਹੋਇਆ ਹੈ, ਫਰਕ ਨਹੀਂ ਦੋਹਾਂ ਦੇ ਅੰਦਰ, ਇਕ ਨਜ਼ਰ ਆਉਂਦੇ ਨੇ।

ਸੋ ਦੋ ਸ਼ਬਦ ਹੁੰਦੇ ਨੇ - ਇਕ ਨੂੰ ਆਹਤ ਕਹਿੰਦੇ ਨੇ, ਦੂਜੇ ਨੂੰ ਅਨਾਹਦ ਕਹਿੰਦੇ ਨੇ। ਅਨਾਹਦ ਸ਼ਬਦ ਦੇ ਅੰਦਰ ਜਦੋਂ ਬਿਰਤੀ ਲੀਨ ਹੋ ਜਾਂਦੀ ਹੈ ਤੇ ਫੇਰ ਨਾਮ ਰੰਗ ਆਉਂਦਾ ਹੈ, ਨਾਮ ਦਾ ਪਿਆਰ ਆਉਂਦਾ ਹੈ ਫੇਰ ਜਿਹੜਾ ਗੁਰਸਿੱਖ ਪੂਰਾ ਹੈ ਉਹ ਅਜਰ ਨੂੰ ਜਰ ਲੈਂਦਾ ਹੈ।

ਸੋ ਗੁਰੂ ਅੰਗਦ ਸਾਹਿਬ ਮਹਾਰਾਜ ਜੀ ਦੀ ਪਰੀਤ ਨੂੰ ਗੁਰੂ ਨਾਨਕ ਮਹਾਰਾਜ ਜਾਣਦੇ ਨੇ - ਅੰਦਰਲੀ ਪੀੜਾ ਨੂੰ, ਉਹ ਰਜ਼ਾਅ ਤੇ ਸ਼ੁਕਰ ਵਿਚ ਰਹਿੰਦੇ ਨੇ। ਸੋ ਇਕ ਥਾਂ ਰਹਿੰਦੇ ਨੇ ਦੋਏ। ਜਿਵੇਂ ਵਿਨੰਣ ਵਾਲਾ ਤੇ ਵਿਝਣ ਵਾਲਾ ਦੋਏ ਹੀਰੇ ਹੁੰਦੇ ਨੇ। ਇਸੇ ਤਰ੍ਹਾਂ ਦੇ ਨਾਲ ਗੁਰੂ ਨਾਨਕ ਪਾਤਿਸ਼ਾਹ ਤੇ ਗੁਰੂ ਅੰਗਦ ਦੇਵ ਮਹਾਰਾਜ ਜੀ ਇਨ੍ਹਾਂ ਵਿਚ ਕੋਈ ਫਰਕ ਨਹੀਂ ਹੈ। ਗੁਰੂ ਦਾ ਸਿੱਖ ਗੁਰੂ ਦਾ ਰੂਪ ਹੋਇਆ ਹੋਇਆ ਹੈ। ਗੁਰੂ ਦਸਵੇਂ ਪਾਤਿਸ਼ਾਹ ਬਾਰੇ ਲਿਖਿਆ ਹੋਇਆ ਹੈ -

***ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥***
***ਭਾਈ ਗੁਰਦਾਸ ਜੀ ਦੀ ਵਾਰ 41/1***

ਸੋ ਗੁਰੂ ਨਾਨਕ ਪਾਰਸ ਹੈ, ਪਾਰਸ ਦੇ ਨਾਲ ਲੱਗ ਕੇ ਪਾਰਸ ਬਣਨਾ ਔਖਾ ਹੈ। ਪਾਰਸ ਸੋਨਾ ਤਾਂ ਬਣਾ ਦਿੰਦਾ ਹੈ ਪਰ ਪਾਰਸ, ਪਾਰਸ ਬਣਾਉਂਦਾ ਨਹੀਂ ਕਦੇ ਸੁਣਿਆ। ਸੋ ਗੁਰੂ ਨਾਨਕ ਪਾਤਿਸ਼ਾਹ ਜੋ ਪਾਰਸ ਹੈ, ਉਸ ਦੇ ਨਾਲ ਜਿਹੜਾ ਲੱਗਿਆ ਹੈ ਉਸ ਨੂੰ ਆਪਣਾ ਰੂਪ ਦਿੰਦਾ ਹੈ। ਜੋਤ ਵਿਚ ਜੋਤ ਮਿਲੀ ਹੋਈ ਹੈ, ਸੁਰ ਤਾਲ ਇਕ ਹੋ ਰਿਹਾ ਹੈ। ਇਸ ਨੂੰ ਕਹਿੰਦੇ ਨੇ -

***............. ਗੁਰ ਗੋਰਿ ਸਮਾਵੈ॥***
***ਭਾਈ ਗੁਰਦਾਸ ਜੀ ਦੀ ਵਾਰ 9/22***

ਚੇਲੇ ਦਾ ਪਿਆਰ ਗੁਰੂ ਪ੍ਰੇਮ ਵਿਚ ਪੈ ਕੇ ਇਕ ਹੋ ਰਿਹਾ ਹੈ। ਦੋਵੇਂ ਇਕ ਜੋਤ ਹੋਈ ਹੋਈ ਹੈ ਤੇ ਮੂਰਤਾਂ ਦੇਖਣ ਨੂੰ ਵੱਖ ਲੱਗਦੀਆਂ ਨੇ। ਗੁਰੂ ਨਾਨਕ ਪਾਤਿਸ਼ਾਹ ਨੇ ਇਹ ਪ੍ਰੇਮ ਆਪ ਉਨ੍ਹਾਂ ਅੰਦਰ ਪੈਦਾ ਕੀਤਾ ਹੈ, (ਗੁਰੂ) ਅੰਗਦ ਹੁਣ ਸਰਵ ਸ੍ਰੇਸ਼ਠ ਹੋ ਗਏ ਨੇ, ਸਹਿਜ ਦੀ ਸਮਾਈ, ਤੁਰੀਆ ਅਵਸਥਾ ਵਿਚ ਖੇਲ੍ਹ ਰਹੇ ਨੇ। ਸੋ ਓਸ ਅਵਸਥਾ ਨੂੰ ਵਰਣਨ ਕਰਨ ਵਾਸਤੇ ਭਾਈ ਗੁਰਦਾਸ ਜੀ ਨੇ ਏਸ ਤਰ੍ਹਾਂ ਵਰਣਨ ਕੀਤਾ-

***ਧਾਰਨਾ - ਗੁਰਮੁਖ ਵਡਿਆਈ,***
***ਪਾਰਸ ਹੋਇਆ ਪਾਰਸੋਂ -2, 2.***

***ਪਾਰਸੁ ਹੋਇਆ ਪਾਰਸਹੁੰ ਗੁਰਮੁਖਿ ਵਡਿਆਈ।***
***ਹੀਰੈ ਹੀਰਾ ਬੇਧਿਆ ਜੋਤੀ ਜੋਤਿ ਮਿਲਾਈ।***
***ਸਬਦ ਸੁਰਤਿ ਲਿਵ ਲੀਣੁ ਹੋਇ ਜੰਤ੍ਰ ਜੰਤ੍ਰੀ ਵਾਈ।***
***ਗੁਰ ਚੇਲਾ ਚੇਲਾ ਗੁਰੂ ਪਰਚਾ ਪਰਚਾਈ।***
***ਪੁਰਖਹੁੰ ਪੁਰਖੁ ਉਪਾਇਆ ਪੁਰਖੋਤਮ ਹਾਈ।***
***ਵੀਹ ਇਕੀਹ ਉਲੰਘਿਕੈ ਹੋਇ ਸਹਜਿ ਸਮਾਈ॥***
***ਭਾਈ ਗੁਰਦਾਸ ਜੀ ਦੀ ਵਾਰ 9/9***

ਗੁਰੂ ਨਾਨਕ ਦੇਵ ਜੀ ਦੇ ਪ੍ਰੇਮ ਨੇ ਤੇ ਭਾਈ ਲਹਿਣਾ ਦੀ ਸੇਵਾ ਨੇ ਗੁਰੂ ਨਾਨਕ ਸਾਹਿਬ ਨੂੰ ਐਨਾ ਪ੍ਰਸੰਨ ਕਰ ਲਿਆ ਕਿ ਉਨ੍ਹਾਂ ਨੇ ਆਪਣਾ ਹੀ ਰੂਪ ਬਣਾ ਲਿਆ।

ਤਿੰਨਾਂ ਗੁਣਾਂ ਵਿਚੋਂ ਲੰਘ ਕੇ ਤੁਰੀਆ ਦੇ ਵਿਚ ਨਿਵਾਸ ਕਰ ਲਿਆ। ਸੋ ਇਸ ਤਰ੍ਹਾਂ ਗੁਰਸਿੱਖੀ ਦਾ ਜੋ ਮਾਰਗ ਹੈ ਸਾਧ ਸੰਗਤ ਜੀ! ਸਾਰਿਆਂ ਤੋਂ ਸ੍ਰੇਸ਼ਟ ਮਾਰਗ ਹੈ, ਇਹ 'ਸਬਦਿ ਸੁਰਤਿ' ਦਾ ਮਾਰਗ ਹੈ। ਸੁਰਤ ਨੂੰ ਸ਼ਬਦ ਦੇ ਨਾਲ ਲਾਉਣਾ ਹੈ। ਜਦੋਂ ਗੁਰੂ ਨਾਨਕ ਸਾਹਿਬ ਨੂੰ ਪੁਛਿਆ ਸਿੱਧਾਂ ਨੇ ਕਿ ਹੇ ਨਾਨਕ! ਇਕ ਗੱਲ ਸਾਡੀ ਸਮਝ ਵਿਚ ਨਹੀਂ ਆਉਂਦੀ ਕਿ ਤੂੰ ਇਹ ਕਹਿੰਦਾ ਹੈਂ ਕਿ ਜਿਹੜੇ ਮੇਰੇ ਗੁਰਸਿਖ ਹੋਣਗੇ ਉਹ ਗ੍ਰਹਿਸਥੀ ਵੀ ਹੋਣਗੇ, ਬੱਚਿਆਂ ਨੂੰ ਵੀ ਪਾਲਣਗੇ, ਆਪਣਾ ਫਰਜ਼ ਵੀ ਪੂਰਾ ਕਰਨਗੇ, ਰਾਜ ਵੀ ਕਰਨਗੇ, ਵਪਾਰ ਵੀ ਕਰਨਗੇ ਪਰ ਅਸੀਂ ਤਾਂ ਹੈਰਾਨ ਹਾਂ ਕਿ ਕਦੇ ਇਹ ਜੀਵ ਲੰਘ ਸਕਦਾ ਹੈ? ਬਿਲਕੁਲ ਨਹੀਂ ਲੰਘ ਸਕਦਾ। ਇਹ ਤਾਂ ਮਾਇਆ ਦੇ ਵਿਚ ਸੌਂ ਜਾਣਗੇ, ਇਨ੍ਹਾਂ ਦੇ ਵਿਚ ਮੋਹ ਆਏਗਾ, ਕਾਮ ਆਏਗਾ, ਕ੍ਰੋਧ ਆਏਗਾ, ਲੋਭ ਆਏਗਾ, ਈਰਖਾ ਆਏਗੀ, ਨਿੰਦਿਆ ਕਰਨਗੇ, ਕਿਸੇ ਦੀ ਉਸਤਤ ਕਰੇ ਤੋਂ ਖੁਸ਼ ਹੋਣਗੇ। ਉਹ ਕਿਹੜਾ ਤਰੀਕਾ ਹੈ ਜਿਸ ਦੇ ਨਾਲ ਤੁਸੀਂ ਲੰਘਾ ਦਿਓਗੇ? ਹੈ ਵੀ ਬੜਾ ਔਖਾ ਸਾਧ ਸੰਗਤ ਜੀ! ਵੱਡੇ-ਵੱਡੇ ਹਾਰ ਮੰਨ ਕੇ ਨੱਠ ਗਏ ਨੇ। ਰਸਤੇ ਦੋਵੇਂ ਔਖੇ ਨੇ - ਉਹ ਵੀ ਔਖਾ ਹੈ, ਇਹ ਵੀ ਔਖਾ ਹੈ।

(ਬਾਕੀ ਪੰਨਾ 53 ਤੇ)

# ਮੈਨੂੰ ਮਹਾਂਪੁਰਸ਼ਾਂ ਦੀ ਸੰਗਤ ਕਿਵੇਂ ਪ੍ਰਾਪਤ ਹੋਈ?

ਮੈਂ ਪਿਛਲੇ 32-33 ਸਾਲ ਤੋਂ ਕੈਨੇਡਾ ਦੇ ਸ਼ਹਿਰ ਵੈਨਕੁਵਰ ਵਿਚ ਰਹਿ ਰਿਹਾ ਹਾਂ। ਬਚਪਨ ਵਿਚ ਖੇਡਾਂ (sports) ਦਾ ਬੜਾ ਸ਼ੌਕ ਸੀ ਅਤੇ ਕੈਨੇਡਾ ਆ ਕੇ ਵੀ ਦੌੜਾਂ ਵਿਚ ਹਿੱਸਾ ਲੈਂਦਾ ਰਿਹਾ। ਸਰੀਰ ਬੜਾ ਤੰਦਰੁਸਤ ਰਹਿੰਦਾ ਸੀ।

ਸਾਲ 1995 ਵਿਚ ਮੈਨੂੰ ਮੇਰੇ ਡਾਕਟਰ ਤੋਂ ਪਤਾ ਲੱਗਾ ਕਿ ਮੇਰੇ ਸਰੀਰ ਨੂੰ ਕੈਂਸਰ ਨਾਮ ਦੀ ਭੈੜੀ ਬਿਮਾਰੀ ਨੇ ਘੇਰ ਲਿਆ ਹੈ। ਉਸ ਵੇਲੇ ਮੇਰੀ ਉਮਰ 44 ਸਾਲ ਦੀ ਸੀ। ਮਨ ਨੂੰ ਕਾਫੀ ਘਬਰਾਹਟ ਹੋਈ। ਡਾਕਟਰ ਦੇ ਕਹਿਣ ਤੇ ਮੈਂ ਅਪਰੇਸ਼ਨ ਕਰਵਾ ਲਿਆ। 6 ਮਹੀਨੇ ਬਾਅਦ ਚੈਕਅਪ ਹੋਈ ਤੇ ਬੀਮਾਰੀ ਉਵੇਂ ਦੀ ਉਵੇਂ ਹੀ ਸੀ। ਫਿਰ ਅਪਰੇਸ਼ਨ ਕਰਵਾ ਲਿਆ ਤੇ 6 ਮਹੀਨੇ ਬਾਅਦ ਰੀਪੋਰਟ ਮਿਲੀ ਕਿ ਬੀਮਾਰੀ ਵਧ ਰਹੀ ਹੈ। 1997 ਤਕ ਮੇਰੇ 5 ਅਪਰੇਸ਼ਨ ਹੋ ਚੁੱਕੇ ਸਨ ਪਰ ਬੀਮਾਰੀ ਵਧੀ ਹੀ ਜਾ ਰਹੀ ਸੀ।

ਗੱਲ 1996 ਦੀ ਹੈ, ਮੈਂ ਆਪਣੇ ਦੋਸਤ ਸਰਦਾਰ ਮਹਿੰਦਰ ਸਿੰਘ ਗਿੱਲ ਜੋ ਕਿ ਮਹਾਂਪੁਰਸ਼ਾਂ ਦੇ ਬਹੁਤ ਸ਼ਰਧਾਲੂ ਹਨ ਨੂੰ ਕੈਲੇਫੋਰਨੀਆਂ (ਅਮਰੀਕਾ) ਫੋਨ ਕੀਤਾ ਤੇ ਆਪਣੀ ਬੀਮਾਰੀ ਬਾਰੇ ਦੱਸਿਆ। ਉਹ ਸੁਣ ਕੇ ਕਾਫੀ ਘਬਰਾਏ ਤੇ ਕਹਿਣ ਲੱਗੇ ਕਿ ਤੂੰ ਮੇਰੇ ਨਾਲ ਹਿੰਦੁਸਤਾਨ ਚੱਲ ਤੇ ਉਥੇ ਮੈਂ ਤੈਨੂੰ ਇਕ ਮਹਾਂਪੁਰਸ਼ਾਂ ਨੂੰ ਮਿਲਾਵਾਂਗਾ ਤੇ ਆਪਣੀ ਬੀਮਾਰੀ ਤੂੰ ਉਨ੍ਹਾਂ ਨੂੰ ਦੱਸੀਂ। ਮੈਂ ਭਾਰਤ ਆਉਣ ਵਾਸਤੇ ਤਿਆਰ ਹੋ ਗਿਆ। ਮੈਂ ਅਤੇ ਮਹਿੰਦਰ ਸਿੰਘ ਹੋਰੀਂ ਦੋਨੋਂ ਭਾਰਤ ਨੂੰ ਮਹਾਂਪੁਰਸ਼ਾਂ ਨੂੰ ਮਿਲਣ ਲਈ ਚਲ ਪਏ। ਹਿੰਦੁਸਤਾਨ ਪਹੁੰਚ ਕੇ ਅਸੀਂ ਰਤਵਾੜਾ ਸਾਹਿਬ ਨੂੰ ਜਾ ਰਹੇ ਸਾਂ। ਮੈਨੂੰ ਮਹਿੰਦਰ ਸਿੰਘ ਹੋਰੀਂ ਕਹੀ ਜਾ ਰਹੇ ਸਨ ਕਿ ਮਨ ਵਿਚ ਪੂਰੀ ਸ਼ਰਧਾ ਲੈ ਕੇ ਜਾਵੀਂ ਤੇ ਜਾ ਕੇ ਮਹਾਂਪੁਰਸ਼ਾਂ ਨੂੰ ਸੀਸ ਨਿਵਾਈਂ। ਸ਼ਾਮ ਦਾ ਵੇਲਾ ਸੀ ਅਸੀਂ ਬਾਬਾ ਜੀ ਹੋਰਾਂ ਦੀ ਕੋਠੀ ਪਹੁੰਚ ਗਏ। ਸੰਗਤ ਹੋਰ ਵੀ ਬੈਠੀ ਸੀ ਤੇ ਅਸੀਂ ਵੀ ਦੋਨੋਂ ਗੁਰੂ ਫਤਹਿ ਬੁਲਾ ਕੇ ਬਾਬਾ ਜੀ ਹੋਰਾਂ ਕੋਲ ਬੈਠ ਗਏ ਤੇ ਮਹਾਂਪੁਰਸ਼ਾਂ ਦੇ ਬਚਨ ਸੁਣੇ। ਮੈਂ ਜ਼ਿੰਦਗੀ ਵਿਚ ਪਹਿਲੀ ਵਾਰੀ ਮਹਾਂਪੁਰਸ਼ਾਂ ਨੂੰ ਮਿਲਿਆ ਸਾਂ। ਮੈਨੂੰ ਤੇ ਇਹ ਵੀ ਨਹੀਂ ਸੀ ਪਤਾ ਕਿ ਮਹਾਂਪੁਰਸ਼ਾਂ ਨੂੰ ਕਿਵੇਂ ਤੇ ਕਿਸ ਸ਼ਰਧਾ ਨਾਲ ਮਿਲੀਦਾ ਹੈ। ਗੱਲ ਕੀ ਕਿ ਮੈਥੋਂ ਆਪਣੀ ਬੀਮਾਰੀ ਦੀ ਵਿਥਿਆ ਮਹਾਂਪੁਰਸ਼ਾਂ ਨੂੰ ਦੱਸ ਹੀ ਨਹੀਂ ਹੋਈ। ਅਸੀਂ ਚਾਹ ਪਾਣੀ ਪੀਤਾ, ਰਾਤ ਰਤਵਾੜਾ ਸਾਹਿਬ ਰਹੇ ਤੇ ਦੂਸਰੇ ਦਿਨ ਪਿੰਡ ਵਾਪਸ ਆ ਗਏ।

ਕੈਨੇਡਾ ਵਾਪਸ ਆ ਕੇ ਕਾਫੀ ਇਲਾਜ ਕਰਵਾਏ। ਨਵੰਬਰ 1997 ਨੂੰ ਮੇਰਾ ਫਿਰ ਅਪਰੇਸ਼ਨ ਹੋਇਆ। ਦਸੰਬਰ 9-10 ਦੀ ਗੱਲ ਹੈ, ਲੋਕੀ ਕ੍ਰਿਸਮਿਸ ਮਨਾਉਣ ਦੀਆਂ ਤਿਆਰੀਆਂ ਕਰ ਰਹੇ ਸਨ। ਮੈਨੂੰ ਮੇਰੇ ਸਪੈਸ਼ਲਿਸਟ ਦੇ ਦਫਤਰ ਵਿਚੋਂ ਫੋਨ ਆਇਆ ਕਿ ਤੂੰ ਅਤੇ ਤੇਰੀ ਪਤਨੀ ਦੋਨੋਂ ਜਣੇ ਡਾਕਟਰ ਦੇ ਦਫਤਰ ਵਿਚ ਆਓ। ਮੈਨੂੰ ਸ਼ੱਕ ਪੈ ਗਿਆ ਕਿ ਖਬਰ ਕੋਈ ਚੰਗੀ ਨਹੀਂ ਹੈ। ਅਸੀਂ ਡਾਕਟਰ ਦੇ ਦਫਤਰ ਗਏ। ਡਾ. ਜੌਹਨ ਵਾਰਨਰ ਨੇ ਸਾਨੂੰ ਆਪਣੇ ਨਿਜੀ ਦਫਤਰ ਵਿਚ ਬਹਾਲ ਲਿਆ। ਮੇਰੀ ਵਧ ਰਹੀ ਕੈਂਸਰ ਦੀ ਬਿਮਾਰੀ ਬਾਰੇ 25-30 ਮਿੰਟ ਵਿਸਥਾਰਪੂਰਵਕ ਗੱਲਾਂ ਕੀਤੀਆਂ। ਡਾਕਟਰ ਨੇ ਦਸਿਆ ਕਿ ਅਸੀਂ ਪਿਛਲੇ ਤਿੰਨ ਸਾਲ ਸਾਰਾ ਜ਼ੋਰ ਲਾ ਕੇ ਦੇਖ ਹਟੇ ਹਾਂ, ਬਹੁਤ ਸਾਰੀਆਂ ਦਵਾਈਆਂ ਦੇ ਹਟੇ ਹਾਂ ਪਰ ਬੀਮਾਰੀ ਬਹੁਤ ਵਧ ਗਈ ਹੈ ਤੇ ਇਸ ਦਾ ਹੁਣ ਹੋਰ ਕੋਈ ਇਲਾਜ ਨਹੀਂ। ਡਾਕਟਰ ਨੇ ਇਹ ਵੀ ਦੱਸਿਆ ਕਿ ਮੇਰੀ ਉਮਰ ਹੁਣ ਚਾਰ ਤੋਂ ਛੇ ਮਹੀਨੇ ਬਾਕੀ ਰਹਿ ਗਈ ਹੈ। ਉਸ ਨੇ ਇਹ ਵੀ ਕਿਹਾ ਕਿ ਤੂੰ ਕਿਸਮਤ ਵਾਲਾ ਹੋਵੇਂਗਾ ਜੇ ਤੂੰ ਇਕ ਸਾਲ ਕੱਢ ਜਾਵੇਂ।

ਬਾਬਾ ਜੀ ਨਾਲ ਇਕ ਵਾਰ ਫਿਰ ਮਿਲਾਪ ਹੋਇਆ।

ਮੈਂ ਮਹਿੰਦਰ ਸਿੰਘ ਗਿੱਲ ਹੋਰਾਂ ਨੂੰ ਅਮਰੀਕਾ ਫੋਨ ਕਰਕੇ ਆਪਣੀ ਸਾਰੀ ਗੱਲਬਾਤ ਦੱਸੀ। ਮੇਰੀ ਦੁਖ ਭਰੀ ਕਹਾਣੀ ਸੁਣ ਕੇ ਉਹ ਬਹੁਤ ਘਬਰਾਏ। ਮੈਂ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਤੁਸੀਂ ਮੇਰੇ ਨਾਲ ਭਾਰਤ ਚੱਲੋ ਤੇ ਮੈਂ ਬਾਬਾ ਜੀ ਹੋਰਾਂ ਨੂੰ ਮਿਲਣਾ ਹੈ। ਅਸੀਂ ਦੋਨੋਂ ਜਣੇ ਜਨਵਰੀ 1998 ਨੂੰ ਭਾਰਤ ਲਈ ਰਵਾਨਾ ਹੋਏ। ਮੇਰੇ ਪਿਆਰੇ ਦੋਸਤ ਮੱਖਣ ਸਿੰਘ (ਨਕੋਦਰ) ਮੈਨੂੰ ਅੰਮ੍ਰਿਤਸਰ ਸਾਹਿਬ ਲੈ ਕੇ ਗਏ ਤੇ ਉਥੇ ਅਸੀਂ ਦਰਬਾਰ ਸਾਹਿਬ ਮੱਥਾ ਟੇਕਿਆ। ਮੈਂ ਪਿੰਡ ਕੁਲਥਮ ਆਪਣੇ ਮਾਤਾ ਪਿਤਾ ਜੀ ਹੋਰਾਂ ਨੂੰ ਵੀ ਮਿਲਿਆ। ਮੈਨੂੰ ਪਤਾ ਸੀ ਕਿ ਇਹ ਮੇਰੇ ਅਖੀਰੀ ਮੇਲੇ ਹੀ ਹਨ। ਜਨਵਰੀ 21-22, 1998 ਨੂੰ ਮੈਂ ਅਤੇ ਮਹਿੰਦਰ ਸਿੰਘ ਰਤਵਾੜਾ ਸਾਹਿਬ ਬਾਬਾ ਜੀ ਹੋਰਾਂ ਨੂੰ ਮਿਲਣ ਲਈ ਚੱਲ ਪਏ। ਸਾਡੇ ਪਿੰਡੋਂ ਢਾਈ ਘੰਟੇ ਦੀ ਡਰਾਈਵ ਸੀ। ਇਸ ਵਾਰੀ ਮਨ ਵਿਚ ਬਾਬਾ ਜੀ ਨੂੰ ਮਿਲਣ ਦੀ ਬਹੁਤ ਤਾਂਘ ਸੀ। ਤਾਂਘ ਹੋਵੇ ਵੀ ਕਿਉਂ ਨਾ। ਕਹਿੰਦੇ ਨੇ ਕਿ ਮਰਦਾ ਕੀ ਨਹੀਂ ਕਰਦਾ, ਇਹ ਕਹਾਵਤ ਮੇਰੇ ਉਪਰ ਬੜੀ ਢੁਕਦੀ ਸੀ। ਸ਼ਾਮ ਦਾ ਵਕਤ ਹੋ ਗਿਆ ਸੀ। ਬਾਬਾ ਜੀ ਸ਼ਾਮ ਨੂੰ ਸੰਗਤ ਤੋਂ ਛੁੱਟੀ ਲੈ ਕੇ ਆਪਣੇ ਆਰਾਮ ਕਮਰੇ ਵਿਚ ਚਲੇ ਜਾਂਦੇ ਸਨ। ਬਾਬਾ ਜੀ ਦੇ ਸੇਵਕ ਕੁਲਬੀਰ ਸਿੰਘ ਨੇ ਬਾਬਾ ਜੀ ਨੂੰ ਕਿਹਾ ਕਿ ਆਰਾਮ ਕਰਨ ਦਾ ਸਮਾਂ ਹੋ ਗਿਆ ਹੈ, ਪਰ ਮੇਰੇ ਪਿਆਰੇ ਰਹਿਬਰ ਨੂੰ ਤੇ ਪਤਾ ਸੀ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਪਿਆਰੇ ਮਿਲਣ ਲਈ ਆ ਰਹੇ ਹਨ। ਜਦੋਂ ਅਸੀਂ ਬਾਬਾ ਜੀ ਹੋਰਾਂ ਦੀ ਕੋਠੀ ਪਹੁੰਚੇ ਤਾਂ ਉਥੇ ਹੋਰ ਵੀ ਕਈ ਪ੍ਰੇਮੀ ਬੈਠੇ ਸਨ। ਅਸੀਂ ਵੀ ਬਾਬਾ ਜੀ ਹੋਰਾਂ ਨੂੰ ਪਿਆਰ ਨਾਲ ਫਤਹਿ ਬੁਲਾ ਕੇ ਬੈਠ ਗਏ। ਮੈਨੂੰ ਬਿਲਕੁਲ ਅੱਜ ਵੀ ਯਾਦ ਹੈ ਕਿ ਬਾਬਾ ਜੀ ਮੈਨੂੰ ਕਹਿੰਦੇ ਕਿ ਤੂੰ ਏਥੇ ਮੇਰੇ ਕੋਲ ਬੈਠ ਜਾ। ਮੈਂ ਬਾਬਾ ਜੀ ਦੇ ਖੱਬੇ ਪਾਸੇ ਉਨ੍ਹਾਂ ਦੇ ਚਰਨਾਂ ਵਿਚ ਹੀ ਬੈਠ ਗਿਆ। ਮਹਿੰਦਰ ਸਿੰਘ ਨੇ ਬਾਬਾ ਜੀ ਨੂੰ ਹਾਲਤ ਦੱਸੀ। ਪਿਆਰੇ ਪ੍ਰੇਮੀਓਂ! ਮੈਨੂੰ ਯਾਦ ਹੈ ਕਿ ਬਾਬਾ ਜੀ ਹੋਰਾਂ ਆਪਣੇ ਖੱਬੇ ਹੱਥ ਨਾਲ ਮੈਨੂੰ ਥਾਪੜਾ ਦਿਤਾ ਅਤੇ ਕਿਹਾ -

"ਜਾਹ ਕੈਨੇਡਾ ਜਾ ਕੇ ਵੱਡਾ ਓਪਰੇਸ਼ਨ ਕਰਾ ਦੇ, ਗੁਰੂ ਮਹਾਰਾਜ ਭਲੀ ਕਰਨਗੇ।" ਬਾਬਾ ਜੀ ਹੋਰਾਂ ਇਹ ਵੀ ਕਿਹਾ ਕਿ ਗੁਰੂ ਮਹਾਰਾਜ ਨੇ ਤੇਰੇ ਕੋਲੋਂ ਸੇਵਾ ਲੈਣੀ ਹੈ। ਮੈਨੂੰ ਉਹ ਸੀਨ ਅਤੇ ਉਹ ਨਜ਼ਾਰਾ ਜ਼ਿੰਦਗੀ ਭਰ ਭੁੱਲ ਨਹੀਂ ਸਕਦਾ

ਜਦੋਂ ਮਹਾਂਪੁਰਸ਼ਾਂ ਨੇ ਮੈਨੂੰ ਥਾਪੜਾ ਦਿਤਾ ਅਤੇ ਅਸ਼ੀਰਵਾਦ ਦਿਤੀ ਸੀ। ਮੇਰੀਆਂ ਅੱਖਾਂ ਦੀ ਕੋਈ ਐਸੀ ਅਜੀਬ ਕਿਸਮ ਦੀ ਲਾਈਟ ਲੰਘੀ ਜਿਹੜੀ ਕਿ ਮੈਂ ਸ਼ਬਦਾਂ ਵਿਚ ਬਿਆਨ ਨਹੀਂ ਕਰ ਸਕਦਾ। ਬਾਬਾ ਜੀ ਹੋਰਾਂ ਨੂੰ ਮਿਲ ਕੇ ਅਸੀਂ ਵਾਪਸ ਕੈਨੇਡਾ ਆ ਗਏ। ਵਾਪਸ ਆ ਕੇ ਮੈਂ ਡਾਕਟਰਾਂ ਨਾਲ ਫਿਰ ਗੱਲਬਾਤ ਕੀਤੀ ਪਰ ਉਨ੍ਹਾਂ ਮੈਨੂੰ ਕਹਿ ਦਿਤਾ ਕਿ ਹੁਣ ਅਸੀਂ ਕੁਛ ਨਹੀਂ ਕਰ ਸਕਦੇ, ਕੈਂਸਰ ਸਰੀਰ ਵਿਚ ਇਤਨੀ ਵਧ ਗਈ ਹੈ ਕਿ ਜਦੋਂ ਅਸੀਂ ਓਪਰੇਸ਼ਨ ਕਰਾਂਗੇ ਜੋ ਕਿ ਬਹੁਤ ਵੱਡਾ ਓਪਰੇਸ਼ਨ ਹੈ, ਹੋ ਸਕਦਾ ਹੈ ਕਿ ਤੇਰੀ ਮੌਤ ਓਪਰੇਸ਼ਨ ਬੈਡ ਤੇ ਹੀ ਹੋ ਜਾਵੇ। ਮੈਂ ਡਾਕਟਰਾਂ ਨਾਲ ਕਾਫੀ ਬਹਿਸ ਕੀਤੀ, ਅਖੀਰ ਉਹ ਮੇਰਾ ਓਪਰੇਸ਼ਨ ਕਰਨ ਨੂੰ ਮੰਨ ਗਏ।

1998 ਫਰਵਰੀ ਮਹੀਨੇ ਦਾ ਅਖੀਰਲਾ ਦਿਨ ਸੀ। ਸਵੇਰੇ 4 ਵਜੇ ਉਠ ਕੇ ਗੁਰੂ ਮਹਾਰਾਜ ਦਾ ਪ੍ਰਕਾਸ਼ ਕੀਤਾ, ਹੁਕਮਨਾਮਾ ਲਿਆ। ਰਤਵਾੜਾ ਸਾਹਿਬ ਬਾਬਾ ਜੀ ਹੋਰਾਂ ਨਾਲ ਫੋਨ ਤੇ ਗੱਲ ਕੀਤੀ ਅਤੇ ਬਾਬਾ ਜੀ ਨੂੰ ਦੱਸਿਆ ਕਿ ਅੱਜ ਮੈਂ ਹਸਪਤਾਲ ਨੂੰ ਜ਼ਿੰਦਗੀ ਮੌਤ ਦਾ ਘੋਲ ਕਰਨ ਜਾ ਰਿਹਾ ਹਾਂ। ਬਾਬਾ ਜੀ ਹੋਰਾਂ ਫੋਨ ਤੇ ਅਸ਼ੀਰਵਾਦ ਦਿਤੀ ਅਤੇ ਮੈਂ 7 ਵਜੇ ਸਵੇਰੇ ਹਸਪਤਾਲ ਪਹੁੰਚ ਗਿਆ।

7.30 ਵਜੇ ਮੇਰੇ ਓਪਰੇਸ਼ਨ ਦੀ ਤਿਆਰ ਹੋਣ ਲਗ ਪਈ। ਡਾਕਟਰ ਅਤੇ ਨਰਸਾਂ ਚਾਕੂ ਛੁਰੀਆਂ ਲੈ ਕੇ ਤਿਆਰ ਬਰ ਤਿਆਰ ਖੜ੍ਹੇ ਸਨ। ਮੈਨੂੰ ਬੇਹੋਸ਼ ਕਰਨ ਵਾਲਾ ਟੀਕਾ ਲਾਉਣ ਤੋਂ ਪਹਿਲਾਂ ਵੱਡੇ ਸਰਜਨ ਨੇ ਮੈਨੂੰ ਪੁਛਿਆ ਕਿ ਤੂੰ ਕੁਝ ਕਹਿਣਾ ਤੇ ਨਹੀਂ ਚਾਹੁੰਦਾ? ਉਸ ਵੇਲੇ ਮੈਂ ਇਕ ਪੇਪਰ ਡਾਕਟਰ ਨੂੰ ਦੇ ਦਿਤਾ ਅਤੇ ਕਿਹਾ ਕਿ ਤੁਸੀਂ ਜਦੋਂ ਮੇਰਾ ਆਪਰੇਸ਼ਨ ਕਰੋਂਗੇ, ਇਹ ਪੇਪਰ ਮੇਰੇ ਸਰ੍ਹਾਣੇ ਥੱਲੇ ਰੱਖ ਦੇਣਾ। ਇਹ ਮੇਰੀ ਪਰੇਅਰ ਹੈ ਤੇ ਇਸ ਪਰੇਅਰ ਨੇ ਮੈਨੂੰ ਮਰਨ ਤੋਂ ਬਚਾਉਣਾ ਹੈ। ਪਿਆਰਿਓ! ਇਹ ਸ਼ਬਦ ਉਹ ਸੀ ਜੋ ਮੈਨੂੰ ਬਾਬਾ ਜੀ ਹੋਰਾਂ ਤੋਂ ਮਿਲਿਆ ਸੀ। ਬਾਬਾ ਜੀ ਹੋਰਾਂ ਕਿਹਾ ਸੀ ਕਿ ਇਨ੍ਹਾਂ ਸ਼ਬਦਾਂ ਦਾ ਪਾਠ ਕਰਿਆ ਕਰ, ਤੇਰੇ ਦੁਖ ਕੱਟੇ ਜਾਣਗੇ। ਬੇਹੋਸ਼ੀ ਦਾ ਟੀਕਾ ਲਾ ਦਿਤਾ ਗਿਆ ਤੇ ਡਾਕਟਰਾਂ ਨੇ ਆਪਰੇਸ਼ਨ ਕਰਨਾ ਸ਼ੁਰੂ ਕਰ ਦਿਤਾ। 5-6 ਦਿਨਾਂ ਬਾਅਦ ਜਦੋਂ ਮੈਨੂੰ ਸੁਰਤ ਆਈ ਤਾਂ ਮੈਂ ਡਾਕਟਰ ਨੂੰ ਆਪਣੇ ਆਪਰੇਸ਼ਨ ਬਾਰੇ ਪੁਛਿਆ। ਮੈਨੂੰ ਇਸ ਤਰ੍ਹਾਂ ਲਗ ਰਿਹਾ ਸੀ ਕਿ ਡਾਕਟਰ ਮੈਥੋਂ ਕੋਈ ਗੱਲ ਲੁਕਾ ਰਿਹਾ ਹੈ। ਖੈਰ ਮੇਰੇ ਬਾਰ ਬਾਰ ਪੁੱਛਣ ਉਪਰੰਤ ਡਾਕਟਰ ਮੈਨੂੰ ਕਹਿੰਦਾ ਕਿ ਜਦੋਂ ਤੂੰ ਇੰਡੀਆ ਗਿਆ ਸੀ, ਕੀ ਤੂੰ ਕੋਈ ਦੇਸੀ ਦੁਆਈ ਤੇ ਨਹੀਂ ਖਾਧੀ? ਮੈਂ ਕਿਹਾ ਕਿ ਮੈਂ ਦਵਾਈ ਤੇ ਕੋਈ ਨਹੀਂ ਖਾਧੀ ਪਰ ਮੈਂ ਅੰਮ੍ਰਿਤਸਰ ਸਾਹਿਬ ਮੱਥਾ ਟੇਕਣ ਗਿਆ ਸੀ ਅਤੇ ਫਿਰ ਮੈਂ ਇਕ ਮਹਾਂਪੁਰਸ਼ਾਂ ਨੂੰ ਮਿਲਿਆ ਸੀ। ਉਨ੍ਹਾਂ ਨੇ ਮੈਨੂੰ ਅਸ਼ੀਰਵਾਦ ਦਿਤੀ ਸੀ ਅਤੇ ਕਿਹਾ ਸੀ ਕਿ ਇਹ ਜੋ ਤੈਨੂੰ ਦੁੱਖ ਕੱਟਣ ਵਾਲੇ ਸ਼ਬਦ ਦਿਤੇ ਹਨ ਇਨ੍ਹਾਂ ਦਾ ਸਿਮਰਨ ਕਰਿਆ ਕਰਾਂ। ਡਾਕਟਰ ਮੇਰੀ ਗੱਲ ਸੁਣ ਕੇ ਬਹੁਤ ਹੈਰਾਨ ਹੋਇਆ ਅਤੇ ਮੇਰਾ ਹੱਥ ਫੜ ਕੇ ਬੜੇ ਪਿਆਰ ਨਾਲ ਕਹਿਣ ਲੱਗਾ ਕਿ ਮਿਸਟਰ ਬੈਂਸ! ਅਸੀਂ ਤੇਰਾ ਆਪਰੇਸ਼ਨ ਤਾਂ ਕਰ ਦਿਤਾ ਹੈ, ਪਰ ਜੋ ਤੇਰੇ ਸਰੀਰ ਵਿਚ ਪਿਛਲੇ ਤਿੰਨ ਸਾਲ ਤੋਂ ਕੈਂਸਰ ਦੀ ਬੀਮਾਰੀ ਵਧ ਰਹੀ ਸੀ ਉਹ ਸਾਨੂੰ ਨਹੀਂ ਲੱਭੀ। ਭਾਵ ਕਿ ਮੇਰੇ ਸਰੀਰ ਵਿਚੋਂ ਕੈਂਸਰ ਅਲੋਪ ਹੀ ਹੋ ਗਈ ਹੈ। ਡਾਟਕਰਾਂ ਨੂੰ ਅੱਜ ਵੀ ਚਾਰ ਸਾਲ ਮਗਰੋਂ ਇਹ ਗੱਲ ਹੈਰਾਨ ਕਰ ਰਹੀ ਹੈ ਕਿ ਇਤਨੀ ਵਧੀ ਹੋਈ ਬੀਮਾਰੀ ਕਿਸੇ ਨੇ ਜਾਦੂ ਮਾਰ ਕੇ ਕਿਵੇਂ ਦੂਰ ਕਰ ਦਿਤੀ? ਡਾਕਟਰ ਹਾਲੇ ਤਕ ਹੈਰਾਨ ਹਨ ਕਿ ਇਤਨੀ ਵਧੀ ਹੋਈ ਬੀਮਾਰੀ ਕਿਧਰ ਗਈ? ਜਦੋਂ ਮੈਂ ਵੱਡੇ ਡਾਕਟਰ ਨੂੰ ਮਹਾਂਪੁਰਸ਼ਾਂ ਦੀ ਅਸ਼ੀਰਵਾਦ ਬਾਰੇ ਦੱਸਿਆ ਤਾਂ ਉਹ ਬਹੁਤ ਹੈਰਾਨ ਹੋਏ ਤੇ ਕਹਿਣ ਲੱਗੇ ਕਿ ਸਭ ਤੋਂ ਵੱਡਾ ਇਲਾਜ ਤਾਂ ਅਰਦਾਸ ਹੀ ਹੈ। ਪਿਆਰੇ ਆਤਮ ਮਾਰਗ ਦੇ ਪਾਂਧੀਓ, ਇਹ ਮੈਂ ਤੁਸਾਂ ਨੂੰ ਆਪਣੀ ਹੱਡਬੀਤੀ ਸੁਣਾਈ ਹੈ। ਇਹ ਕੋਈ ਫਿਲਮੀ ਕਹਾਣੀ ਨਹੀਂ, ਮੇਰੇ ਨਾਲ ਜੋ ਵਾਪਰੀ, ਮੇਰੀ ਮਹਾਂਪੁਰਸ਼ਾਂ ਨਾਲ ਜਿਵੇਂ ਮਿਲਣੀ ਹੋਈ, ਉਹ ਸੱਚ-ਸੱਚ ਦੱਸੀ ਹੈ।

ਸਾਡਾ ਮਹਾਂਪੁਰਸ਼ਾਂ ਨਾਲ ਬੜਾ ਪਿਆਰ ਬਣਿਆ ਰਿਹਾ ਅਤੇ ਰਹਿੰਦੀ ਉਮਰ ਤਕ ਰਹੇਗਾ। ਜਦੋਂ ਬਾਬਾ ਜੀ ਕੈਨੇਡਾ ਆਉਂਦੇ ਹੁੰਦੇ ਸਨ ਤੇ ਸਾਡੇ ਕੋਲ ਰਹਿੰਦੇ ਹੁੰਦੇ ਸਨ, ਬੜੇ ਪਿਆਰ ਨਾਲ ਬਚਨ ਵਿਲਾਸ ਹੋਇਆ ਕਰਦੇ ਸਨ. ਅਸੀਂ ਵੀ ਹਰ ਸਾਲ ਸਤੰਬਰ ਮਹੀਨੇ ਸਲਾਨਾ ਸਮਾਗਮ ਤੇ ਆਇਆ ਕਰਦੇ ਸਾਂ, ਆਸ ਹੈ ਕਿ ਇਹ ਪਿਆਰ ਮਿਲਦਾ ਰਹੇਗਾ ਤੇ ਆਉਣ ਵਾਲੇ ਸਮੇਂ ਵਿਚ ਵੀ ਆਉਂਦੇ ਰਹਾਂਗੇ।

ਅਖੀਰ ਵਿਚ ਮੈਂ ਮਹਿੰਦਰ ਸਿੰਘ ਗਿੱਲ ਹੋਰਾਂ ਦਾ ਅਤੀ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਮਹਾਂਪੁਰਸ਼ਾਂ ਨੂੰ ਮਿਲਵਾਇਆ। ਹੁਣ ਤੇ ਬਾਬਾ ਜੀ ਹੋਰਾਂ ਦੀਆਂ ਪਿਆਰੀਆਂ ਯਾਦਾਂ ਹੀ ਸਾਡੇ ਕੋਲ ਰਹਿ ਗਈਆਂ। ਉਨ੍ਹਾਂ ਦਾ ਬਖ਼ਸ਼ਿਆ ਹੋਇਆ ਬਹੁਤ ਵੱਡਾ ਖਜ਼ਾਨਾ 'ਆਤਮ ਮਾਰਗ' ਸਾਡੇ ਕੋਲ ਹੈ। ਬਾਬਾ ਜੀ ਕਿਹਾ ਕਰਦੇ ਸਨ ਕਿ ਜਿਸ ਘਰ ਵਿਚ ਆਤਮ ਮਾਰਗ ਪਿਆ ਹੋਵੇਗਾ, ਅੱਧੇ ਦੁਖ ਤਾਂ ਉਨ੍ਹਾਂ ਦੇ ਉਦੋਂ ਹੀ ਕੱਟੇ ਜਾਣਗੇ। ਮੈਂ ਸਭਨਾਂ ਪ੍ਰੇਮੀਆਂ ਅੱਗੇ ਬੇਨਤੀ ਕਰਦਾ ਹਾਂ ਕਿ ਇਕ ਵਾਰ ਫੇਰ ਹੰਭਲਾ ਮਾਰੋ, ਆਤਮ ਮਾਰਗ ਦੇ ਆਪ ਮੈਂਬਰ ਬਣੋ ਅਤੇ ਆਪਣੇ ਸਕੇ ਸਨੇਹੀਆਂ ਨੂੰ ਵੀ ਬਣਾਓ। ਅਖੀਰ ਵਿਚ ਆਤਮ ਮਾਰਗ ਪਰਿਵਾਰ ਦੇ ਸਮੂੰਹ ਪਾਂਧੀਆਂ ਨੂੰ ਮੇਰੀ ਪ੍ਰਦੇਸਾਂ ਵਿਚੋਂ ਬੈਠੇ ਦੀ ਪਿਆਰ ਭਰੀ ਸਤਿ ਸ੍ਰੀ ਅਕਾਲ।

***ਤਰਸੇਮ ਸਿੰਘ, ਬੈਂਸ***
***15428-6y-AVE***
***Surry B.C.***
***CANADA V35-8E7***

ਬਚਪਨ ਤੋਂ ਹੀ ਮੇਰੀ ਬਿਰਤੀ ਧਾਰਮਕ ਸੀ। ਕੁਝ ਵੱਡਾ ਹੋਣ ਤੇ ਹੌਲੀ ਹੌਲੀ ਮਾਇਆ ਦਾ ਪ੍ਰਭਾਵ ਵਧਣ ਲੱਗਾ। ਜੀਵਨ ਨੂੰ ਕੋਈ ਦਿਸ਼ਾ ਨਹੀਂ ਸੀ ਮਿਲ ਰਹੀ। ਜਦੋਂ ਮੈਂ ਲੁਧਿਆਣੇ +1 ਵਿਚ ਪੜ੍ਹਦਾ ਸੀ, ਮੈਨੂੰ ਬਾਬਾ ਨੰਦ ਸਿੰਘ ਜੀ ਅਤੇ ਬਾਬਾ ਈਸ਼ਰ ਸਿੰਘ ਜੀ ਕਲੇਰਾਂ ਵਾਲੇ, ਬਾਬਾ ਹਰਿਨਾਮ ਸਿੰਘ ਜੀ ਭੁਚੋ ਵਾਲੇ ਅਤੇ ਕੁਝ ਹੋਰ ਮਹਾਂਪੁਰਸ਼ਾਂ ਦੇ ਜੀਵਨ ਪੜ੍ਹਨ ਦਾ ਸੁਭਾਗ ਪ੍ਰਾਪਤ ਹੋਇਆ। ਪ੍ਰਮਾਰਥਕ ਬਿਰਤੀ ਵਿਚ ਜਾਗ ਪਈ। ਅੰਮ੍ਰਿਤ ਪਾਨ ਵੀ ਕਰ ਲਿਆ।

ਮਨ ਵਿਚ ਕਿਸੇ ਅਜਿਹੇ ਮਹਾਂਪੁਰਸ਼ਾਂ ਦੇ ਦਰਸ਼ਨਾਂ ਦੀ ਇੱਛਾ ਸੀ, ਜੋ ਉਨ੍ਹਾਂ ਮਹਾਂਪੁਰਖਾਂ ਵਰਗੇ ਹੋਣ ਜਿਨ੍ਹਾਂ ਦੇ ਜੀਵਨ ਮੈਂ ਪੜ੍ਹੇ ਸਨ। ਕਈ ਮਹਾਂਪੁਰਖਾਂ ਦੇ ਦਰਸ਼ਨ ਕੀਤੇ ਪਰ ਤਸੱਲੀ ਨਾ ਹੋਈ। ਸ਼ਾਇਦ ਉਨ੍ਹਾਂ ਨਾਲ ਪੂਰਬ ਸਬੰਧ ਨਹੀਂ ਸਨ। ਗੁਰੂ ਗ੍ਰੰਥ ਸਾਹਿਬ ਜੀ ਅੱਗੇ ਇਸ ਸਬੰਧੀ ਜਦ ਵੀ ਅਰਦਾਸ ਕਰਨੀ ਤਾਂ ਹੁਕਮਨਾਮਾ ਇਹੀ ਆਉਣਾ ਕਿ ਪੂਰਨ ਮਹਾਂਪੁਰਖਾਂ ਦਾ ਮਿਲਾਪ ਹੋ ਜਾਵੇਗਾ। ਲੱਗਭੱਗ 10 ਸਾਲ ਲੰਘ ਗਏ। ਇਸ ਦੌਰਾਨ ਰਾੜਾ ਸਾਹਿਬ ਜਾਣ, ਪਰਮ ਸਤਿਕਾਰਯੋਗ ਵੱਡੇ ਮਹਾਂਪੁਰਖਾਂ ਦੀ ਜੀਵਨੀ ਪੜ੍ਹਨ ਅਤੇ ਕੈਸਟਾਂ ਸੁਣਨ ਦਾ ਸੁਭਾਗ ਪ੍ਰਾਪਤ ਹੋਇਆ। ਇਸੇ ਸੰਪਰਦਾ ਦੇ ਹੋਰ ਮਹਾਂਪੁਰਖ- ਬਾਬਾ ਕਰਮ ਸਿੰਘ ਜੀ, ਬਾਬਾ ਅਤਰ ਸਿੰਘ ਜੀ ਆਦਿ ਮਹਾਂਪੁਰਖਾਂ ਦੇ ਜੀਵਨ ਵੀ ਪੜ੍ਹੇ। ਇਕ ਵਾਰ ਤਾਂ ਸੁਪਨੇ ਵਿਚ ਰਤਵਾੜਾ ਸਾਹਿਬ ਜਾਣ ਬਾਰੇ ਕਿਹਾ ਵੀ ਗਿਆ ਪਰ ਮੈਨੂੰ ਨਾ ਤਾਂ ਇਹ ਪਤਾ ਸੀ ਕਿ ਰਤਵਾੜਾ ਸਾਹਿਬ ਕਿੱਥੇ ਹੈ ਅਤੇ ਨਾ ਹੀ ਇਹ ਸਮਝ ਆਈ ਕਿ ਕਿਸ ਪਾਸੋਂ ਰਤਵਾੜਾ ਸਾਹਿਬ ਬਾਰੇ ਪੁੱਛਾਂ। ਹੌਲੀ ਹੌਲੀ ਮੈਂ ਇਸ ਸੁਪਨੇ ਨੂੰ ਭੁੱਲ ਗਿਆ। ਆਖਰ ਭਾਗ ਜਾਗ ਹੀ ਪਏ। ਮੈਨੂੰ ਧਾਰਮਿਕ ਕੈਸਟਾਂ ਸੁਣਨ ਦਾ ਬਹੁਤ ਸ਼ੌਂਕ ਹੈ। ਖੁਦ ਖਰੀਦ ਕੇ ਤਾਂ ਸੁਣਦਾ ਹੀ ਹਾਂ, ਜਿੱਥੇ ਵੀ ਨਵੀਂ ਕੈਸਟ ਦਾ ਪਤਾ ਲੱਗੇ, ਮੰਗ ਕੇ ਵੀ ਸੁਣ ਲੈਂਦਾ ਹਾਂ। 1988 ਵਿਚ ਆਪਣੇ ਨਾਨਕੇ ਪਿੰਡ ਸ. ਰੇਸ਼ਮ ਸਿੰਘ ਜੀ ਦੇ ਘਰ ਕੈਸਟਾਂ ਲੈਣ ਗਿਆ ਤਾਂ ਬਾਬਾ ਜੀ ਦੀਆਂ ਕੈਸਟਾਂ ਵੀ ਦੇਖੀਆਂ। ਸੁਣਨ ਲਈ ਲੈ ਲਈਆਂ। ਸੁਣ ਕੇ ਬਹੁਤ ਪ੍ਰਭਾਵਤ ਹੋਇਆ। ਉਨ੍ਹਾਂ ਪਾਸੋਂ ਲੈ ਕੇ ਵੀਡੀਓ ਕੈਸਟਾਂ ਦੇਖੀਆਂ ਅਤੇ ਆਤਮ ਮਾਰਗ ਪੜ੍ਹਨ ਲੱਗਾ। ਇਸ ਤੋਂ ਪਹਿਲਾਂ ਮੈਂ ਰਤਵਾੜਾ ਸਾਹਿਬ ਦੇ ਸਾਲਾਨਾ ਸਮਾਗਮਾਂ ਦੇ ਇਸ਼ਤਿਹਾਰ ਬੱਸਾਂ ਵਿਚ ਆਉਂਦੇ ਜਾਂਦੇ ਦੇਖਦਾ ਪਰ ਇਹ ਪਤਾ ਨਹੀਂ ਸੀ ਕਿ ਇਹ ਕਿਸ ਜੱਥੇਬੰਦੀ ਵਲੋਂ ਕਰਵਾਏ ਜਾਂਦੇ ਨੇ। 1997 ਵਿਚ ਸਾਡੇ ਪਿੰਡ ਦੇ ਕੁਝ ਪ੍ਰੇਮੀ ਅਖਬਾਰਾਂ ਵਿਚ ਸਮਾਗਮ ਬਾਰੇ ਪੜ੍ਹ ਕੇ ਹਾਜ਼ਰੀ ਭਰਨ ਗਏ ਸਨ। ਉਨ੍ਹਾਂ ਨੇ ਮੈਨੂੰ ਵੀ ਕਿਹਾ ਸੀ ਪਰ ਕੁਝ ਕਾਰਨਾਂ ਕਰਕੇ ਮੈਂ ਜਾ ਨਹੀਂ ਸਕਿਆ ਸੀ, ਪਰ ਖਿੱਚ ਜ਼ਰੂਰ ਪੈਂਦੀ ਸੀ। ਅੰਦਰੇ ਅੰਦਰ ਅਗਲੇ ਸਮਾਗਮ ਵਿਚ ਜਾਣ ਦੀ ਅਰਦਾਸ ਨਿਕਲਦੀ ਸੀ। ਹੁਣ ਮਾਮਾ ਜੀ (ਸ. ਰੇਸ਼ਮ ਸਿੰਘ) ਹੋਰਾਂ ਪਾਸੋਂ ਬਾਬਾ ਜੀ ਬਾਰੇ ਸੁਣ ਕੇ ਬਹੁਤ ਖਿੱਚ ਪੈਂਦੀ ਪਰ ਕਿਸੇ ਨਾ ਕਿਸੇ ਕਾਰਨ ਜਾਣ ਵਿਚ ਚਿਰ ਹੁੰਦਾ ਰਿਹਾ। ਮੈਂ ਮਹਾਂਪੁਰਖਾਂ ਨੂੰ ਚਿੱਠੀ ਪਾ ਦਿਤੀ। ਥੋੜ੍ਹੇ ਹੀ ਦਿਨਾਂ ਬਾਅਦ ਜੁਆਬ ਆ ਗਿਆ। ਪੜ੍ਹ ਕੇ ਜੋ ਖੁਸ਼ੀ ਹੋਈ, ਦੱਸੀ ਨਹੀਂ ਜਾ ਸਕਦੀ। ਅਖੀਰ 1998 ਦੇ ਸਮਾਗਮ ਤੋਂ ਪਹਿਲਾਂ ਸੰਗਰਾਂਦ ਵਾਲੇ ਦਿਨ ਰਤਵਾੜਾ ਸਾਹਿਬ ਦਰਸ਼ਨਾਂ ਦਾ ਸੁਭਾਗ ਵੀ ਪ੍ਰਾਪਤ ਹੋ ਹੀ ਗਿਆ। ਮਨ ਵਿਚ ਕੁਝ ਸ਼ੰਕੇ ਸਨ। ਬਾਬਾ ਜੀ ਨੇ ਦੀਵਾਨ ਵਿਚ ਬਚਨ ਕਰਦਿਆਂ ਸਾਰੇ ਸ਼ੰਕੇ ਨਵਿਰਤ ਕਰ ਦਿਤੇ। ਮੈਂ ਸਟੇਜ ਦੇ ਨੇੜੇ ਬੈਠਾ ਸੀ। ਹੁਣ ਮਨ ਨੂੰ ਤਸੱਲੀ ਹੋ ਚੁੱਕੀ ਸੀ ਕਿ ਇਹੋ ਉਹ ਮਹਾਂਪੁਰਖ ਹਨ, ਜਿਨ੍ਹਾਂ ਦੀ ਭਾਲ ਸੀ। ਦੀਵਾਨ ਤੋਂ ਬਾਅਦ ਬੇਨਤੀ ਕਰਨ ਦਾ ਮੌਕਾ ਵੀ ਮਿਲਿਆ। ਮੈਂ ਕਿਹਾ ਮੱਤ ਪਾਪਾਂ ਨਾਲ ਭਰ ਗਈ ਹੈ। ਬਾਬਾ ਜੀ ਨੇ ਪਿੱਠ ਤੇ ਕਰ ਕਮਲ ਰਖਦਿਆਂ ਕਿਹਾ, ਨਾਮ ਜਪ ਕੇ ਧੋ ਲੈ। ਇਹ ਇਕ ਅਦੁੱਤੀ ਅਨੁਭਵ ਸੀ। ਇਸ ਤੋਂ ਬਾਅਦ ਸਮਾਗਮ ਤੇ ਸਾਰੇ ਦਿਨ ਰਹਿ ਕੇ ਲਾਹੇ ਪ੍ਰਾਪਤ ਕਰਨ ਦਾ ਵੀ ਸਮਾਂ ਪ੍ਰਾਪਤ ਹੋਇਆ। ਪਤਾ ਲੱਗਾ ਕਿ ਪਿਛਲੇ ਸਮਾਗਮ ਵਿਚ ਮੀਂਹ ਪੈ ਗਿਆ ਸੀ ਪਰ ਇਸ ਵਾਰ ਅਰਦਾਸ ਕੀਤੀ ਗਈ ਹੈ। ਸਮਾਪਤੀ ਵਾਲੇ ਦਿਨ ਤੋਂ ਪਹਿਲਾਂ ਵਾਲੀ ਰਾਤ ਦੀਵਾਨ ਸਮੇਂ ਅਸਮਾਨ ਵਿਚ ਬੱਦਲ ਹੋ ਗਏ। ਹਵਾ ਚੱਲ ਪਈ। ਇਉਂ ਲੱਗਣ ਲੱਗਾ ਕਿ ਹੁਣ ਮੀਂਹ ਜ਼ਰੂਰ ਪਵੇਗਾ। ਮਨ ਸਭ ਕੁਝ ਜਾਣਦਿਆਂ ਹੋਇਆਂ ਵੀ ਪਰਤੀਤ ਵਿਚ ਨਹੀਂ ਸੀ ਆ ਰਿਹਾ। ਮੈਂ ਉਠ ਕੇ ਟੈਂਟ ਕੋਲ ਚਲਿਆ ਗਿਆ। ਥੋੜ੍ਹੇ ਹੀ ਚਿਰ ਬਾਅਦ ਅਸਮਾਨ ਵਲ ਦੇਖਿਆ ਤਾਂ ਚੰਦ ਨਜ਼ਰ ਆਇਆ। ਚਾਰੇ ਪਾਸੇ ਬੱਦਲ ਸਨ ਪਰ ਵਿਚੋਂ ਬਿਲਕੁਲ ਸਾਫ ਸੀ। ਕੁਝ ਸਮੇਂ ਬਾਅਦ ਇਹ ਸਾਫ ਘੇਰਾ ਹੋਰ ਵੀ ਵਧ ਗਿਆ। ਅਗਲੇ ਦਿਨ ਪਤਾ ਲੱਗਾ ਕਿ ਆਸੇ ਪਾਸੇ ਕੁਝ ਕਿਲੋਮੀਟਰਾਂ ਦੇ ਫਾਸਲੇ ਤੋਂ ਬਾਅਦ ਮੀਂਹ ਪਿਆ ਸੀ। ਮਹਾਂਪੁਰਖਾਂ ਦੀਆਂ ਜੀਵਨੀਆਂ ਵਿਚ ਜਿਹੜੇ ਕੌਤਕ ਪੜ੍ਹੇ ਸਨ, ਉਨ੍ਹਾਂ ਵਿਚ ਇਕ ਅੱਖੀਂ ਵੇਖ ਲਿਆ ਸੀ। ਇਸ ਤੋਂ ਬਾਅਦ ਸੰਗਤ ਕਰਨ ਦਾ ਸੁਭਾਗ ਪ੍ਰਾਪਤ ਹੁੰਦਾ ਰਿਹਾ। ਬਾਬਾ ਜੀ ਨੇ ਬਹੁਤ ਮਿਹਰਾਂ ਕੀਤੀਆਂ, ਕਈ ਕੌਤਕ ਤੱਕੇ। ਮਹਾਂਪੁਰਖਾਂ ਦੀ ਸੰਗਤ ਕਰਦਿਆਂ ਕੁਝ ਸਮਾਂ ਹੋਣ ਤੇ ਮੈਨੂੰ ਉਹ ਸੁਪਨਾ ਯਾਦ ਆਇਆ। ਨਿਰੰਕਾਰ ਦੇ ਚੋਜ ਨਿਰਾਲੇ ਹਨ।

***ਅਮਰੀਕ ਸਿੰਘ ਗਨੈਸਕ***

ਦਾਸ ਜੂਨ 1994 ਵਿਚ ਚੰਡੀਗੜ੍ਹ ਆਇਆ। ਬੱਚੇ ਛੋਟੇ ਹੀ ਸਨ। ਇਸ ਕਰਕੇ ਪਿੰਡ ਬੜੈਲ ਵਿਚ ਮਕਾਨ ਕਿਰਾਏ ਤੇ ਲੈ ਲਿਆ ਅਤੇ ਬਾਹਰ ਪੁਰਾਣੇ ਘਰ ਪਾਰਟਸ (ਕਬਾੜ) ਦੀ ਦੁਕਾਨ ਕਰ ਲਈ। ਮਕਾਨ ਮਾਲਕ ਅਮਰੀਕਾ ਵਿਚ ਰਹਿੰਦੇ ਸਨ ਅਤੇ ਮਕਾਨ ਦਾ ਜੋ ਇਥੇ care taker (power of attorny) ਸੀ ਉਹ ਬੜੈਲ ਪ੍ਰਾਇਮਰੀ ਸਕੂਲ ਦਾ ਪ੍ਰਿੰਸੀਪਲ ਸੀ ਅਤੇ ਮੇਰਾ ਉਸ ਕੋਲ ਆਉਣਾ ਜਾਣਾ ਸੀ। ਮੈਂ ਸ਼ਰਾਬ ਪੀਣ ਦਾ ਆਦੀ ਸੀ ਅਤੇ ਸੰਨ 1970 ਤੋਂ ਲਗਾਤਾਰ ਪੀ ਰਿਹਾ ਸੀ ਪਰ ਕਿਰਦਾਰ ਪੱਖੋਂ ਬਹੁਤ ਠੀਕ ਸੀ। ਮੈਂ ਸੰਤਾਂ ਮਹਾਂਪੁਰਖਾਂ ਅਤੇ ਧਾਰਮਿਕ ਆਗੂਆਂ ਨੂੰ ਅਕਸਰ ਮਿਲਦਾ ਜੁਲਦਾ ਰਹਿੰਦਾ ਸੀ ਪਰ ਕਿਤੇ ਗੱਲ ਨਹੀਂ ਸੀ ਬਣ ਰਹੀ। ਮੈਂ ਇਹੋ ਜਿਹੇ ਸੰਤ ਮਹਾਂਪੁਰਖ ਦੀ ਭਾਲ ਵਿਚ ਸੀ ਜੋ ਹਰ ਇਕ ਸਵਾਲ ਦਾ ਤਸੱਲੀ ਬਖਸ਼ ਜਵਾਬ ਦੇਣ ਪਰ ਐਸੇ ਮਿਲੇ ਨਾ। ਉਥੇ ਉਸੇ ਸਕੂਲ ਵਿਚ ਬੀਬੀ ਹਰਦੇਵ ਕੌਰ ਧਮੋਟ ਵਾਲੇ (ਜੋ ਮੇਰੇ ਧਰਮ ਦੀ ਭੈਣ ਹਨ) ਬਤੌਰ ਅਧਿਆਪਕਾ ਪੜ੍ਹਾਉਂਦੇ ਸਨ। ਮੈਂ ਅਕਸਰ ਉਨ੍ਹਾਂ ਬਾਰੇ ਸੁਣਿਆ ਹੋਇਆ ਸੀ ਕਿ ਬਹੁਤ ਹੀ ਦਿਆਲੂ ਸੁਭਾਅ ਦੇ ਹਨ ਅਤੇ ਆਰਥਿਕ ਤੌਰ ਤੇ ਗਰੀਬ ਬੱਚਿਆਂ ਦੀ, ਕਿਤਾਬਾਂ ਦੇ ਕੇ ਅਤੇ ਹੋਰ ਵੀ ਮਦਦ ਕਰਦੇ ਹਨ ਅਤੇ ਧਾਰਮਿਕ ਵਿਚਾਰਾਂ ਦੇ ਹਨ। ਜੂਨ 1997 ਗਰਮੀਆਂ ਦੇ ਦਿਨ ਸਨ। ਮੈਂ ਆਪਣੇ ਕਮਰੇ ਵਿਚ ਹੀ ਬੱਚਿਆਂ ਸਮੇਤ ਪਿਆ ਸੀ। ਬਾਹਰ ਦਸਤਕ ਹੋਈ। ਦੇਖਿਆ ਕਿ ਸਾਮ੍ਹਣੇ ਭੈਣ ਜੀ ਹਰਦੇਵ ਕੌਰ ਹੱਥ ਵਿਚ ਆਤਮ ਮਾਰਗ ਮੈਗਜ਼ੀਨ ਲਈ ਖੜ੍ਹੇ ਹਨ। ਉਨ੍ਹਾਂ ਦੇ ਦਰਸ਼ਨ ਕਰਕੇ ਮੈਨੂੰ ਚਾਅ ਚੜ੍ਹ ਗਿਆ ਕਿ ਕੀੜੀ ਦੇ ਘਰ ਭਗਵਾਨ ਨੇ ਦਰਸ਼ਨ ਦਿਤੇ ਹਨ। ਭੈਣ

ਜੀ ਬੈਠੇ, ਚਾਹ ਪਾਣੀ ਪੀਤਾ, ਗੱਲਾਂਬਾਤਾਂ ਹੋਈਆਂ ਅਤੇ ਮੈਗਜ਼ੀਨ ਦੇ ਕੇ ਚਲੇ ਗਏ।

ਦੂਸਰੇ ਪਾਸੇ ਦੁਕਾਨ ਉਪਰ ਜਥੇਦਾਰ ਸੰਤੋਖ ਸਿੰਘ ਅਕਸਰ ਆਉਂਦੇ ਰਹਿੰਦੇ ਸਨ ਅਤੇ ਕਿਹਾ ਕਰਦੇ ਸਨ ਕਿ ਤੁਸੀਂ ਰਤਵਾੜਾ ਸਾਹਿਬ ਆਇਆ ਕਰੋ। ਸੋ ਦੋਵੇਂ ਪਾਸਿਆਂ ਤੋਂ ਹੁਕਮ ਹੋਇਆ ਅਤੇ ਮੈਨੂੰ ਅਤੇ ਮੇਰੀ ਪਤਨੀ ਇਕ ਦਿਨ ਮੋਹਾਲੀ ਮਹਾਂਪੁਰਖਾਂ ਦੇ ਦਰਸ਼ਨ ਕਰਨ ਪਹੁੰਚ ਗਏ। ਇਹ ਜੂਨ 1997 ਦੀ ਗੱਲ ਹੈ। ਮੈਂ ਇਹ ਤਾਂ ਨਹੀਂ ਸੀ ਪਤਾ ਕਿ ਮਹਾਂਪੁਰਖਾਂ ਨਾਲ ਕਿੱਦਾਂ ਬਚਨ ਬਿਲਾਸ ਕਰੀਦਾ ਹੈ, ਮੈਂ ਉਠ ਕੇ ਖੜ੍ਹਾ ਹੋ ਗਿਆ ਅਤੇ ਕਿਹਾ ਕਿ ਬਾਬਾ ਜੀ ਕੰਮ ਨਹੀਂ ਚਲਦਾ। ਬਾਬਾ ਜੀ ਨੇ ਪਵਿੱਤਰ ਮੁੱਖ ਤੋਂ ਬਚਨ ਕੀਤਾ ਕਿ ਬੀਜਦਾ ਤਾਂ ਤੂੰ ਕਿੱਕਰਾਂ ਹੈਂ ਅਤੇ ਭਾਲਦਾ ਅੰਗੂਰ ਹੈਂ। ਮੈਂ ਅਤੇ ਮੇਰੀ ਪਤਨੀ ਸੋਚਾਂ ਵਿਚ ਪੈ ਗਏ। ਬਾਬਾ ਜੀ ਦੁਬਾਰਾ ਬੋਲੇ ਕਿ ਕੀ ਸੋਚਦੇ ਹੋ? ਅਸੀਂ ਕੁਝ ਨਾ ਬੋਲੇ। ਬਾਬਾ ਜੀ ਨੇ ਫੁਰਮਾਨ ਕੀਤਾ ਕਿ ਤੁਸੀਂ ਰਤਵਾੜਾ ਸਾਹਿਬ ਆਇਓ। ਸੋ ਅਸੀਂ ਵਾਪਸ ਆ ਗਏ ਅਤੇ ਦੂਸਰੇ ਦਿਨ ਸਵੇਰੇ ਪੰਜ ਵਜੇ ਰਤਵਾੜਾ ਸਾਹਿਬ ਨੂੰ ਚੱਲ ਪਏ। ਇੰਦਰ ਦੇਵਤਾ ਵੀ ਪੂਰੇ ਜੋਬਨ ਤੇ ਸੀ ਬਰਸਾਤ ਬਹੁਤ ਸੀ ਪਰ ਅਸੀਂ ਦਿਲ ਵਿਚ ਧਾਰਿਆ ਹੋਇਆ ਸੀ ਕਿ ਅੱਜ ਰਤਵਾੜਾ ਸਾਹਿਬ ਜ਼ਰੂਰ ਦਰਸ਼ਨ ਕਰਨ ਜਾਣਾ ਹੈ ਸੋ ਰਤਵਾੜਾ ਸਾਹਿਬ ਪਹੁੰਚ ਗਏ। ਰਤਵਾੜਾ ਸਾਹਿਬ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਿਆ ਅਤੇ ਵਾਪਸ ਆ ਗਏ। ਬਾਬਾ ਜੀ ਨੇ ਮਨ ਦੀ ਬਿਰਤੀ ਹੀ ਬਦਲ ਦਿਤੀ। ਅੰਦਰ ਗੁਰਬਾਣੀ ਦਾ ਪਿਆਰ ਜਾਗ ਪਿਆ। ਬਾਬਾ ਜੀ ਦੇ ਪਵਿੱਤਰ ਬਚਨਾਂ ਨੇ ਐਸਾ ਬਾਣ ਮਾਰਿਆ ਕਿ ਅੰਦਰ ਨਵਾਂ ਜੀਵਨ ਉਤਸ਼ਾਹ ਪੈਦਾ ਹੋ ਗਿਆ, ਨਾਮ ਬਾਣੀ ਨਾਲ ਪਿਆਰ ਜਾਗ ਪਿਆ। ਉਸ ਤੋਂ ਬਾਅਦ ਅੱਜ ਤੱਕ ਕੋਈ ਵੀ ਇਹੋ ਜਿਹਾ ਕੀਰਤਨ, ਦੀਵਾਨ ਜਾਂ ਸਤਿਸੰਗਤ ਜਾਂ ਸਮਾਗਮ ਨਹੀਂ ਹੈ ਜੋ ਮੈਂ ਛੱਡਿਆ ਹੋਵੇ। 18 ਜੁਲਾਈ 1997 ਨੂੰ ਮੈਂ ਅੰਮ੍ਰਿਤ ਛਕ ਲਿਆ। ਹੁਣ ਇਸ ਸਮੇਂ ਤਾਂ ਮੇਰੀ ਪਤਨੀ, ਦੋਵੇਂ ਬੱਚੇ ਸਾਰਾ ਪਰਿਵਾਰ ਅੰਮ੍ਰਿਤਧਾਰੀ ਹਾਂ।

ਹੁਣ ਮੇਰੀ ਉਮਰ 47 ਸਾਲ ਦੀ ਹੈ ਮੈਂ ਅਜ ਤਕ ਬਾਬਾ ਜੀ ਵਰਗੀ ਮਹਾਨ ਉਚੀ ਸਖਸ਼ੀਅਤ, ਬ੍ਰਹਮਗਿਆਨੀ, ਪੁੱਗੀ ਹੋਈ ਰੂਹ ਦੇ ਦਰਸ਼ਨ ਨਹੀਂ ਕੀਤੇ।

***ਦਵਿੰਦਰ ਸਿੰਘ, ਚਹਲ***

ਬੀਬੀ ਜਸਪਾਲ ਕੌਰ, ਪਿੰਡ ਵਹਿਲਪੁਰ ਮੈਨੂੰ ਮੇਰੇ ਪਿਆਰੇ ਪਿਤਾ ਜੀ ਦੀ ਸੰਗਤ ਸੰਨ 1996 ਦੀ ਫਰਵਰੀ ਦੀ 15 ਤਰੀਕ ਨੂੰ ਪ੍ਰਾਪਤ ਹੋਈ। ਬਾਬਾ ਜੀ ਦੀ ਸੰਗਤ 1995 ਦੇ ਨੌਵੇਂ ਮਹੀਨੇ ਦੀ 4 ਤਾਰੀਖ ਨੂੰ ਮੇਰਾ ਇਕੋ ਇਕ ਬੇਟਾ 16 ਸਾਲਾਂ ਦਾ ਮੇਰੇ ਕੋਲੋਂ ਸਦਾ ਲਈ ਚਲਿਆ ਗਿਆ। ਮੈਂ ਆਪਣਾ ਆਪ ਰੋ ਰੋ ਕੇ (ਬਾਝੀ ਕਮਲੀ) ਬਣ ਗਈ। ਮੈਨੂੰ ਕੋਈ ਸਮਝ ਨਹੀਂ ਸੀ ਆਉਂਦੀ ਕਿ ਮੈਂ ਹੁਣ ਆਪਣੇ ਪੁੱਤਰ ਤੋਂ ਬਿਨਾਂ ਕਿਵੇਂ ਜੀਵਾਂਗੀ। ਇਸ ਬੇਟੇ ਨਾਲੋਂ ਛੋਟੀ ਬੇਟੀ ਹੈ। ਜੇ ਮੈਨੂੰ ਕਿਸੇ ਨੇ ਵੀ ਕਹਿਣਾ ਧੀਏ ਵਾਹਿਗੁਰੂ ਦਾ ਭਾਣਾ ਮੰਨਣਾ ਪੈਂਦਾ ਹੈ। ਮੇਰਾ ਹਰੇਕ ਨੂੰ ਇਹੋ ਜਵਾਬ ਦੇਣਾ ਕੋਈ ਵਾਹਿਗੁਰੂ ਹੈ ਨਹੀਂ, ਨਾ ਕੋਈ ਸੰਤ, ਨਾ ਗੁਰੂ। ਮੇਰੇ ਲਈ ਇਸ ਦੁਨੀਆਂ ਤੇ ਕੋਈ ਨਹੀਂ। ਸਾਰੀ ਸਾਰੀ ਰਾਤ ਮੈਂ ਆਪਣੇ ਬੇਟੇ (ਲਾਡੀ) ਦੀ ਫੋਟੋ ਕੋਲ ਰੱਖ ਕੇ ਰੋਈ ਜਾਣਾ, ਮੇਰੇ ਸਹੁਰੇ ਘਰ ਦੇ ਮੈਨੂੰ ਸਾਰੇ ਇਹੀ ਗੱਲ ਕਹਿੰਦੇ ਸੀ ਤੂੰ ਘਰੋਂ ਚਲੇ ਜਾ। ਫਿਰ ਇਕ ਮਹੀਨੇ ਬਾਅਦ ਮੇਰਾ ਘਰ ਵਾਲਾ ਦੁੱਬਈ ਤੋਂ ਆ ਗਿਆ। ਉਹ ਵੀ ਬੱਸ ਘਰ ਦੇ ਮਗਰ ਲਗ ਗਿਆ, ਉਹ ਮੇਰੇ ਮਾਤਾ ਪਿਤਾ ਨੂੰ ਕਹਿੰਦਾ ਸੀ ਕਿ ਤੁਸੀਂ ਇਸ ਨੂੰ ਲੈ ਜਾਊ ਜੋ ਉਸ ਵਕਤ ਮੇਰੀ ਹਾਲਤ ਹੋਈ ਕਿਸੇ ਮਾਂ ਨਾਲ ਨਾ ਹੋਵੇ। ਪੁੱਤਾਂ ਦੇ ਦੁੱਖ ਝਲਣੇ ਬਹੁਤ ਔਖੇ ਨੇ। ਉਸ ਤੋਂ ਬਾਅਦ 1996 ਦੀ ਫਰਵਰੀ ਮਹੀਨੇ 15 ਤਰਾਖੀ ਬਾਬਾ ਜੀ ਦੇ ਬਹਿਰਾਮ ਦੀਵਾਨ ਸੀ। ਮੇਰੇ ਤਾਇਆ ਜੀ ਦੀ ਨੂੰਹ ਮੇਰੀ ਭਾਬੀ ਮੈਨੂੰ ਪੇਕੇ ਲੈ ਗਈ। ਮੈਨੂੰ ਕਹਿੰਦੀ ਭੈਣ ਜੀ ਬਹੁਤ ਵੱਡੇ ਮਹਾਂਪੁਰਸ਼ਾਂ ਦੀ ਦਾ ਦੀਵਾਨ ਹੈ ਤੂੰ ਸੁਣ ਕੇ ਤਾਂ ਦੇਖ, ਬਹੁਤ ਮਹਾਂਪੁਰਖ ਪਿਆਰ ਵਾਲੇ ਹਨ। ਉਨ੍ਹਾਂ ਦੇ ਬਚਨ ਸੁਣ ਕੇ ਬਹੁਤ ਅਨੰਦ ਆਉਂਦਾ ਹੈ, ਤੂੰ ਮੇਰੇ ਨਾਲ ਚੱਲ। ਫਿਰ ਉਹ ਮੈਨੂੰ ਬਾਬਾ ਜੀ ਦੇ ਦੀਵਾਨ ਸੁਣਨ ਲਈ ਲੈ ਗਈ। ਮੇਰੇ ਪੇਕੇ (ਲੱਖਪੁਰ) ਬਹਿਰਾਮ ਦੇ ਬਿਲਕੁਲ ਨਜ਼ਦੀਕ ਹਨ। ਜਦੋਂ ਮੈਂ ਬਾਬਾ ਜੀ ਦੇ ਦਰਸ਼ਨਾਂ ਲਈ ਗਈ ਤਾਂ ਬਾਬਾ ਜੀ ਇਹ ਧਾਰਨਾ ਪੜ੍ਹਦੇ ਸੀ (ਧੰਨ ਧੰਨ ਨੇ ਜਣੇਦੀਆਂ ਮਾਵਾਂ ਜਿਨਾਂ ਦੇ ਪੁੱਤਰ ਨਾਮ ਜਪਦੇ) ਜਿਸ ਵੇਲੇ ਮੈਂ ਇਹ ਧਾਰਨਾ ਸੁਣੀ, ਮੈਂ ਬਹੁਤ ਜ਼ਿਆਦਾ ਰੋਈ ਕਿ ਬਾਬਾ ਜੀ ਮੇਰਾ ਤਾਂ ਪੁੱਤ ਹੈ ਨਹੀਂ। ਇਕ ਦੀਵਾਨ ਪੂਰਾ ਸੁਣਿਆ, ਦੋ ਦੀਵਾਨ ਹੋਰ ਰਹਿੰਦੇ ਸੀ, ਫਿਰ ਮੇਰੇ ਰਾਤ ਨੂੰ ਸੁੱਤੀ ਪਈ ਦੇ ਉਹੀ ਧਾਰਨਾ ਦਿਲ ਵਿਚ ਆਈ। ਦੂਜੇ ਤੀਜੇ ਦਿਨ ਵੀ ਬੜੇ ਪਿਆਰ ਨਾਲ ਦੀਵਾਨ ਸੁਣਿਆ ਅਤੇ ਬਾਬਾ ਜੀ ਦੀਆਂ ਕੈਸਟਾਂ ਅਤੇ ਆਤਮ ਮਾਰਗ ਮੈਗਜ਼ੀਨ ਲੈ ਲਿਆ, ਮੈਂ ਘਰ ਆ ਰਾਤ ਨੂੰ ਨਾਲੇ ਕੈਸਟ ਸੁਣਦੀ, ਨਾਲੇ ਇਹੀ ਦਿਲ ਵਿਚ ਸੋਚਦੀ ਮੈਂ ਇਨ੍ਹਾਂ ਐਡੇ ਮਹਾਂਪੁਰਖ ਸੰਤਾਂ ਨੂੰ ਤਾਂ ਮੰਨਾਂਗੀ ਜੇ ਇਕ ਮੇਰਾ ਵੀ ਦੁੱਖ ਸੁਣਗਨੇ, ਮੇਰਾ ਕੋਈ ਦੁਖ ਸੁਣਨ ਵਾਲਾ ਨਹੀਂ। ਫਿਰ ਮੈਂ ਮੈਗਜ਼ੀਨ ਤੋਂ ਬਾਬਾ ਜੀ ਦਾ ਐਡਰੇਸ ਲਿਖ ਕੇ ਬਾਬਾ ਜੀ ਨੂੰ ਚਿੱਠੀ ਪਾ ਦਿਤੀ। ਨਾਲੇ ਚਿੱਠੀ ਲਿਖਦੀ ਇਹੀ ਗੱਲ ਕਹਿੰਦੀ ਕਿ ਬਿਨਾਂ ਨੂੰ ਤਾਂ ਮੈਂ ਸੰਤ ਮੰਨਾਂ ਜੇ ਮੇਰੀ ਚਿੱਠੀ ਦਾ ਜਵਾਬ ਦੇਣਗੇ (ਸੰਗਤੇ ਮੇਰੇ ਪਿਆਰੇ ਪਿਤਾ ਜੀ 14 ਦਿਨਾਂ ਦੇ ਵਿਚ ਮੈਨੂੰ ਚਿੱਠੀ ਪਾਈ, ਫਿਰ ਮੇਰੇ ਦਿਲ ਨੂੰ ਹੌਂਸਲਾ ਹੋ ਗਿਆ ਕਿ ਹੈ ਕੋਈ ਇਸ ਦੁਨੀਆਂ ਤੇ ਮੇਰਾ ਦੁਖ ਸੁਣਨ ਵਾਲਾ। ਫਿਰ ਹੌਲੀ ਹੌਲੀ ਮੇਰੇ ਪਿਤਾ ਜੀ ਨੇ ਚਿੱਠੀ ਦਾ ਜਵਾਬ ਜਲਦੀ ਜਲਦੀ ਦੇਣਾ। ਮੈਨੂੰ ਮੇਰੇ ਪਿਤਾ ਜੀ ਪਤਾ ਨਹੀਂ ਕੀ ਚਿੱਠੀ ਵਿਚੋਂ ਲਿਖ ਕੇ ਪਾ ਦਿੰਦੇ ਕਿ ਮੈਨੂੰ ਪੁੱਤਰ ਦੀ ਯਾਦ ਭੁਲਦੀ ਗਈ, ਮੇਰੇ ਪਿਤਾ ਜੀ ਦੀ ਯਾਦ ਹੋਰ ਨੇੜੇ ਆਉਂਦੀ ਗਈ, ਫਿਰ ਬਾਬਾ ਜੀ ਨਾਲ ਫੋਨ ਤੇ ਗੱਲਾਂ ਕਰਨੀਆਂ। ਜਦੋਂ ਮੇਰਾ ਫੋਨ ਆਣਾ ਮੇਰਾ ਮਨ ਖੁਸ਼ ਹੋ ਜਾਣਾ। ਮੈਂ ਆਪਣੇ ਪਿਤਾ ਜੀ ਨਾਲ ਛੇਤੀ ਛੇਚੀ ਫੋਨ ਤੇ ਗੱਲਾਂ ਕਰ ਲੈਣੀਆਂ। ਫਿਰ ਬਾਬਾ ਜੀ ਨੇ ਮੈਨੂੰ ਤੇ ਮੇਰੀ ਬੇਟੀ ਨੂੰ ਰਤਵਾੜਾ ਸਾਹਿਬ ਆਉਣ ਨੂੰ ਕਿਹਾ ਮੈਂ ਕਿਹਾ ਬਾਬਾ ਜੀ, ਮੈਨੂੰ ਨਹੀਂ ਪਤਾ ਰਤਵਾੜਾ ਸਾਹਿਬ ਕਿਥੇ ਹੈ? ਮੈਂ ਕਿਸ ਤਰ੍ਹਾਂ ਜਾਵਾਂਗੀ? ਮੇਰੀ ਬੇਟੀ ਵੀ ਛੋਟੀ ਹੈ। ਬਾਬਾ ਜੀ ਨੇ ਕਿਹਾ, ਚੰਡੀਗੜ੍ਹ ਬੱਸ

ਚੜ੍ਹ ਕੇ ਆ ਜਾਵੋ ਫਿਰ ਮੈਂ ਆਪ ਲੈਣ ਆਵਾਂਗਾ। ਤੁਹਾਨੂੰ ਲੈਣ ਵਾਸਤੇ। ਫਿਰ ਚੰਡੀਗੜ੍ਹ ਆ ਕੇ ਪਿਤਾ ਜੀ ਨੂੰ ਫੋਨ ਕੀਤਾ ਉਨ੍ਹਾਂ ਦੱਸਿਆ ਕਿ ਇਹ ਬੱਸ ਲੈ ਕੇ ਮੁੱਲਾਂਪੁਰ ਉਤਰ ਜਾਣਾ, ਮੈਂ ਆਪ ਆ ਕੇ ਲੈ ਜਾਵਾਂਗਾ। ਫਿਰ ਸ਼ਾਮ ਦੇ 6 ਵਜੇ ਸਰਦੀਆਂ ਦਾ ਦਿਨ ਸੀ ਅਸੀਂ ਮੁੱਲਾਂਪੁਰ ਜਦੋਂ ਬੱਸ ਵਿਚੋਂ ਉਤਰੀਆਂ ਸਾਨੂੰ ਕੁਝ ਨਾ ਪਤਾ ਲੱਗੇ ਕਿਧਰ ਨੂੰ ਜਾਣਾ ਹੈ। ਅਸੀਂ ਜਦੋਂ ਅੱਧ ਵਿਚ ਆ ਗਈਆਂ, ਇਕ ਸਾਈਡ ਤੋਂ ਇਕ ਸਿੱਖ ਆਇਆ, ਚਿੱਟੇ ਵਸਤਰ, ਪੀਲਾ ਸਿਰ ਤੇ ਪਰਨਾ ਬੰਨਦਾ ਬੰਨਦਾ ਤੁਰਿਆ ਜਾਵੇ। ਅਸੀਂ ਉਸ ਫਤਹਿ ਬੁਲਾਈ। ਫਿਰ ਉਸ ਨੂੰ ਪੁਛਿਆ, ਭਾਈ ਸਾਹਿਬ, ਰਤਵਾੜਾ ਸਾਹਿਬ ਕਿੱਡੀ ਕੁ ਦੂਰ ਹੈ। ਉਸ ਨੇ ਜਵਾਬ ਦਿਤਾ ਕੁ ਤੁਸੀਂ ਮੇਰੇ ਮਗਰ ਮਗਰ ਆਈ ਜਾਓ ਜਿਸ ਵੇਲੇ ਅਸੀਂ ਰਤਵਾੜਾ ਸਾਹਿਬ ਗੁਰਦਵਾਰੇ ਦੀ ਲਾਈਟ ਦੇਖੀ ਫਿਰ ਉਸ ਨੂੰ ਪੁਛਿਆ, ਹੁਣ ਕਿੱਡੀ ਕੁ ਦੂਰ ਹੈ, ਉਹ ਕੁਝ ਨਹੀਂ ਹੋਲਿਆ। ਜਦੋਂ ਅਸੀਂ ਦੂਰ ਪਹੁੰਚ ਗਈਆਂ ਉਹ ਸਿੰਘ ਸਾਨੂੰ ਨਹੀਂ ਦਿਸਿਆ ਸੰਗਤੇ ਮੇਰੇ ਪਿਤਾ ਜੀ ਨੂੰ ਸਾਡੇ ਨਾਲ ਆਉਂਦੇ ਰਹੇ, ਸਾਨੂੰ ਕੋਈ ਸੋਝੀ ਨਹੀਂ ਸੀ। ਮੇਰੀ ਬੇਟੀ ਨੇ ਰਤਵਾੜਾ ਸਾਹਿਬ ਆ ਕੇ ਅੰਮ੍ਰਿਤ ਛਕ ਲਿਆ। ਮੈਂ ਪਹਿਲਾਂ ਹੀ ਅੰਮ੍ਰਿਤ ਛਕ ਚੁੱਕੀ ਸੀ। ਸਾਨੂੰ ਬਾਬਾ ਜੀ ਨੇ ਗੁਰੂ ਨਾਲ ਜੋੜਿਆ, ਸਿੱਖੀ ਬਖਸ਼ੀ, ਮਨ ਨੂੰ ਧੀਰਜ ਬਖਸ਼ਿਆ।

***ਜਸਪਾਲ ਕੌਰ ਖਾਲਸਾ***

## ਜ਼ਰੂਰੀ ਸੂਚਨਾ

**ਆਤਮ ਮਾਰਗ ਦੀ ਮੈਂਬਰਸ਼ਿਪ ਜਾਂ ਰੀਨੀਉਅਲ ਜਾਂ ਗੁਰਦਵਾਰਾ ਸਾਹਿਬ ਦੀ ਸੇਵਾ ਭੇਜਣ ਸਮੇਂ ਤਿੰਨ ਗੱਲਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਜੀ –**

**(ਪਹਿਲੀ) ਆਤਮ ਮਾਰਗ ਲਈ ਭੇਜੀ ਮਾਇਆ ਦਾ ਡਰਾਫਟ ਆਤਮ ਮਾਰਗ ਦੇ ਨਾਮ ਹੋਵੇ ਅਤੇ ਕੇਵਲ ਆਤਮ ਮਾਰਗ ਲਈ ਹੋਵੇ, ਇਸ ਵਿਚ ਹੋਰ ਕੋਈ ਸੇਵਾ ਸ਼ਾਮਲ ਨਾ ਕੀਤੀ ਜਾਵੇ।**

**(ਦੂਜੀ) ਗੁਰਦਵਾਰਾ ਸਾਹਿਬ ਲਈ ਭੇਜੀ ਸੇਵਾ ਦਾ ਡਰਾਫਟ ਅੱਡ ਹੋਵੇ ਅਤੇ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੇ ਨਾਮ ਹੋਵੇ। ਇਸ ਵਿਚ ਆਤਮ ਮਾਰਗ ਲਈ ਭੇਜੀ ਰਕਮ ਸ਼ਾਮਲ ਨਾ ਕੀਤੀ ਜਾਵੇ।**

**(ਤੀਜੀ) ਮਾਇਆ ਚੈਕ ਰਾਹੀਂ ਨਹੀਂ, ਸਗੋਂ ਡਰਾਫਟ ਰਾਹੀਂ ਭੇਜੀ ਜਾਵੇ ਅਤੇ ਡਰਾਫਟ ਦੀ ਅਦਾਇਗੀ ਚੰਡੀਗੜ੍ਹ ਦੇ ਕਿਸੇ ਵੀ ਬੈਂਕ ਰਾਹੀਂ ਹੋਵੇ, ਬਾਹਰਲੇ ਸ਼ਹਿਰਾਂ ਦੇ ਡਰਾਫਟ/ਚੈਕ ਨਾ ਭੇਜੇ ਜਾਣ।**

(ਪੰਨਾ 48 ਦੀ ਬਾਕੀ)

ਮਹਾਰਾਜ ਜੀ ਕਹਿਣ ਲੱਗੇ ਕਿ ਹੇ ਨਾਥ ਜੀ! ਸਾਡਾ ਰਸਤਾ ਤੁਹਾਡੇ ਵਾਲਾ ਨਹੀਂ ਹੈ। ਨਾ ਤਾਂ ਸਾਨੂੰ ਪ੍ਰਾਣਾਯਾਮ ਕਰਾਉਣ ਦੀ ਲੋੜ ਹੈ, ਨਾ ਨੇਤੀ, ਧੋਤੀ, ਬਸਤੀ ਵਗੈਰਾ ਕਰਾਉਣ ਦੀ ਲੋੜ ਹੈ, ਕਪਾਲੀ ਅਸੀਂ ਨਹੀਂ ਕਰਾਉਣੀ, ਐਸੇ ਸਾਧਨ ਅਸੀਂ ਨਹੀਂ ਕਰਾਉਣੇ, ਸਾਡੇ ਤਾਂ ਸਿੱਖ ਨੇ ਗੁਰੂ ਨੂੰ ਪਿਆਰ ਕਰਨਾ ਹੈ। ਪਿਆਰ ਦੇ ਵਿਚ ਇਹ ਸ਼ਕਤੀ ਹੈ ਕਿ ਜਿਉਂ ਜਿਉਂ ਪਿਆਰ ਕਰੀਂ ਜਾਓ, ਉਸ ਦਾ ਧਿਆਨ ਹਿਰਦੇ 'ਚ ਆਉਣਾ ਸ਼ੁਰੂ ਹੋ ਜਾਂਦਾ ਹੈ, ਉਸ ਦੇ ਨਾਲ ਲੀਨ ਹੋ ਜਾਂਦਾ ਹੈ। ਸਾਰਾ ਦਿਨ ਉਸ ਦੇ ਨਾਲ ਪਰਚਿਆ ਰਹਿ ਸਕਦਾ ਹੈ ਜੇ ਪਿਆਰ ਹੋਵੇ। ਜਦੋਂ ਗੁਰੂ ਨੂੰ ਪਿਆਰ ਕਰੇਗਾ ਤਾਂ ਗੁਰੂ ਦਾ ਸ਼ਬਦ ਹਿਰਦੇ ਵਿਚ ਵਸਾਏਗਾ। ਉਸ ਦੀ ਸੁਰਤ ਦੇ ਨਾਲ ਜਦੋਂ ਸ਼ਬਦ ਲੱਗ ਗਿਆ ਫੇਰ ਉਸ ਨੂੰ ਬਾਹਰਲੀ ਦੁਨੀਆਂ ਦੇ ਰੁਝੇਵੇਂ ਕੁਝ ਨਹੀਂ ਕਹਿੰਦੇ ਕਿਉਂਕਿ ਅੰਦਰ ਸੁਰਤਿ ਐਨੀ ਤਕੜੀ ਹੋ ਗਈ ਕਿ ਉਹ ਕੰਮ ਕਰਦਾ ਹੋਇਆ ਵੀ ਕੋਈ ਕੰਮ ਨਹੀਂ ਕਰ ਰਿਹਾ, ਬੱਚਿਆਂ ਨੂੰ ਪਾਲਦਾ ਹੋਇਆ ਵੀ ਪਾਲ ਨਹੀਂ ਰਿਹਾ, ਸਾਰੇ ਫਰਜ਼ ਪੂਰੇ ਕਰਦਾ ਹੋਇਆ ਵੀ ਫੇਰ ਉਹ ਨਿਰਲੇਪ ਰਹਿੰਦਾ ਹੈ। ਸੋ ਸਾਡਾ ਜੋ ਮਾਰਗ ਹੈ ਉਹ ਸੁਰਤਿ ਸ਼ਬਦ ਦਾ ਹੈ –

***ਧਾਰਨਾ – ਨਾਨਕ ਨਾਮ ਵਖਾਣੇ ਜੀ,***
***ਸੁਰਤਿ ਸ਼ਬਦ ਭਵ ਸਾਗਰ ਤਰੀਐ –2, 2.***
***ਸੁਰਤਿ ਸਬਦ ਭਵ ਸਾਗਰ ਤਰੀਐ –2, 2.***
***ਨਾਨਕ ਨਾਮ ਵਖਾਣੇ ਜੀ,............. –2.***

ਸੋ ਨਾਥ ਜੀ! ਸਾਰਾ ਹੀ ਸਬੰਧ ਮਨ ਨਾਲ ਹੁੰਦਾ ਹੈ।

***ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧ ਹੋਇ॥***
***ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ॥***
***ਪੰਨਾ – 342***

ਮਨ ਦੇ ਉਤੇ ਸੁਰਤ ਹੋਇਆ ਕਰਦੀ ਹੈ। ਸੋ ਸੁਰਤਿ ਜਦੋਂ ਸ਼ਬਦ ਦੇ ਨਾਲ ਲੱਗ ਗਈ ਫੇਰ ਮਨ ਨੇ ਨਹੀਂ ਦੌੜਨਾ ਕਿਉਂਕਿ ਸੁਰਤ ਜਦੋਂ ਸ਼ਬਦ ਵਿਚ ਲੱਗਣੀ ਹੈ ਤਾਂ ਸ਼ਬਦ ਵਿਚੋਂ ਰਸ ਆਉਣਾ ਹੈ। ਸੋ ਇਸ ਤਰ੍ਹਾਂ ਗ੍ਰਹਿਸਤ ਵਿਚ ਰਹਿੰਦੇ ਹੋਏ ਸਾਡੇ ਗੁਰਸਿੱਖ ਆਪਣਾ ਰੂਹਾਨੀ ਪੈਂਡਾ ਤੈਅ ਕਰ ਲਿਆ ਕਰਨਗੇ ਪਰ ਲਗਨ ਹੋਣੀ ਚਾਹੀਦੀ ਹੈ। ਬੜੀ ਸ਼ਿਕਾਇਤ ਹੈ ਸੋਝੀ ਵਾਲੇ ਬੰਦਿਆਂ ਨੂੰ ਕਿ ਅਸੀਂ ਕੇਵਲ ਭੇਖ ਦੇ ਸਿੱਖ ਰਹਿ ਗਏ, ਅੰਦਰੋਂ ਬਿਲਕੁਲ ਖਾਲੀ ਹੋ ਗਏ। ਇਹ ਜੋ ਬੇਨਤੀਆਂ ਕੀਤੀਆਂ ਨੇ ਇਹ ਸਿੱਖ ਦੀ ਅੰਦਰਲੀ ਅਵਸਥਾ ਦੀਆਂ ਬੇਨਤੀਆਂ ਕੀਤੀਆਂ ਨੇ। ਸਿੱਖ ਦੇ ਅੰਦਰ ਪਿਆਰ ਹੁੰਦਾ ਹੈ ਗੁਰੂ ਦਾ, ਹਰ ਵਕਤ ਗੁਰੂ ਦੇ ਪਿਆਰ ਵਿਚ ਰਹਿੰਦਾ ਹੈ, ਗੁਰੂ ਦੀ ਗੱਲ ਸੁਣਦਾ ਹੈ; ਕਦੇ ਵੈਰਾਗ ਆ ਜਾਂਦਾ ਹੈ, ਕਦੇ ਖੇੜੇ ਵਿਚ ਆ ਜਾਂਦਾ ਹੈ।

***ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥***
***ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥***
***ਪੰਨਾ – 558***

***'ਚਲਦਾ'***

# ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ

*(ਧਮੋਟ ਵਿਖੇ ਮਿਤੀ 17.1.2001 ਨੂੰ ਲੱਗਿਆ ਤੀਜਾ ਦੀਵਾਨ)*

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ।***

*(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ-53)*

ਸ਼ਾਨ .....................................।

***ਸਤਿਨਾਮ ਸ੍ਰੀ ਵਾਹਿਗੁਰੂ,***
***ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!***

***ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥***
***ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥***

***ਪੰਨਾ - 256***

***ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥***
***ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥***

***ਪੰਨਾ - 289***

***ਧਾਰਨਾ - ਵਾਹਿਗੁਰੂ, ਮਹਿਮਾ ਨਾ ਤੇਰੀ ਵੇਦ ਜਾਣਦੇ -2, 2.***
***ਤੇਰਾ ਬ੍ਰਹਮਾ ਨੇ ਅੰਤ ਨਾ ਪਾਇਆ -2, 2.***
***ਮਹਿਮਾ ਤੇਰੀ ਨਾ ਵੇਦ ਜਾਣਦੇ,...... -2.***

***ਮਹਿਮਾ ਨ ਜਾਨਹਿ ਬੇਦ॥***
***ਬ੍ਰਹਮੇ ਨਹੀ ਜਾਨਹਿ ਭੇਦ॥***
***ਅਵਤਾਰ ਨ ਜਾਨਹਿ ਅੰਤੁ॥***
***ਪਰਮੇਸਰੁ ਪਾਰਬ੍ਰਹਮੁ ਬੇਅੰਤੁ॥***
***ਅਪਨੀ ਗਤਿ ਆਪਿ ਜਾਨੈ॥***
***ਸੁਣਿ ਸੁਣਿ ਅਵਰ ਵਖਾਨੈ॥***
***ਸੰਕਰਾ ਨਹੀ ਜਾਨਹਿ ਭੇਵ॥***
***ਖੋਜਤ ਹਾਰੇ ਦੇਵ॥***
***ਦੇਵੀਆ ਨਹੀ ਜਾਨੈ ਮਰਮ॥***
***ਸਭ ਊਪਰਿ ਅਲਖ ਪਾਰਬ੍ਰਹਮ॥***
***ਅਪਨੈ ਰੰਗਿ ਕਰਤਾ ਕੇਲ॥***
***ਆਪਿ ਬਿਛੋਰੈ ਆਪੇ ਮੇਲ॥***
***ਇਕਿ ਭਰਮੇ ਇਕਿ ਭਗਤੀ ਲਾਏ॥***
***ਅਪਣਾ ਕੀਆ ਆਪਿ ਜਣਾਏ॥***
***ਸੰਤਨ ਕੀ ਸੁਣਿ ਸਾਚੀ ਸਾਖੀ॥***
***ਸੋ ਬੋਲਹਿ ਜੋ ਪੇਖਹਿ ਆਖੀ॥***
***ਨਹੀ ਲੇਪੁ ਤਿਸੁ ਪੁੰਨਿ ਨ ਪਾਪਿ॥***
***ਨਾਨਕ ਕਾ ਪ੍ਰਭੁ ਆਪੇ ਆਪਿ॥***
***ਪੰਨਾ - 894***

ਸਾਧ ਸੰਗਤ ਜੀ! ਚਿਤ ਬਿਰਤੀਆਂ ਇਕਾਗਰ ਕਰੋ ਗੱਜ ਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ! ਦੂਰ ਦਰਾਜ਼ ਤੋਂ ਐਨੀ ਠੰਢ ਦੇ ਵਿਚ ਜਦੋਂ ਆਦਮੀ ਸਹਿਜ ਨਾਲ ਹੀ ਘੌਲ ਕਰ ਲੈਂਦਾ ਹੈ, ਤੁਸੀਂ ਚੰਗੇ ਭਾਗਾਂ ਦੇ ਪ੍ਰੇਰੇ ਹੋਏ ਗੁਰੂ ਦੇ ਦਰਬਾਰ ਵਿਚ ਪਹੁੰਚਦੇ ਹੋ। ਬਾਣੀ ਪੜ੍ਹੀ ਹੈ ਕਿ ਹੇ ਵਾਹਿਗੁਰੂ! ਤੇਰਾ ਅੰਤ ਕੋਈ ਨਹੀਂ ਜਾਣਦਾ। ਇਸੇ ਕਰਕੇ ਉਸ ਦਾ ਨਾਉਂ ਬੇਅੰਤ ਹੈ। ਬ੍ਰਹਮਾਂ ਨਹੀਂ ਅੰਤ ਜਾਣਦਾ, ਵੇਦ ਬਣਾਏ ਨੇ ਚਾਰ, ਸ਼ਿਵ ਜੀ ਹਰ ਵਕਤ ਧਿਆਨ ਵਿਚ ਰਹਿੰਦਾ ਹੈ, ਉਹ ਕਹਿੰਦਾ, ਮੈਂ ਵੀ ਨਹੀਂ ਜਾਣਦਾ, ਉਸ ਨੇ ਵੀ ਜਵਾਬ ਦੇ ਦਿੱਤਾ। ਵਿਸ਼ਨੂੰ ਭਗਵਾਨ ਜੋ ਸ੍ਰੇਸ਼ਠ ਨੇ ਦੇਵਤਿਆਂ ਦੇ ਵਿਚੋਂ, ਉਨ੍ਹਾਂ ਨੇ ਕਿਹਾ ਕਿ ਵਾਹਿਗੁਰੂ ਦਾ ਕੋਈ ਅੰਤ ਨਹੀਂ ਪਾ ਸਕਦਾ। ਮਨੁੱਖ ਨੇ ਕਿਹਾ ਕਿ ਮੈਂ ਪਾ ਲਵਾਂਗਾ। ਛੋਟਾ ਜਿਹਾ ਹੈ, ਮਨੁੱਖ ਦੀ ਬੁੱਧੀ ਕੋਈ ਵੱਡੀ ਨਹੀਂ ਹੈ ਬਹੁਤੀ, ਐਵੇਂ ਕੰਪਿਊਟਰ ਬਣਾ ਲਏ, ਇੰਟਰਨੈਟ ਬਣਾ ਲਏ, ਇਸ ਦੇ ਉਤੇ ਹੀ ਇਸ ਨੂੰ ਇਹ ਹੋ ਗਿਆ ਕਿ ਮੈਂ ਬਹੁਤ ਕੁਝ ਕਰ ਲਿਆ। ਡਾਕਟਰ ਸਟੀਫਸਨ ਹੋਏ ਨੇ ਇਕ ਲੰਡਨ (ਇੰਗਲੈਂਡ) ਦੇ। ਸੰਨ 1952-53 ਵਿਚ ਉਸਦਾ ਜਹਾਜ ਗਿਰ ਗਿਆ ਸੀ ਵਿਚਾਰੇ ਦਾ। ਮੈਂ ਅਮਰੀਕਾ ਵਿਚ ਸੀ ਤੇ ਉਥੇ ਉਸ ਦੀ ਇਕ ਕਿਤਾਬ ਪੜ੍ਹੀ Time & Space (ਸਮਾਂ ਤੇ ਦੂਰ ਖਲਾਅ। ਉਸ ਦੇ ਵਿਚ ਇਸ ਨੇ ਇਹ ਜਾਨਣ ਦੀ ਕੋਸ਼ਿਸ਼ ਕਰੀ ਕਿ ਵਾਹਿਗੁਰੂ ਕਿੰਨਾ - ਪਸਾਰਾ ਕਰਦਾ ਹੈ। ਉਸ ਦੇ ਗਣਿਤ ਦੇ ਹਿਸਾਬ ਦੇ ਮੁਤਾਬਕ ਸੂਤਰ ਲਏ ਪਰ ਉਹ ਥੱਕ ਗਿਆ। ਜਦੋਂ ਪਸਾਰਾ ਹੋਇਆ....., ਕਿਉਂਕਿ ਸਹੀ ਗੱਲ ਜੇ ਪੁਛਣੀ ਹੈ, ਬਹੁਤੇ ਆਪਾਂ ਭਰਮਾਂ ਵਿਚ ਨਾ ਪਈਏ ਜੇ ਤੁਹਾਡੇ ਯਾਦ ਰਹਿ ਜਾਵੇ ਸਾਰਿਆਂ ਦੇ...., ਬਹੁਤਾ ਰੌਲਾ-ਗੌਲਾ ਨਹੀਂ ਹੈ ਇਥੇ, ਗੱਲ ਇਕ ਦਮ ਮੁੱਕ ਜਾਂਦੀ ਹੈ ਪਰ ਉਹ ਸਾਡੇ ਅੰਦਰੋਂ ਨਹੀਂ ਮੁੱਕਦੀ, ਓਧਰੋਂ ਤਾਂ ਮੁੱਕ ਜਾਂਦੀ ਹੈ। ਉਹ ਇਹ ਹੈ ਕਿ ਇਥੇ ਵਾਹਿਗੁਰੂ ਆਪ ਹੀ ਅਨੇਕ ਰੂਪ ਧਾਰ ਕੇ ਸੰਸਾਰ ਬਣਿਆ ਹੋਇਆ ਹੈ। ਉਹ ਤਾਂ ਨਹੀਂ ਬਣਿਆ ਸੰਸਾਰ ਪਰ ਮਨੁੱਖ ਨੇ ਸੰਸਾਰ ਬਣਾ ਲਿਆ ਵਾਹਿਗੁਰੂ ਨੂੰ -

***ਪਾਰਬ੍ਰਹਮ ਕੇ ਸਗਲੇ ਠਾਉ॥***
***ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ॥***
***ਆਪੇ ਕਰਨ ਕਰਾਵਨ ਜੋਗੁ॥***
***ਪ੍ਰਭ ਭਾਵੈ ਸੋਈ ਫੁਨਿ ਹੋਗੁ॥***
***ਪਸਰਿਓ ਆਪਿ ਹੋਇ ਅਨਤ ਤਰੰਗ॥***
***ਪੰਨਾ - 275***

ਫੈਲਿਆ ਹੈ, ਪਸਰਿਆ ਹੈ ਪ੍ਰਮੇਸ਼ਰ ਤੇ ਕਿੰਨਾ ਪਸਰਿਆ ਹੈ? ਇਸ ਦਾ ਕੋਈ ਅੰਤ ਨਹੀਂ ਹੈ -

***ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ॥ਪੰਨਾ -***

*275*

ਗੁਰੂ ਸਾਹਿਬ ਨੇ ਕੋਈ ਲਕੋਅ ਨਹੀਂ ਸਾਥੋਂ ਰੱਖਿਆ ਕਿਸੇ ਕਿਸਮ ਦਾ ਵੀ। ਵੇਦ ਪੜ੍ਹਨ ਲੱਗ ਜਾਓ, ਸਾਸ਼ਤਰ ਪੜ੍ਹਨ ਲੱਗ ਜਾਓ ਉਨ੍ਹਾਂ ਵਿਚ ਹਰ ਗੱਲ ਦੇ ਵਿਚ ਬਹੁਤ ਲਕੋਅ (ਓਲ੍ਹਾ) ਹੈ। ਇਸ਼ਾਰੇ ਕਰੇ ਹੋਏ ਨੇ, ਸਿੱਧਾ ਖੁੱਲ੍ਹ ਕੇ ਨਹੀਂ ਕਿਹਾ। ਉਪਨਿਸ਼ਦਾਂ ਵਿਚ ਤਾਂ ਕਿਹਾ ਹੈ ਪਰ ਵੇਦ ਦੇ ਅਰਥ ਕਰ-ਕਰ ਕੇ ਦੱਸੋ ਤਾਂ ਕਿਤੇ ਸਮਝ ਵਿਚ ਆਉਂਦੀ ਹੈ, ਨਹੀਂ ਤਾਂ ਸਮਝ ਆਉਂਦੀ ਨਹੀਂ ਹੈ। ਮਹਾਰਾਜ ਜੀ ਨੇ ਆਪਾਂ ਸਾਰਿਆਂ ਨੂੰ ਇਕ ਦਮ ਸਰਲ ਤੇ ਸਿੱਧੀ ਗੱਲ ਦਸ ਦਿੱਤੀ ਕਿ ਸਾਰਾ ਵਹਿਗੁਰੂ ਦਾ ਆਪੇ ਪਸਾਰਾ ਹੈ, ਇਥੇ ਕੋਈ ਪ੍ਰਾਕਿਰਤੀ ਨਹੀਂ ਹੈ, ਆਪੇ ਹੀ ਹੈ, ਉਸ ਨੇ ਆਪਣਾ ਹੀ ਪਸਾਰਾ -

***ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ॥***
***ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥***

***ਪੰਨਾ - 537***

ਨਾਲੇ ਤਾਂ ਬੇਅੰਤ ਰੂਪ ਬਣਾ ਲਏ ਤੇ ਨਾਲੇ ਨਿਆਰਾ ਹੈ।

ਕਮਾਲ ਦੀਆਂ ਗੱਲਾਂ ਨੇ। ਇਹੀ ਸਮਝ ਵਿਚ ਨਹੀਂ ਆਉਂਦੀਆਂ ਕਿ ਨਾਲੇ ਨਿਆਰਾ ਹੈ ਤੇ ਨਾਲੇ ਸਾਰਿਆਂ ਦੇ ਵਿਚ ਹੈ। ਉਹ ਕਹਿੰਦੇ ਸਾਰਿਆਂ ਦੇ ਵਿਚ ਵੀ ਕਣ-ਕਣ ਦੇ ਵਿਚ ਹੈ। ਇਸ ਸਰੀਰ ਨੂੰ ਚੌਦਾਂ ਖਰਬ ਸੈਲ ਲੱਗੇ ਹੋਏ ਨੇ ਪਰ ਇਕ ਕਣ ਵੀ ਐਸਾ ਨਹੀਂ ਜਿਸ ਦੇ ਵਿਚ ਪ੍ਰਮੇਸ਼ਰ ਨਹੀਂ ਹੈ-

***ਸੋ ਅੰਤਰਿ ਸੋ ਬਾਹਰਿ ਅਨੰਤ॥***
***ਘਟਿ ਘਟਿ ਬਿਆਪਿ ਰਹਿਆ ਭਗਵੰਤ॥***
***ਪੰਨਾ - 293***

ਕੋਈ ਇਉਂ ਨਹੀਂ ਦਸ ਸਕਦਾ ਕਿ ਇਥੇ ਵਾਹਿਗੁਰੂ ਨਹੀਂ ਹੈ। ਦੇਖੋ ਗੱਲ ਕਿੰਨੀ ਸਿੱਧੀ ਹੈ। ਜੇ ਤਾਂ ਅਸੀਂ ਸਮਝ ਲਈਏ, ਇਹ ਗੱਲ ਸਾਡੇ ਅੰਦਰ ਬਹਿ ਜਾਵੇ। ਮੈਂ ਜਿਹੜੀ ਗੱਲ ਕਹਿ ਰਿਹਾ ਹਾਂ ਉਸ ਦੇ ਬਾਰੇ ਭਾਈ ਸਾਹਿਬ ਨੇ ਦੱਸਿਆ ਹੈ ਕਿ ਨਰਕ ਵਿਚ ਨਹੀਂ ਜਾਏਗਾ ਕੋਈ ਵੀ ਜਿਹੜਾ ਸਤਿਸੰਗ ਕਰਦਾ ਹੈ। ਇਹ ਮੈਂ ਹੁਣ ਵੀ ਕਹਿੰਦਾ ਹਾਂ ਕਿਉਂਕਿ ਤੁਹਾਡੇ ਵਾਸਤੇ ਨਰਕ ਨਹੀਂ ਬਣਾਏ ਪ੍ਰਮੇਸ਼ਰ ਨੇ, ਇਹ ਤੁਸੀਂ ਮਨ ਤੋਂ ਬੋਝ ਲਾਹ ਦਿਓ, ਨਾ ਰੱਖੋ ਇਹ ਬੋਝ, ਗੁਰੂ ਦੀ ਬਾਣੀ ਮੰਨ ਲਓ। ਗੁਰੂ ਮਹਾਰਾਜ ਜੀ ਇਹ ਕਹਿੰਦੇ ਨੇ ਕਿ -

***ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ॥*** ***ਪੰਨਾ - 38***

ਕਿ ਤੂੰ ਸੱਚ ਦੇ ਧਰਮ ਦੀ ਵਿਚਾਰ ਕਰਨੀ ਹੈ। ਹੁਣ ਤੇਰੀ ਸ਼ਕਤੀ ਕਿੰਨੀ ਹੈ? ਇਸ ਦੁਨੀਆਂ ਦੇ ਵਿਚੋਂ ਕਿਹੜੀਆਂ ਰੂਹਾਂ ਨੇ ਜਿਹੜੀਆਂ ਤੈਨੂੰ ਮੈਂ ਦਿੰਦਾ ਹਾਂ? ਉਹ ਇਹ ਨੇ -

***ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ॥*** ***ਪੰਨਾ - 38***

ਜਿਹੜੇ ਦੂਏ ਭਾਅ ਦੇ ਵਿਚ ਦ੍ਵੈਤ ਦੇ ਵਿਚ ਨੇ ਤੇ ਦੁਸ਼ਟ ਆਤਮਾ ਨੇ, ਗਲਤ ਚਲਦੇ ਨੇ ਤੇ ਦੂਸਰਿਆਂ ਦਾ ਨੁਕਸਾਨ ਕਰਦੇ ਨੇ, ਤੰਗ ਕਰਦੇ ਨੇ ਈਰਖਾ ਕਰਦੇ ਨੇ, ਅਮਨ ਨਾਲ ਰਹਿਣ ਨਹੀਂ ਦਿੰਦੇ ਇਹ ਤੇਰੇ ਕੋਲ ਆਉਣਗੇ। ਇਨ੍ਹਾਂ ਨੂੰ ਕਰੇਂਗਾ ਕੀ? ਆਪਣੇ ਵਲੋਂ ਤੂੰ ਕੁਝ ਨਹੀਂ ਕਰਨਾ। ਜਿਹੋ-ਜਿਹੇ ਕਰਮ ਕਰਕੇ ਆਏਗਾ ਬੰਦਾ ਓਹੋ ਜਿਹਾ ਦੰਡ ਦੇ ਦੇਣਾ ਹੈ। ਦੰਡਾਵਲੀ, ਜਿਸ ਨੂੰ ਸੰਵਿਧਾਨ ਕਹਿੰਦੇ ਨੇ, 'ਰੂਹਾਨੀ ਸਵਿਧਾਨ' ਬਣਾ ਦਿੱਤਾ ਕਿ ਇਸ ਦਾ ਆਹ ਦੰਡ ਹੈ, ਉਸ ਦਾ ਆਹ ਹੈ। ਧਰਮਰਾਜਾ ਕਹਿੰਦੈ ਮੈਂ ਨਹੀਂ ਕੁਝ ਕਰਦਾ। ਮੇਰੇ ਸਾਹਮਣੇ ਤਾਂ ਨਿਯਮ ਪਏ ਨੇ, ਉਨ੍ਹਾਂ ਨਿਯਮਾਂ ਦੇ ਮੁਤਾਬਿਕ ਆਪਣੇ ਆਪ ਹੀ ਆਦਮੀ ਓਸ ਪਾਸੇ ਨੂੰ ਚਲਿਆ ਜਾਂਦਾ ਹੈ ਜਿਹੋ ਜਿਹਾ ਕਰਮ ਕਰਕੇ ਆਉਂਦਾ ਹੈ। ਫੇਰ ਕਹਿੰਦੇ ਬਾਕੀ ਦੁਨੀਆ? ਕਹਿੰਦੇ ਜਿਹੜੇ ਗੁਰੂ ਵਾਲੇ ਨੇ -

***ਅਧਿਆਤਮੀ ਹਰਿ ਗੁਣ ਤਾਸੁ............॥ ਪੰਨਾ - 38***

ਅਧਿਆਤਮਕ ਕੰਮ ਕਰਦੇ ਨੇ ਅੰਮ੍ਰਿਤ ਵੇਲੇ ਜਾਗਦੇ ਨੇ ਬਾਣੀ ਪੜ੍ਹਦੇ ਨੇ, ਨਾਮ ਜਪਦੇ ਨੇ -

***........... ਮਨਿ ਜਪਹਿ ਏਕੁ ਮੁਰਾਰਿ॥***
***ਪੰਨਾ - 38***

ਹਰ ਰੋਜ਼ ਅੰਮ੍ਰਿਤ ਵੇਲੇ ਉਠ ਕੇ, ਇਸ਼ਨਾਨ ਕਰਕੇ ਚੌਕੜਾ ਮਾਰ ਕੇ ਵਾਹਿਗੁਰੂ-ਵਾਹਿਗੁਰੂ, ਰਾਮ-ਰਾਮ, ਅੱਲਾ-ਅੱਲਾ ਇਹ ਉਸ ਦੇ ਨਾਮ ਨੇ ਸਾਰੇ ਹੀ, ਨਾਮਾਂ ਵਿਚ ਕੋਈ ਰੌਲਾ ਨਹੀਂ ਹੁੰਦਾ। ਗੁਰੂ ਦਸਵੇਂ ਪਾਤਸ਼ਾਹ ਨੇ ਤਾਂ ਇਥੋਂ ਤੱਕ ਕਿਹਾ ਹੈ ਕਿ ਮਸਜਿਦ, ਗੁਰਦੁਆਰਾ, ਮੰਦਰ ਸਭ ਇਕੋ ਚੀਜ਼ ਹੈ ਰੋਲਾ ਨਾ ਪਾਇਆ ਕਰੋ ਇਸ ਦੇ ਵਿਚ। ਸੋ ਉਨ੍ਹਾਂ ਨਾਲ ਧਰਮਰਾਜਾ ਕੀ ਵਰਤਾਓ ਕਰਦਾ ਹੈ? ਮਹਾਰਾਜ ਜੀ ਕਹਿੰਦੇ -

***ਤਿਨ ਕੀ ਸੇਵਾ ਧਰਮ ਰਾਇ ਕਰੈ ਧੰਨੁ ਸਵਾਰਣਹਾਰੁ॥*** ***ਪੰਨਾ - 39***

ਪਹਿਲਾਂ ਤਾਂ ਉਹ ਜਾਂਦੇ ਹੀ ਨਹੀਂ ਧਰਮਰਾਜ ਦੇ ਲੋਕ ਵਿਚ, ਇਹ ਬੋਝ ਹੈ ਸਾਡੇ ਉਤੇ ਬਹੁਤ ਵੱਡਾ। ਮਹਾਰਾਜ ਜੀ ਨੇ ਨਹੀਂ ਬੋਝ ਰਹਿਣ ਦਿੱਤਾ। ਇਹ ਤੁਸੀਂ ਐਵੇਂ ਡਰਦੇ ਹੋ ਤੇ ਤੁਹਾਨੂੰ ਐਵੇਂ ਹੀ ਡਰਾਈ ਜਾਂਦੇ ਨੇ। ਬੋਝ ਲਾਹ ਦਿਓ ਇਹ। ਗੁਰੂ ਦੀ ਸਿੱਖੀ ਧਾਰਨ ਕਰਕੇ ਗੁਰੂ ਗ੍ਰੰਥ ਸਾਹਿਬ ਦੇ ਵਿਚ ਜੋ ਹੁਕਮ ਨੇ ਉਨ੍ਹਾਂ ਦੇ ਮੁਤਾਬਿਕ ਜੀਵਨ ਧਾਰਨ ਕਰ ਲਓ। ਜਿਹੜੇ ਪਿਛਲੇ ਕਰਮ ਨੇ ਉਹ ਕਿਥੇ ਜਾਣਗੇ? ਉਨ੍ਹਾਂ ਦਾ ਵੀ ਤਾਂ ਲੇਖਾਂ-ਪਤਾ ਦੇਣਾ ਪਏਗਾ। ਬਾਣੀ ਵਿਚ ਆਉਂਦਾ ਹੈ ਕਿ ਨਹੀਂ ਪਿਆਰਿਓ! ਜੇ ਨਾਮ ਪ੍ਰਾਪਤ ਹੋ ਗਿਆ ਤਾਂ -

***ਗੁਰ ਕਾ ਸਬਦੁ ਕਾਟੈ ਕੋਟਿ ਕਰਮ॥ਪੰਨਾ - 1195***

ਕਰੋੜ ਕਰੋੜ ਕਰਮ ਦਾ ਨਾਸ਼ ਕਰ ਦਏਗਾ। ਕਹਿੰਦੇ

ਸਾਰਾ ਖਤਮ ਹੋ ਜਾਏਗਾ ਜਿਵੇਂ ਵੱਡਾ ਸਾਰਾ ਢੇਰ ਲਕੜੀਆਂ ਦਾ ਪਿਆ ਹੋਵੇ ਉਸ ਦੇ ਵਿਚ ਚੰਗਿਆੜਾ ਅੱਗ ਦਾ ਇਕ ਬਹੁਤ ਹੈ, ਅੱਗ ਲੱਗ ਜਾਵੇ ਮੁੜ ਕੇ ਚਾਹੇ ਅਰਬ ਮਣ ਲਕੜੀ ਹੈ ਚਾਹੇ ਖਰਬ ਮਣ ਹੈ ਸਾਰੀ ਲਕੜੀ ਸੁਆਹ ਬਣ ਜਾਏਗੀ –

***ਘੋਰ ਦੁਖੵੰ ਅਨਿਕ ਹਤੵੰ ਜਨਮ ਦਾਰਿਦ੍ਰੰ ਮਹਾ ਬਿਖੵਾਦੰ ॥***
***ਮਿਟੰਤ ਸਗਲ ਸਿਮਰੰਤ ਹਰਿ ਨਾਮ ਨਾਨਕ ਜੈਸੇ ਪਾਵਕ ਕਾਸਟ ਭਸਮੰ ਕਰੋਤਿ ॥***
***ਪੰਨਾ – 1355***

ਜਿਸ ਤਰ੍ਹਾਂ ਅੱਗ ਲਕੜੀ ਨੂੰ ਭਸਮ ਕਰ ਦਿੰਦੀ ਹੈ ਇੰਜ ਜਿਹੜਾ ਪੰਜ ਪਿਆਰੇ ਤੁਹਾਨੂੰ ਮੰਤਰ ਦੇਣਗੇ......, ਵਾਹਿਗੁਰੂ ਮੰਤਰ ਦਿੰਦੇ ਨੇ। ਮੇਰੇ ਕਹੇ ਤੇ ਨਹੀਂ ਮੰਤਰ ਤੁਹਾਡੇ ਕੋਲ ਆਉਂਦਾ ਕਿ ਮੈਨੂੰ ਤਾਂ ਜੀ ਬਾਬਾ ਜੀ ਨੇ ਕਹਿ ਦਿੱਤਾ ਤੇ ਅਸੀਂ ਫੜ ਲਿਆ। ਵਿਧੀ ਹੈ ਉਸ ਦੀ, ਪੂਰੇ ਤਰੀਕੇ ਦੇ ਨਾਲ ਉਹ ਦਾਖਲ ਹੁੰਦੇ ਨੇ ਇਸ ਮੰਡਲ ਦੇ ਵਿਚ। ਉਹ ਮੰਤਰ ਦਿੰਦੇ ਨੇ। ਜਿਹੜਾ ਉਸ ਮੰਤਰ ਦਾ ਜਾਪ ਕਰਦਾ ਹੈ ਉਸ ਦੇ ਜਿਹੜੇ ਪਿਛਲੇ ਕਰਮ ਕੀਤੇ ਹੋਏ ਨੇ ਜਨਮਾਂ-ਜਨਮਾਤਰਾਂ ਦੇ, ਉਹ ਸਾਰੇ ਭਸਮ ਬਣ ਜਾਣਗੇ। ਇਹ ਗੱਲਾਂ ਗੁਰੂ ਮਹਾਰਾਜ ਜੀ ਦਸਦੇ ਨੇ ਬਾਣੀ ਵਿਚ, ਇਨ੍ਹਾਂ ਨੂੰ ਅਸੀਂ ਝੁਠਲਾ ਨਹੀਂ ਸਕਦੇ।

ਹੋਰ ਮੱਤਾਂ ਦੀਆਂ ਗੱਲਾਂ ਲੈ ਕੇ ਆਪਣੇ ਉਤੇ ਬੋਝ ਪਾਈ ਜਾਓ ਕੀ ਫਾਇਦਾ ਹੈ? ਸਾਡੇ ਗੁਰੂ ਜਿਹੜਾ ਕੁਝ ਕਹਿੰਦੇ ਨੇ ਅਸੀਂ ਉਹ ਗੱਲ ਮੰਨਣੀ ਹੈ। ਸੋ ਏਸ ਕਰਕੇ –

***ਤਿਨ ਕੀ ਸੇਵਾ ਧਰਮ ਰਾਇ ਕਰੈ ਧੰਨੁ ਸਵਾਰਣਹਾਰੁ ॥ ਪੰਨਾ – 39***

ਉਹ ਤਾਂ ਉਹ ਜੇ ਮਹਾਂਪੁਰਸ਼ਾਂ ਦੀ ਕੋਈ ਸੰਗਤ ਕਰਦਾ ਹੈ, ਬਚਨ ਸੁਣਦਾ ਹੈ, ਉਨ੍ਹਾਂ ਦੇ ਕਹੇ ਅਨੁਸਾਰ ਜੀਵਨ ਬਤੀਤ ਕਰਦਾ ਹੈ ਜਾਂ ਮਰਨ ਤੋਂ ਬਾਅਦ ਜੇ ਭਲਾ ਉਹ ਭੁਲ ਭੁਲੇਖੇ ਚਲਿਆ ਜਾਵੇ ਧਰਮਰਾਜ ਦੇ, ਗਲਤੀਆਂ ਉਥੇ ਵੀ ਹੋ ਜਾਂਦੀਆਂ ਨੇ। ਬਹੁਤ ਸਾਰੀਆਂ ਗਲਤੀਆਂ ਦਾ ਮੈਨੂੰ ਪਤਾ ਹੈ ਕਿ ਆਹ ਗਲਤੀ ਹੋ ਗਈ, ਫੇਰ ਠੀਕ ਕਰ ਲਈ ਉਨ੍ਹਾਂ ਨੇ। ਇਹ ਹਰੇਕ ਬੰਦਾ ਨਹੀਂ ਸਮਝ ਸਕਦਾ ਕਿ ਧਰਮ ਰਾਜ ਵੀ ਗਲਤੀ ਕਰ ਲੈਂਦਾ ਹੈ? ਭੁਲਣ ਵਾਲੇ ਉਸ ਦੇ ਕੋਲ ਵੀ ਹਨ ਜੋ ਗਲਤੀਆਂ ਕਰ ਦਿੰਦੇ ਨੇ, ਲਿਜਾਣਾ ਕਿਸੇ ਨੂੰ ਹੁੰਦਾ ਹੈ ਤੇ ਲੈ ਕਿਸੇ ਨੂੰ ਜਾਂਦੇ ਨੇ ਤੇ ਉਹ ਚੜ੍ਹਾਈ ਕਰ ਜਾਂਦਾ ਹੈ, ਸੋ ਕਹਿੰਦੇ ਉਨ੍ਹਾਂ ਦੀ ਸੇਵਾ ਧਰਮਰਾਜ ਕਰਦਾ ਹੈ।

ਬਾਬਾ ਸਾਹਿਬ ਸਿੰਘ ਜੀ ਬੇਦੀ ਗੁਰੂ ਨਾਨਕ ਸਾਹਿਬ ਤੋਂ ਗਿਆਰਵੇਂ ਥਾਂ ਹੋਏ ਨੇ, ਬਿੰਦੀ ਔਲਾਦ, ਕਰਨੀ ਕਮਾਈ ਵਾਲੇ ਮਹਾਂਪੁਰਸ਼ ਸਨ ਤੇ ਰਾੜੇ ਸਾਹਿਬ ਦੀ ਸੰਪਰਦਾ ਤੋਂ ਉਪਰਲੇ ਮਹਾਂਪੁਰਸ਼ ਨੇ ਉਹ। ਗੁਰੂ ਦਸਮੇਸ਼ ਪਿਤਾ ਜੀ ਨੇ ਭਾਈ ਦਇਆ ਸਿੰਘ ਜੀ ਦੀ ਸੇਵਾ ਲਾਈ ਸੀ। ਉਨ੍ਹਾਂ ਅੱਗੇ ਬਾਬਾ ਸੋਭਾ ਸਿੰਘ ਜੀ ਨੂੰ ਜਿਵੇਂ ਗੁਰਜ ਫੜਾਉਂਦੇ ਨੇ, ਇਉਂ ਫੜਾਉਂਦੇ ਆਉਂਦੇ ਨੇ ਮਹਾਤਮਾ। ਬੋਲ ਕੇ ਦੇ ਦੇਣ, ਚੁੱਪ ਕਰਕੇ ਦੇ ਦੇਣ, ਸਰੀਰ ਛੱਡਣ ਤੋਂ ਬਾਅਦ ਦੇ ਦੇਣ, ਇਹ ਉਨ੍ਹਾਂ ਵਾਸਤੇ ਕੋਈ ਔਖੀਆਂ ਗੱਲਾਂ ਨਹੀਂ ਹੁੰਦੀਆਂ। ਉਸ ਤੋਂ ਬਾਅਦ ਬਾਬਾ ਸਾਹਿਬ ਸਿੰਘ ਜੀ ਤੀਸਰੇ ਥਾਂ ਤੇ ਹੋਏ, ਬਹੁਤ ਕਰਨੀ-ਕਮਾਈ ਵਾਲੇ ਮਹਾਂਪੁਰਸ਼ ਸਨ। ਸਿੱਖੀ ਦਾ ਬਹੁਤ ਪ੍ਰਚਾਰ ਕਰਿਆ ਉਨ੍ਹਾਂ ਨੇ। ਉਨ੍ਹਾਂ ਦੇ ਲੰਗਰ ਵਿਚ ਇਕ ਭਾਈ ਭਾਗ ਸਿੰਘ ਸੇਵਾ ਕਰਦਾ ਹੁੰਦਾ ਸੀ। ਇਕ ਦਿਨ ਕਹਿਣ ਲੱਗੇ ਕਿ ਬਾਬਾ ਜੀ ਉਸ ਦੀ ਮਾਤਾ ਚੜ੍ਹਾਈ ਕਰ ਗਈ ਅੱਜ। ਬਾਬਾ ਜੀ ਅੰਤਰ ਧਿਆਨ ਹੋਏ ਕਿਉਂਕਿ ਉਨ੍ਹਾਂ ਨੂੰ ਦਰਗਾਹ ਦਾ ਸਾਰਾ ਹੀ ਪਤਾ ਹੁੰਦਾ ਹੈ। ਉਥੇ ਕਹਿ ਵੀ ਦਿੰਦੇ ਨੇ, ਸਿਫਾਰਸ਼ ਵੀ ਲਾ ਦਿੰਦੇ ਨੇ ਮਹਾਂਪੁਰਸ਼, ਐਸੀ ਬਾਤ ਨਹੀਂ ਹੈ। ਕਹਿ ਵੀ ਦਿੰਦੇ ਨੇ ਕਿ ਨਹੀਂ ਇਸ ਨੂੰ ਕੁਝ ਕਹਿਣਾ ਕਿਉਂਕਿ –

***ਜਾ ਕਾ ਕਹਿਆ ਦਰਗਹ ਚਲੈ ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥***
***ਪੰਨਾ – 186***

ਲੇਖ ਲਿਖਿਆ ਨਹੀਂ ਹੈ ਪਰ ਮਹਾਤਮਾ ਨੇ ਕਹਿ ਦਿੱਤਾ ਕਿ ਤੈਨੂੰ ਮਿਲੇਗਾ, ਕੋਈ ਨਾ, ਤੂੰ ਫਿਕਰ ਨਾ ਕਰ, ਬਹੁਤ ਮਿਲੇਗਾ। ਧਰਮਰਾਜਾ ਵੀ ਮਜਬੂਰ ਹੋ ਜਾਂਦਾ ਹੈ, ਸਾਰੇ ਮਜਬੂਰ ਹੋ ਜਾਂਦੇ ਨੇ ਕਿ ਸੰਤਾਂ ਨੇ ਕਹਿ ਦਿੱਤਾ ਤੇ ਹੁਣ ਅਸੀਂ ਇਸ ਨੂੰ ਬਦਲ ਨਹੀਂ ਸਕਦੇ। ਇਹ ਦੇਣਾ ਹੀ ਪੈਣਾ ਹੈ –

***ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ ਓਇ ਰਾਮ ਨਾਮ ਰੰਗਿ ਰਾਤੇ ॥***
***ਤਿਨ ਕੀ ਸੋਭਾ ਸਭਨੀ ਥਾਇ ਜਿਨ੍ ਪ੍ਰਭ ਕੇ ਚਰਣ ਪਰਾਤੇ ॥ ਪੰਨਾ – 748***
***ਜਾ ਕਾ ਕਹਿਆ ਦਰਗਹ ਚਲੈ ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥***
***ਪੰਨਾ – 186***

ਸੋ ਕਹਿਣ ਲੱਗੇ ਕਿ ਮਾਤਾ ਨੇ ਵਾਪਸ ਆ ਜਾਣਾ ਹੈ ਉਸ ਦਾ ਸਰੀਰ ਸਮਸ਼ਾਨ ਭੂਮੀ ਵਿਚ ਨਾ ਲਿਜਾਇਓ। ਆਖਰ ਪੰਜ-ਚਾਰ ਘੰਟਿਆਂ ਤੋਂ ਬਾਅਦ ਮਾਤਾ ਜੀਉਂਦੀ ਹੋ ਗਈ। ਬਾਬਾ ਜੀ ਦੇ ਕੋਲ ਆ ਗਏ। ਬਹੁਤ ਸੰਗਤ ਇਕੱਠੀ ਹੋ ਕੇ ਊਨਾ ਸਾਹਿਬ ਦੀ ਵੀ ਚਲੀ ਗਈ। ਉਸ ਵੇਲੇ ਬਾਬਾ ਜੀ ਨੇ ਸਾਰੀ ਸੰਗਤ ਦੇ ਸਾਹਮਣੇ ਪੁਛਿਆ ਕਿ ਮਾਤਾ! ਕਿਵੇਂ ਰਿਹਾ ਤੇਰਾ ਸਫਰ? ਕਹਿਣ ਲੱਗੀ ਕਿ ਬਾਬਾ ਜੀ! ਏਸ ਸਰੀਰ ਵਿਚੋਂ ਮੈਂ ਨਿਕਲ ਗਈ ਸੀ। ਮੈਨੂੰ ਮਾਰਿਆ-ਕੁੱਟਿਆ ਤਾਂ ਨਹੀਂ ਕਿਸੇ ਨੇ ਪਰ ਮੈਨੂੰ ਧਰਮਰਾਜ ਦੇ ਲੈ ਗਏ। ਉਥੇ ਜਦੋਂ ਮੇਰਾ ਹਿਸਾਬ ਕੱਢਿਆ ਤਾਂ ਨਿਕਲਿਆ ਹੀ ਨਾ।

ਫੇਰ ਕਹਿੰਦੇ, "ਕੀ ਕਰਿਆ ਧਰਮਰਾਜ ਨੇ?"

ਕਹਿਣ ਲੱਗੀ ਕਿ ਮਹਾਰਾਜ! ਪਹਿਲਾਂ ਤਾਂ ਡਰ ਹੀ ਬਹੁਤ ਸੀ ਉਸ ਦਾ, ਫੇਰ ਉਹ ਐਨਾ ਨਰਮ ਹੋ ਗਿਆ, ਸੇਵਾ ਕਰਦਾ ਫਿਰੇ ਤੇ ਹੁਕਮ ਦੇ ਦਿੱਤਾ ਕਿ ਇਸ ਦੀ ਸੇਵਾ ਕਰੋ। ਮੈਂ ਬਹੁਤ ਖੁਸ਼ ਹੋ ਗਈ ਕਿਉਂਕਿ –

*ਸਾਧਸੰਗਿ ਧਰਮ ਰਾਇ ਕਰੇ ਸੇਵਾ॥*
*ਸਾਧ ਕੈ ਸੰਗਿ ਸੋਭਾ ਸੁਰਦੇਵਾ॥*
*ਪੰਨਾ - 271*

ਤੁਸੀਂ ਸੰਗਤ ਵਿਚ ਬੈਠੇ ਹੋ ਸਾਰੇ, ਗੁਰੂ ਗ੍ਰੰਥ ਸਾਹਿਬ ਜੀ ਦੀ ਹੈ ਹਜ਼ੂਰੀ। ਹੁਣ ਤੁਹਾਡੀ ਸੋਭਾ ਹੋ ਰਹੀ ਹੈ ਸਵਰਗਾਂ ਵਿਚ, ਦੇਵਤਿਆਂ ਦੇ ਲੋਕ ਵਿਚ, ਮਹਾਰਾਜ ਜੀ ਦੇ ਬਚਨ ਐਵੇਂ ਹੀ ਨਹੀਂ ਹਨ ਕਿ ਐਵੇਂ ਸੁਣਿਆ ਤੇ ਅੱਗੇ ਚਲੇ ਗਏ। ਨਾਂਹ! ਇਹ 'ਸਤਿ' ਦੀ ਬਾਣੀ ਹੈ। ਇਹ ਸਾਰੀ ਨਿਰੰਕਾਰ ਦੀ ਰਚੀ ਹੋਈ ਹੈ -

*ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ॥ ਪੰਨਾ - 763*

ਫੇਰ ਮਾਤਾ ਕਹਿਣ ਲੱਗੀ ਕਿ ਮਹਾਰਾਜ! ਫੇਰ ਹਿਸਾਬ ਕਿਤਾਬ ਕਰਨ ਵਾਲੇ ਬੁਲਾਏ ਚਿੱਤਰ ਗੁਪਤ। ਉਨ੍ਹਾਂ ਨੂੰ ਕਿਹਾ ਕਿ ਨਾਉ ਕੱਢੋ ਇਸ ਦਾ। ਉਹ ਕਹਿੰਦੇ ਕਿ ਨਾਉਂ ਤਾਂ ਇਸ ਦਾ ਹੈ ਨਹੀਂ। ਕਹਿਣ ਲੱਗੇ ਕਿ ਫੇਰ ਬੜਾ ਮਾੜਾ ਕੰਮ ਕਰਿਆ, ਤੁਸੀਂ ਗਲਤ ਲੈ ਆਂਦਾ ਇਸ ਨੂੰ। ਹੁਣ ਫੌਰਨ ਛੱਡ ਕੇ ਆਓ। ਮਾਤਾ ਕਹਿਣ ਲੱਗੀ ਕਿ ਮੈਂ ਹੁਣ ਕਿਥੇ ਜਾਣਾ ਹੈ? ਤਾਂ ਉਹ ਕਹਿਣ ਲੱਗੇ ਕਿ ਤੂੰ ਜਾਣਾ ਹੈ ਗੁਰੂ ਦੀ ਦਰਗਾਹ ਵਿਚ ਕਿਉਂਕਿ ਜਿਹੜੇ ਗੁਰੂ ਦੇ ਬਣ ਜਾਂਦੇ ਨੇ, ਗੁਰੂ ਨਾਲ ਪਿਆਰ ਕਰਦੇ ਨੇ, ਗੁਰੂ ਦਾ ਨਾਮ ਜਪਦੇ ਨੇ ਉਨ੍ਹਾਂ ਲਈ ਏਸ ਤਰ੍ਹਾਂ ਦਾ ਹੁਕਮ ਹੈ -

*ਧਾਰਨਾ - ਦਰਗਹ ਮਿਲਦੈ ਥਾਉ,*
*ਗੁਰਾਂ ਨਾਲ ਰੱਤਿਆਂ, ਗੁਰਾਂ ਨਾਲ ਰੱਤਿਆਂ -2, 2.*

*ਅੰਤਰਿ ਗੁਰੁ ਅਰਾਧਣਾ ਜਿਹਵਾ ਜਪਿ ਗੁਰ ਨਾਉ॥*
*ਨੇਤ੍ਰੀ ਸਤਿਗੁਰੁ ਪੇਖਣਾ ਸ੍ਵਣੀ ਸੁਨਣਾ ਗੁਰ ਨਾਉ॥*
*ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ॥ ਪੰਨਾ - 517*

ਪੰਜ ਗੱਲਾਂ ਕਹੀਆਂ ਨੇ ਇਸ ਦੇ ਵਿਚ, ਪਹਿਲੀ ਹੈ ਜਿਹੜੇ ਗੁਰੂ ਨੂੰ ਅਰਾਧਦੇ ਰਹਿੰਦੇ ਨੇ ਅੰਦਰ, ਯਾਦ ਕਰਦੇ ਰਹਿੰਦੇ ਨੇ ਤੇ ਜਿਹਵਾ ਦੇ ਨਾਲ ਵਾਹਿਗੁਰੂ-ਵਾਹਿਗੁਰੂ ਕਰਦੇ ਰਹਿੰਦੇ ਨੇ, ਨਿੰਦਿਆ ਚੁਗਲੀ ਨਹੀਂ ਕਰਦੇ, ਈਰਖਾ ਨਹੀਂ ਕਰਦੇ, ਕਿਚ-ਪਿਚ ਗੱਲਾਂ ਨਹੀਂ ਕਰਦੇ। ਇਹ ਤਾਂ ਵਾਹਿਗੁਰੂ ਨੇ, ਸਾਧ ਸੰਗਤ ਜੀ! ਕਰਿਆ ਹੀ ਹੋਇਆ ਹੈ ਸਭ ਕੁਝ ਆਦਮੀ ਦੇ ਹੱਥ ਵਿਚ ਕੁਝ ਨਹੀਂ ਹੈ। ਐਵੇਂ ਹੀ ਆਪਾਂ ਪਿਛੇ ਨੱਠਦੇ ਫਿਰਦੇ ਹਾਂ ਕਿ ਫਲਾਣਾ ਇਹ ਕੰਮ ਕਰ ਦਏਗਾ, ਆਹ ਕੰਮ ਕਰ ਦਏਗਾ। ਇਹ ਤਾਂ ਹੋਇਆ ਪਿਆ ਹੈ ਪ੍ਰਮੇਸ਼ਰ ਨੇ ਬੰਦਾ ਪ੍ਰੇਰ ਕੇ ਕੰਮ ਕਰਾ ਦੇਣਾ ਹੈ। ਉਸ ਦੇ ਵਿਚ ਅਸੀਂ ਸਮਾਂ ਬਹੁਤ ਬਰਬਾਦ ਕਰਦੇ ਹਾਂ, ਗੱਲਾਂ ਬਾਤਾਂ ਵਿਚ ਸਮਾਂ ਬਹੁਤ ਬਰਬਾਦ ਕਰ ਦਿੰਦੇ ਹਾਂ। ਮਹਾਰਾਜ ਜੀ ਕਹਿੰਦੇ ਕਿ ਨਹੀਂ! ਜਿਹੜਾ ਗੁਰੂ ਵਾਲਾ ਬਣ ਗਿਆ ਫੇਰ 'ਅੰਤਰਿ' ਗੁਰੂ ਦੀ ਆਰਾਧਣਾ ਕਰਦਾ ਹੈ, ਜਿਹਵਾ ਨਾਲ ਨਾਮ ਜਪਦਾ ਹੈ ਤੇ ਕੰਨਾਂ ਦੇ ਨਾਲ ਬਾਣੀ ਸਰਵਣ ਕਰਦਾ ਹੈ, ਨੇਤਰਾਂ ਦੇ ਨਾਲ ਗੁਰੂ ਨੂੰ ਹਰ ਘਟ ਦੇ ਵਿਚ ਦੇਖਦਾ ਹੈ ਤੇ ਗੁਰੂ ਨਾਲ ਜਿਹੜਾ ਪਿਆਰ ਕਰਦਾ ਹੈ -

*ਸਤਿਗੁਰ ਸੇਤੀ ਰਤਿਆ ਦਰਗਹਿ ਪਾਈਐ ਠਾਉ॥*
*ਕਹੁ ਨਾਨਕ ਕਿਰਪਾ ਕਰੇ ਜਿਸ ਨੋ ਏਹ ਵਥੁ ਦੇਇ॥*
*ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਇ ਕੇਇ॥ ਪੰਨਾ - 517*

ਇਸ ਦੇ ਵਿਚ ਮਹਾਰਾਜ ਜੀ ਨੇ ਇਕ ਗੱਲ ਕਹਿ ਦਿੱਤੀ ਕਿ ਆਹ ਗੱਲ ਜਿਹੜੀ ਅਸੀਂ ਦੱਸੀ ਹੈ, ਇਸ ਨੂੰ ਸਾਰੇ ਨਹੀਂ ਅਪਣਾਉਂਦੇ ਤੇ ਆਪੇ ਹੀ ਨਰਕਾਂ ਵੱਲ ਨੂੰ ਤੁਰਦੇ ਨੇ। ਜੇ ਅਸੀਂ ਗੁਰੂ ਦੇ ਬਣ ਕੇ ਰਹੀਏ, ਫੇਰ ਕੋਈ ਦੁਨੀਆਂ ਦੀ ਤਾਕਤ ਨਹੀਂ ਜਿਹੜੀ ਸਾਨੂੰ ਨਰਕਾਂ ਵੱਲ ਨੂੰ ਲੈ ਜਾਵੇ। ਜਦੋਂ ਆਦਮੀ ਗੁਰੂ ਦਾ ਬਣ ਜਾਂਦਾ ਹੈ ਤਾਂ ਪਹਿਲੇ ਗੁਰੂ ਕਰਮ ਧੋ ਦਿੰਦਾ ਹੈ। ਕਰਮ ਖਤਮ ਕਰ ਦਿੰਦਾ ਹੈ। ਕੇਵਲ ਗੁਰੂ ਕੋਲ ਰੱਦ ਕਰ ਦੇਣ ਦੀ ਸ਼ਕਤੀ ਹੈ, ਹੋਰ ਕਿਸੇ ਕੋਲ ਨਹੀਂ ਹੈ - ਨਾ ਧਰਮਰਾਜ ਦੇ ਕੋਲ, ਨਾ ਬ੍ਰਹਮਾ ਜੀ ਕੋਲ, ਨਾ ਵਿਸ਼ਨੂੰ ਜੀ ਕੋਲ, ਨਾ ਸ਼ਿਵ ਜੀ ਕੋਲ ਇਹ ਤਾਂ ਮਰਿਆਦਾ ਦੇ ਅਨੁਸਾਰ ਚਲਦੇ ਨੇ। ਜੇ veto power (ਰੱਦ ਕਰ ਦੇਣ ਦੀ ਸ਼ਕਤੀ) ਹੈ ਤਾਂ ਸਾਧੂਆਂ ਕੋਲ ਹੈ, ਬੰਦਗੀ ਕਰਨ ਵਾਲੇ ਮਹਾਂਪੁਰਸ਼ਾਂ ਕੋਲ ਹੈ। ਉਹ ਕਹਿ ਦਿੰਦੇ ਨੇ ਕਿ ਜਾਹ! ਤੇਰਾ ਖਤਮ ਹੈ ਸਭ ਕੁਝ, ਚਲ ਏਧਰ। ਸੋ ਏਨੇ ਆਪਾਂ ਸਤਿਸੰਗ ਦੇ ਵਿਚ ਆ ਕੇ, ਇਹੋ ਜਿਹਾ ਗੁਰੂ ਧਾਰਨ ਕਰਕੇ ਬੋਝ ਨਾ ਰੱਖੋ ਦਿਮਾਗ ਦੇ ਉਤੇ ਕਿ ਅਸੀਂ ਨਰਕਾਂ ਨੂੰ ਜਾਵਾਂਗੇ, ਜਮ ਆਉਣਗੇ, ਧਰਮਰਾਜ ਕੋਲ ਲੈ ਜਾਣਗੇ। ਅਸੀਂ ਜਿਹੜੀਆਂ ਗੱਲਾਂ ਕਰਦੇ ਹਾਂ ਉਨ੍ਹਾਂ ਦੀਆਂ ਕਰਦੇ ਨੇ -

*ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ॥*
*ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ॥*
*ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ॥*
*ਕਰਮੀ ਆਪੋ ਆਪਣੀ ਆਪੇ ਪਛੁਤਾਣੀ॥*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥*
*ਪੰਨਾ - 315*

ਇਹ ਉਨ੍ਹਾਂ ਦਾ ਦੋਸ਼ ਪੱਤਰ ਹੈ ਜਿਹੜੇ ਇਥੇ ਆ ਕੇ ਬਦਫੈਲੀਆਂ ਕਰਦੇ ਨੇ, ਮਾੜੇ ਕੰਮ ਕਰਦੇ ਨੇ, ਖੋਹਦੇ ਨੇ, ਡਿਊਟੀਆਂ ਨਹੀਂ ਦਿੰਦੇ, ਲੋਕਾਂ ਤੋਂ ਰਿਸ਼ਵਤਾਂ ਖਾਂਦੇ ਨੇ, ਚਾਹੇ ਉਹ ਕੁਝ ਵੀ ਹੈ ਗੁਰੂ ਦੇ ਮੰਡਲ 'ਚੋਂ ਨਿਕਲ ਜਾਂਦਾ ਹੈ, ਚਾਹੇ ਸਿੱਖੀ ਧਾਰਨ ਕਰੀ ਹੋਈ ਹੈ। ਗੁਰੂ ਰੱਖਣ ਦੀ ਤਾਂ ਕੋਸ਼ਿਸ਼ ਕਰਦਾ ਹੈ ਉਸ ਨੂੰ, ਮਿਸਾਲਾਂ ਨੇ ਜੋਗਾ ਸਿੰਘ ਜਿਸ ਵਕਤ ਨਿਕਲਣ ਲੱਗਿਆ ਗੁਰੂ ਮੰਡਲ 'ਚੋਂ, ਵੇਸ਼ਵਾ ਦੇ ਮੰਡਲ ਵਿਚ ਜਾਣ ਲੱਗਿਆ, ਗੁਰੂ ਨੇ ਸੂਖਸ਼ਮ ਰੂਪ ਧਾਰ ਕੇ ਉਥੇ ਖੜ੍ਹ ਕੇ ਪਹਿਰਾ ਦਿੱਤਾ, ਨਹੀਂ ਜਾਣ ਦਿੱਤਾ। ਬਹੁਤਿਆਂ ਦੇ ਆਵਾਜ਼ ਆਉਂਦੀ ਹੈ ਗੁਰੂ ਦੀ ਕਿ ਨਾਹ! ਇਹ ਕੰਮ ਨਾ ਕਰ, ਇਹ ਮਾੜਾ ਹੈ। ਹੌਲੀ-ਹੌਲੀ ਆਦਮੀ ਜਦੋਂ ਅਣਸੁਣਿਆ

ਕਰ ਦਿੰਦਾ ਹੈ, ਫੇਰ ਉਹ ਗੁਰੂ ਦੇ ਮੰਡਲ ਵਿਚੋਂ ਨਿਕਲ ਜਾਂਦਾ ਹੈ। ਉਹ ਫੇਰ ਜਮਦੂਤਾਂ ਦੇ ਮੰਡਲ ਵਿਚ ਦਾਖਲ ਹੋ ਜਾਂਦਾ ਹੈ। ਹੁਣ ਇਹ ਚੋਣ ਤਾਂ ਸਾਡੀ ਹੈ ਕਿ ਥੋੜ੍ਹੇ-ਜਿਹੇ ਸਮੇਂ ਪਿਛੇ ਅਸੀਂ ਕਿਹੜੇ ਮੰਡਲ ਵਿਚ ਰਹਿਣਾ ਹੈ। ਗੁਰੂ-ਮੰਡਲ ਵਿਚ ਰਹਿਣਾ ਹੈ ਜਾਂ ਕਿਥੇ ਰਹਿਣਾ ਹੈ।

ਸੋ ਬਾਬਾ ਜੀ ਕਹਿਣ ਲੱਗੇ ਕਿ ਦੇਖੋ ਸਾਧ ਸੰਗਤ ਜੀ! ਮਾਤਾ ਲੰਗਰ ਵਿਚ ਸੇਵਾ ਕਰਦੀ ਹੈ ਤੇ ਜਮਦੂਤ ਇਸ ਨੂੰ ਧਰਮਰਾਜ ਦੇ ਕੋਲ ਲੈ ਗਏ ਪਰ ਅੱਗੇ ਜਾ ਕੇ ਸੇਵਾ ਕਰੀ, ਫੇਰ ਛੱਡ ਕੇ ਗਏ ਤੇ ਫੇਰ ਦੂਸਰੀ ਮਾਈ ਨੂੰ ਲੈ ਗਏ।

ਆਹ! ਤੁਹਾਡੇ ਮਲੌਦ ਮਹਾਰਾਜ ਜੀ ਦੱਸਿਆ ਕਰਦੇ ਸਨ ਇਹ ਗੱਲ ਕਿ ਇਥੇ ਕੋਈ ਗਰੀਬ ਸਿੰਘ ਸੀ, ਉਹ ਚੜ੍ਹਾਈ ਕਰ ਗਿਆ। ਜਦੋਂ ਧਰਮਰਾਜ ਕੋਲ ਲੈ ਗਏ ਤਾਂ ਉਥੇ ਕਹਿੰਦੇ ਕਿ ਇਹ ਤਾਂ ਲਿਆਉਣਾ ਨਹੀਂ ਸੀ, ਹੋਰ ਬੰਦਾ ਲਿਆਉਣਾ ਸੀ। ਇਸ ਨੂੰ ਛੱਡ ਕੇ ਆਓ। ਉਹ ਜਦੋਂ ਵਾਪਸ ਲਿਆ ਰਹੇ ਸਨ ਤਾਂ ਉਹ ਪੁੱਛਣ ਲੱਗ ਗਿਆ, ਮੰਡਲ ਨੇ ਉਥੇ ਕਈ, ਕੋਈ ਧਰਮਖੰਡ ਹੈ, ਕੋਈ ਸਰਮ ਖੰਡ ਹੈ, ਕੋਈ ਗਿਆਨ ਖੰਡ ਹੈ। ਧਰਮਖੰਡ ਤਾਂ ਇਨ੍ਹਾਂ ਲੋਕਾਂ ਦਾ ਹੈ ਜਿਹੜੇ ਧਰਮਰਾਜ ਕੋਲ ਜਾਂਦੇ ਨੇ, ਸਵਰਗਾਂ ਵਿਚ ਜਾਂਦੇ। ਜਿਹੜਾ ਗਿਆਨ ਖੰਡ ਦਾ ਮੰਡਲ ਹੈ, ਇਥੇ ਮਹਾਰਾਜ ਜੀ ਨੇ ਗਿਣ ਦਿੱਤੇ -

***ਧਰਮ ਖੰਡ ਕਾ ਏਹੋ ਧਰਮੁ ॥***
***ਗਿਆਨ ਖੰਡ ਕਾ ਆਖਹੁ ਕਰਮੁ ॥ ਪੰਨਾ - 6***

ਉਥੇ ਬੇਅੰਤ, ਜਿੰਨਿਆਂ ਦੇ ਨਾਂ ਨੇ, ਉਹ ਸਾਰੇ ਗਿਆਨ ਖੰਡ ਵਿਚ ਨੇ। ਸਰਮ ਖੰਡ ਵਿਚ ਨਹੀਂ ਜਾਂਦੇ। ਸਰਮਖੰਡ ਭਗਤਾਂ ਦੀ ਥਾਂ ਹੈ। ਉਥੇ ਭਗਤਾਂ ਦੀ 'ਸੁਰਤਿ ਮਤਿ ਮਨਿ ਬੁਧਿ' ਘੜੀ ਜਾਂਦੀ ਹੈ ਜਿਹੜੀ ਪ੍ਰਮੇਸ਼ਰ ਦੇ ਨਾਲ ਇਕ ਮਿਕ ਹੋ ਸਕੇ। ਅਗੇ ਬਖਸ਼ਿਸ਼ ਦਾ ਮੰਡਲ ਹੈ ਜਿਸ ਨੂੰ ਕਰਮਖੰਡ ਕਹਿੰਦੇ ਨੇ। ਉਥੇ ਵੀ ਦੇਵਤਾ ਨਹੀਂ ਪਹੁੰਚਦਾ। ਅੱਗੇ ਫੇਰ 'ਸਚਖੰਡ' ਹੈ। ਉਥੇ ਤਾਂ ਦੇਵਤੇ ਦੀ ਪਹੁੰਚ ਹੀ ਨਹੀਂ ਹੈ। ਦੇਵਤੇ ਤਾਂ ਪ੍ਰਾਕਿਰਤੀ ਦੇ ਆਖਰੀ ਮੰਡਲ ਜਿਸ ਨੂੰ 'ਬੈਕੁੰਠ ਧਾਮ' ਕਹਿੰਦੇ ਨੇ। 'ਬੈਕੁੰਠ ਧਾਮ' ਮਾਇਆ ਦੇ ਚੱਕਰ ਵਿਚ ਹੈ। ਜੇ ਇਥੇ ਜਾਂਦਾ ਹੈ ਕੋਈ ਤਪ ਕਰਕੇ ਤਾਂ ਜਦੋਂ ਉਸ ਦੇ ਤਪ ਦੇ ਦਿਨ ਪੂਰੇ ਹੁੰਦੇ ਨੇ ਫੇਰ ਥੱਲੇ ਆ ਜਾਂਦਾ ਹੈ। ਦੇਵਤੇ ਵੀ ਥੱਲੇ ਆ ਜਾਂਦੇ ਨੇ -

***ਏਕ ਸ਼ਿਵ ਭਏ ਏਕ ਗਏ, ਫੇਰ ਏਕ ਭਏ,***
***ਰਾਮ ਚੰਦ੍ਰ ਕ੍ਰਿਸ਼ਨ ਕੇ, ਅਵਤਾਰ ਭੀ ਅਨੇਕ ਹੈਂ॥***
***ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ,***
***ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ॥***

***ਤ੍ਵਪ੍ਰਸਾਦਿ ਕਬਿਤ (ਅਕਾਲਿ ਉਸਤਤਿ)***

ਇਕ ਨਹੀਂ, ਇਕ ਸ਼ਿਵ ਜੀ ਖਤਮ ਹੋ ਜਾਂਦਾ ਹੈ ਦੂਜਾ ਆ ਜਾਂਦਾ ਹੈ। ਇਹ ਗੱਲ ਵੱਖਰੀ ਹੈ ਕਿ ਉਨ੍ਹਾਂ ਦੀ ਉਮਰ ਬਹੁਤ ਹੈ। ਬ੍ਰਹਮਾ ਜੀ ਦੀ ਉਮਰ ਸੋਲਾਂ ਲੱਖ ਖਰਬ ਸਾਲ ਹੈ, ਸ਼ਿਵ ਜੀ ਵੀ ਉਮਰ ਸੋਲਾਂ ਕਰੋੜ ਖਰਬ ਸਾਲ ਹੈ, ਵਿਸ਼ਨੂੰ ਜੀ ਦੀ ਉਮਰ ਸੋਲਾਂ ਅਰਬ ਕਰੋੜ ਸਾਲ ਹੈ ਇੰਨੀ ਜ਼ਿਆਦਾ। ਇਨ੍ਹਾਂ ਦੀ ਉਮਰ ਜਦੋਂ ਪੂਰੀ ਹੋਏਗੀ ਇਨ੍ਹਾਂ ਨੇ ਫੇਰ ਆ ਜਾਣਾ ਹੈ ਕਿਉਂ ਮਾਇਆ-ਮੰਡਲ ਦੇ ਚੱਕਰ ਨੇ।

ਸੋ ਮਹਾਰਾਜ ਜੀ ਕਹਿੰਦੇ ਕਿ ਇਨ੍ਹਾਂ ਨੂੰ ਕਾਹਨੂੰ ਮੰਨਦਾ ਹੈਂ? ਇਹ ਤਾਂ ਆਪ ਹੀ ਕਾਲ ਦੇ ਵਸ ਵਿਚ ਨੇ। ਤੂੰ ਅਕਾਲ ਨੂੰ ਮੰਨ, ਵਾਹਿਗੁਰੂ ਨੂੰ ਮੰਨ ਜਿਸ ਨੂੰ ਮੰਨਣ ਦੇ ਨਾਲ ਤੂੰ ਉਸ ਦੇ ਮੰਡਲ ਵਿਚ ਪਹੁੰਚ ਜਾਵੇਂ। ਗੁਰਸਿੱਖਾਂ ਨੂੰ ਮਹਾਰਾਜ ਜੀ ਨੇ ਬਹੁਤ ਹੀ ਰਿਆਇਤਾਂ ਦਿੱਤੀਆਂ ਹੋਈਆਂ ਹਨ ਪਰ ਜੇ ਗੁਰੂ ਦਾ ਬਚਨ ਮੰਨ ਲੈਣ, ਜੇ ਨਹੀਂ ਬਚਨ ਮੰਨਦੇ ਫੇਰ ਤਾਂ ਬਾਗੀ ਨੇ ਇਹ।

ਸੋ ਮੈਂ ਜਿਹੜੀ ਪਹਿਲਾਂ ਬੇਨਤੀ ਕਰਦਾ ਸੀ ਕਿ ਵਾਹਿਗੁਰੂ ਦਾ ਕੋਈ ਅੰਤ ਨਹੀਂ ਹੈ। ਮਨੁੱਖ ਨੇ ਕਿਹਾ ਕਿ ਮੈਂ ਪਾ ਲਵਾਂਗਾ। ਲੰਡਨ ਦਾ ਡਾ. ਸਟੀਫਸਨ ਸੀ ਸਾਇੰਸਦਾਨ ਉਹ ਗਿਣਨ ਲੱਗ ਗਿਆ ਕਿ ਬ੍ਰਹਿਮੰਡ ਕਿੰਨੇ ਨੇ। ਹੁਣ ਪੜ੍ਹੇ ਲਿਖੇ ਤਾਂ ਸਮਝ ਜਾਣਗੇ ਕਿ ਏਕਾ ਲਾ ਕੇ ਸਿਫਰਾਂ ਲਾਉਣ ਲੱਗ ਗਿਆ ਜਦੋਂ ਅਸੀਂ ਸਿਫਰਾਂ ਲਾ ਦਿੱਤੀਆਂ ਉਸ ਨੇ..., ਇਕਾਈ, ਦਹਾਈ, ਸੈਂਕੜਾ, ਹਜ਼ਾਰ ਤੋਂ ਲੈ ਕੇ ਪਦਮ, ਦਹ-ਪਦਮ ਬੱਸ ਹੁਣ ਅੱਗੇ ਤਾਂ ਗਿਣਤੀ ਸਾਨੂੰ ਵੀ ਨਹੀਂ ਆਉਂਦੀ। ਫੇਰ 'ਅਰਬਦ-ਨਪਬਦ ਧੁਦੂੰਕਾਰਾ' ਆ ਜਾਂਦਾ ਹੈ, ਪਚਵੰਜਾ ਸਿਫਰਾਂ ਵਾਲਾ। ਉਸ ਤੋਂ ਬਾਅਦ ਅੱਸੀ ਸਿਫਰਾਂ ਲਾ ਦਿੱਤੀਆਂ ਉਸ ਨੇ ਤੇ ਫੇਰ ਰੁਕ ਗਿਆ ਕਿਉਂਕਿ ਸਿਫਰਾਂ ਲੱਗਣ ਤੋਂ ਹੱਟਣ ਹੀ ਨਾ, ਉਸ ਨੇ ਅੱਗੇ ਲਿਖ ਦਿੱਤਾ infinite (ਅਨੰਤ, ਬੇਅੰਤ, ਅਣਗਿਣਤ)। ਇਸ ਦਾ ਮਤਲਬ ਹੈ ਬੇਅੰਤ। ਕਿ ਨਹੀਂ, ਇਹ ਨਹੀਂ ਗਿਣਿਆ ਜਾ ਸਕਦਾ, ਚਾਹੇ ਕਰੋੜ ਸਾਲ ਸਿਫਰਾਂ ਲਾਈ ਜਾਓ ਏਕੇ ਨਾਲ, ਨਹੀਂ ਵਾਹਿਗੁਰੂ ਦਾ ਅੰਤ। ਫੇਰ ਉਸ ਨੇ ਸੋਚਿਆ ਕਿ ਦੇਖਾਂ ਛੋਟੇ ਤੋਂ ਛੋਟਾ ਹੋ ਕੇ ਕਿੰਨਾ ਹੁੰਦਾ ਹੈ -

***ਜਬ ਉਦਕਰਖ ਕਰਾ ਕਰਤਾਰਾ॥***
***ਪ੍ਰਜਾ ਧਰਤ ਤਬ ਦੇਹ ਅਪਾਰਾ॥***
***ਜਬ ਆਕਰਖ ਕਰਤ ਹੋ ਕਬਹੂੰ॥***
***ਤੁਮ ਮੈਂ ਮਿਲਤ ਦੇਹ ਧਰ ਸਭਹੂੰ॥***
***(ਚੌਂਪਈ)***

ਜਦੋਂ ਆਕਰਸ਼ਣ ਸ਼ਕਤੀ, ਖਿੱਚ ਸ਼ਕਤੀ ਕਰ ਲੈਂਦਾ ਹੈ ਤਾਂ ਕੋਈ ਬ੍ਰਹਿਮੰਡ ਨਹੀਂ ਰਹਿੰਦਾ, ਕੁਝ ਵੀ ਨਹੀਂ ਰਹਿੰਦਾ ਤੇ ਫੇਰ ਉਹ ਕਿੱਡਾ-ਕੁ ਰਹਿ ਜਾਂਦਾ ਹੈ। ਉਸ ਦੀ ਵੀ ਗਿਣਤੀ ਲਾਉਣ ਲੱਗ ਗਿਆ point (ਦਸ਼ਮਲਵ, ਅਸ਼ਾਰੀਆ) ਲਾ ਲਿਆ ਪਹਿਲਾਂ ਫੇਰ ਸਿਫਰ ਸਿਫਰ ਲਾਉਂਦੇ ਅੱਸੀ ਤੱਕ ਪਹੁੰਚ ਕੇ ਇਕ ਲਿਖ ਦਿੱਤਾ। ਉਤੇ ਲਿਖ ਦਿਤਾ infinite (ਬੇਅੰਤ, ਅਣਗਿਣਤ) ਕਿ ਇਹ ਵੀ ਨਹੀਂ ਹੋ ਸਕਦਾ। ਹੁਣ ਗੁਰੂ ਮਹਾਰਾਜ ਜੀ ਨੇ ਇਸ ਦਾ ਨਿਰਣਾ ਕੀਤਾ ਹੋਇਆ ਹੈ,

ਸ਼ਬਦ-ਹਜਾਰੇ ਵਿਚ ਗੁਰੂ ਦਸਵੇਂ ਪਾਤਿਸ਼ਾਹ ਜੀ ਨੇ -

*ਸੂਛਮ ਤੇ ਸੂਛਮ ਕਰ ਚੀਨੇ ਬ੍ਰਿਧਨ ਬ੍ਰਿਧ ਬਤਾਏ॥ (ਸ਼ਬਦ ਹਜ਼ਾਰੇ ਪਾ: ੧੦)*

ਸੂਖਮ ਤੋਂ ਸੂਖਮ, ਹੋਰ ਸੂਖਮ ਅੰਤ ਹੀ ਨਹੀਂ ਹੈ ਕੋਈ ਕਿ ਕਿੰਨਾ-ਕੁ ਸੂਖਮ ਹੈ -

*........... ਬ੍ਰਿਧਨ ਬ੍ਰਿਧ ਬਤਾਏ॥*
*(ਸ਼ਬਦ ਹਜ਼ਾਰੇ ਪਾ: ੧੦)*

ਜਦੋਂ ਫੈਲਿਆ ਤਾਂ ਉਹ ਅੱਗੇ ਤੋਂ ਅੱਗੇ ਮਹਾਰਾਜ ਜੀ ਕਹਿੰਦੇ -

*ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥*
*ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥ ਪੰਨਾ - 4*
*ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥*
*ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥*
*ਸਹਸ ਅਠਾਰਹ ਕਹਨਿ ਕਤੇਬਾ ...........॥*
*ਪੰਨਾ - 5*

ਕਹਿੰਦੇ ਜੇ ਲੇਖਾ ਹੋਵੇ ਤਾਂ ਗੱਲ ਕਰੀਏ -

*ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥*
*ਪੰਨਾ - 5*

ਇਸ ਦਾ ਲੇਖਾ ਹੀ ਨਹੀਂ ਹੈ ਕੋਈ। ਹੁਣ ਗੱਲ ਕਿਥੇ ਚਲੀ ਗਈ? ਮਹਾਰਾਜ ਜੀ ਕਹਿੰਦੇ ਕਿ -

*ਸੂਛਮ ਤੇ ਸੂਛਮ ਕਰ ਚੀਨੇ ਬ੍ਰਿਧਨ ਬ੍ਰਿਧ ਬਤਾਏ॥*
*ਭੂਮ ਅਕਾਸ ਪਤਾਲ ਸਭੈ ਸਜਿ ਏਕ ਅਨੇਕ ਸਦਾਏ॥ (ਸ਼ਬਦ ਹਜ਼ਾਰੇ ਪਾ: ੧੦)*

ਆਪੇ ਹੀ ਵਾਹਿਗੁਰੂ ਪਾਤਾਲ ਬਣਿਆ ਹੋਇਆ ਹੈ, ਆਪੇ ਅਸਮਾਨ ਬਣਿਆ ਹੋਇਆ ਹੈ ਤੇ ਇਸ ਦਾ ਕੋਈ ਅੰਤ ਨਹੀਂ ਇਸੇ ਕਰਕੇ -

*ਮਹਿਮਾ ਨ ਜਾਨਹਿ ਬੇਦ॥*
*ਬ੍ਰਹਮੇ ਨਹੀ ਜਾਨਹਿ ਭੇਦ॥*
*ਅਵਤਾਰ ਨ ਜਾਨਹਿ ਅੰਤੁ॥*
*ਪਰਮੇਸਰੁ ਪਾਰਬ੍ਰਹਮੁ ਬੇਅੰਤ॥*
*ਅਪਨੀ ਗਤਿ ਆਪਿ ਜਾਨੈ॥*
*ਸੁਣਿ ਸੁਣਿ ਅਵਰ ਵਖਾਨੈ॥ ਪੰਨਾ - 894*

ਜੇ ਕਿਤੇ ਇਹ ਖਿਆਲ ਸਮਾਧੀ ਵੇਲੇ ਆ ਜਾਵੇ ਤਾਂ ਕੁਝ ਕਿਹਾ ਹੀ ਨਹੀਂ ਜਾਂਦਾ, ਐਨਾ ਵਜਦ ਦੇ ਵਿਚ ਆ ਜਾਂਦਾ ਹੈ ਕਿ ਹੈਂ! ਵਾਹਿਗੁਰੂ ਐਨਾ ਵੱਡਾ! ਸੋ ਏਸ ਕਰਕੇ ਅਸੀਂ ਉਸ ਨੂੰ ਮਿਲ ਤਾਂ ਸਕਦੇ ਹਾਂ ਪਰ ਉਸ ਦਾ ਪਾਰਾਵਾਰ ਕੋਈ ਨਹੀਂ ਪਾ ਸਕਦਾ। ਕਹਿੰਦੇ ਫੇਰ ਕੋਈ ਜਾਣਦਾ ਵੀ ਹੈ? ਮਹਾਰਾਜ ਜੀ ਕਹਿੰਦੇ -

*ਅਪਨੀ ਗਤਿ ਆਪਿ ਜਾਨੈ॥*
*ਸੁਣਿ ਸੁਣਿ ਅਵਰ ਵਖਾਨੈ॥ ਪੰਨਾ - 894*

ਬਾਕੀ ਤਾਂ ਸੁਣ-ਸੁਣ ਕੇ ਗੱਲਾਂ ਕਰਦੇ ਨੇ, ਆਪਣੀ 'ਗਤਿ' ਆਪ ਹੀ ਜਾਣਦਾ ਹੈ।

*ਜੇਵਡੁ ਆਪਿ ਜਾਣੈ ਆਪਿ ਆਪਿ॥ ਪੰਨਾ - 5*

ਜਿੱਡਾ ਆਪ ਹੈ ਉਹ ਆਪ ਹੀ ਜਾਣਦਾ ਹੈ ਆਪਣੇ ਆਪ ਨੂੰ। ਹੁਣ ਸਾਡੇ ਵਾਸਤੇ ਹੁਕਮ ਹੈ ਕਿ ਪਿਆਰਿਓ! ਚੌਰਾਸੀ ਲੱਖ ਜੂਨਾਂ ਵਿਚ ਤੁਸੀਂ ਘੁੰਮਦੇ-ਘੁੰਮਦੇ ਮਨੁੱਖ ਦੀ ਦੇਹੀ ਵਿਚ ਆ ਗਏ। ਜੇ ਤਾਂ ਗਿਆਨ ਹੋ ਜਾਵੇ, ਜਿਹੜਾ ਮੈਂ ਕਿਹਾ ਹੈ, ਹੁਣੇ ਹੋ ਜਾਵੇ, ਪ੍ਰਪੱਕ ਹੋ ਜਾਵੇ ਗੱਲਾਂ ਨਾਲ ਨਹੀਂ -

*ਗਿਆਨ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ॥ ਪੰਨਾ - 465*

ਜੇ ਮੈਂ ਕਿਹਾ ਕਿ ਇਥੇ ਵਾਹਿਗੁਰੂ ਤੋਂ ਬਿਨਾਂ ਹੋਰ ਕੋਈ ਨਹੀਂ ਹੈ, ਇਸ ਨੂੰ ਸੱਚੇ ਦਿਲ ਨਾਲ ਮੰਨ ਲਓ, ਫੇਰ ਉਸ ਦੇ ਮੁਤਾਬਕ ਜੀਵਨ ਬਿਤਾਓ -

*ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥*
*ਪੰਨਾ - 62*

ਫੇਰ ਤਾਂ ਸੰਸਾਰ ਤੁਹਾਡਾ ਹੋ ਗਿਆ ਆਪਣਾ ਦੂਜਾ ਇਥੇ ਰਿਹਾ ਹੀ ਕੋਈ ਨਾ -

*ਮਨਿ ਸਾਚਾ ਮੁਖਿ ਸਾਚਾ ਸੋਇ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥*
*ਪੰਨਾ - 272*

ਦੂਜਾ ਨਜ਼ਰ ਹੀ ਨਹੀਂ ਆਉਂਦਾ। ਇਉਂ ਪੜ੍ਹ ਲਓ -

*ਧਾਰਨਾ - ਦੂਜਾ ਨ ਦੇਖਦੇ,*
*ਪ੍ਰਭ ਜੀ ਬਿਨ ਬ੍ਰਹਮਗਿਆਨੀ -2, 2.*
*ਪ੍ਰਭ ਜੀ ਬਿਨ ਬ੍ਰਹਮ ਗਿਆਨੀ -2, 2.*
*ਦੂਜਾ ਨ ਦੇਖਦੇ,............. -2.*

ਬਾਬਾ ਭਾਗ ਸਿੰਘ, ਬਾਬਾ ਸਾਹਿਬ ਸਿੰਘ ਜੀ ਤੋਂ ਬਾਅਦ ਮਹਾਤਮਾ ਹੋਏ ਹਨ, ਇਹ ਵੀ ਰਾੜੇ ਸਾਹਿਬ ਦੀ ਸੰਪਰਦਾ 'ਚੋਂ ਹੀ ਸਨ। ਬਾਈ ਸਾਲ ਦੇ ਸਨ ਇਹ ਜਦੋਂ ਬਹੁਤ ਜ਼ਿਆਦਾ ਇਨ੍ਹਾਂ ਵਿਚ ਸ਼ਕਤੀਆਂ ਆ ਗਈਆਂ ਸਨ। ਆਪ ਕੁਰ੍ਹੀ ਰਾਵਲਪਿੰਡੀ ਦੇ ਨੇੜੇ ਦੇ ਰਹਿਣ ਵਾਲੇ ਸਨ ਤੇ ਅਚਾਨਕ ਹੀ ਵੇਸ਼ਵਾ ਦੇ ਘਰ ਚਲੇ ਗਏ। ਵੇਸ਼ਵਾ ਨੇ ਦੇਖਿਆ ਕਿ ਲਟਬੌਰਾ ਜਿਹਾ ਬੰਦਾ ਹੈ, ਚੋਲਾ ਪਾਇਆ

ਹੋਇਆ ਹੈ, ਵਿੰਗਾ ਜਿਹਾ ਸਾਫਾ, ਊਈਂ ਬੰਨ੍ਹਿਆ ਹੋਇਆ ਹੈ ਅੰਟ-ਸੰਟ ਤੇ ਏਥੇ ਮੇਰੇ ਕੋਲ ਕੀ ਕਰਨ ਆਇਆ ਹੈ। ਜਦੋਂ ਉਨ੍ਹਾਂ ਨੇ ਦੇਖਿਆ ਵੇਸ਼ਵਾ ਵੱਲ ਤੇ ਦੋਹਾਂ ਦੀ ਨਿਗ੍ਹਾ ਰਲੀ ਤਾਂ ਇਕ ਦਮ ਉਸ ਦਾ ਮਨ ਸ਼ਾਂਤ ਹੋ ਗਿਆ ਤੇ ਪਾਪ ਵਿਚੋਂ ਨਿਕਲ ਹੀ ਗਏ। ਉਸ ਨੇ ਸੋਚਿਆ ਕਿ ਇਹ ਤਾਂ ਕੋਈ ਬਹੁਤ ਵੱਡੇ ਮਹਾਤਮਾ ਆ ਗਏ ਜਿਨ੍ਹਾਂ ਨੇ ਮੇਰੀ ਚੰਚਲ ਬਿਰਤੀ, ਮੇਰੇ ਪਾਰ, ਮੇਰੇ ਮਨ ਦਾ ਖਿੰਡਾਓ ਸਾਰਾ ਹੀ ਦੂਰ ਕਰ ਦਿੱਤਾ। ਉਸ ਵੇਲੇ ਜਾ ਕੇ ਚਰਨਾਂ ਤੇ ਮੱਥਾ ਟੇਕਿਆ। ਕਹਿਣ ਲੱਗੀ ਕਿ ਮਹਾਂਪੁਰਸ਼ੋਂ! ਖੜ੍ਹੋ! ਉਹ ਕਹਿਣ ਲੱਗੇ, "ਬੀਬਾ! ਇਹ ਜਨਮ ਮਸਾਂ ਮਿਲਿਆ ਹੈ, ਸੰਭਾਲ ਲੈ ਜੇ ਸੰਭਾਲਿਆ ਜਾਂਦਾ ਹੈ।" ਕਹਿੰਦੀ, "ਮਹਾਰਾਜ! ਮੈਂ ਹੁਣੇ ਆਈ।" ਅੰਦਰ ਗਈ, ਰੁਪਈਏ ਹੁੰਦੇ ਸੀ ਚਾਂਦੀ ਦੇ, ਥਾਲ ਭਰ ਲਿਆ, ਉਤੇ ਬਸਤ੍ਰ ਰੱਖ ਲਏ। ਮਹਾਂਪੁਰਸ਼ ਐਨੀ ਗੱਲ ਕਹਿ ਕੇ ਤੁਰ ਗਏ। ਐਨਾ ਅਸਰ ਹੋਇਆ ਕਿ ਉਸੇ ਵੇਲੇ ਘਰ ਉਸੇ ਤਰ੍ਹਾਂ ਖੁੱਲ੍ਹਾ ਛੱਡ ਕੇ ਪਿੱਛੇ ਨੱਠੀ ਜਾਂਦੀ ਹੈ, ਪੁੱਛਦੀ ਜਾਂਦੀ ਹੈ ਕਿ ਏਧਰ ਕੋਈ ਸੰਤ ਗਿਆ ਛੋਟੀ ਜਿਹੀ ਉਮਰ ਦਾ। ਐਨੇ ਨੂੰ ਉਹ ਇਕ ਅੱਧਾ ਮੀਲ ਬਾਹਰ ਨਿਕਲ ਗਏ, ਉਥੇ ਜਾ ਕੇ ਉਹ ਵੀ ਰਲ ਗਈ ਤੇ ਬੋਲਦੀ ਆ ਰਹੀ ਹੈ, "ਬਾਬਾ ਜੀ! ਠਹਿਰ ਜਾਓ! ਬਾਬਾ ਜੀ ਠਹਿਰ ਜਾਓ!!"

ਉਹ ਵੇਸ਼ਵਾ ਰਹੀ ਹੀ ਨਾ, ਇਕ ਨਿਗ੍ਹਾ ਵਿਚ ਹੀ ਸਾਫ ਕਰ ਦਿੱਤੀ। ਉਸ ਵੇਲੇ ਜਾ ਕੇ ਉਹ ਥਾਲ ਮਹਾਂਪੁਰਸ਼ਾਂ ਦੇ ਚਰਨਾਂ ਵਿਚ ਰੱਖ ਦਿੱਤਾ।

ਮਹਾਂਪੁਰਸ਼ ਕਹਿਣ ਲੱਗੇ, "ਬੀਬਾ! ਇਹ ਅਜੇ ਨਹੀਂ ਅਸੀਂ ਲੈਣਾ, ਲਵਾਂਗੇ, ਰੱਖ ਅਮਾਨਤ ਹੈ ਸਾਡੀ, ਜਦੋਂ ਸੁੱਧ ਹੋ ਜਾਏਗਾ ਉਦੋਂ ਲਵਾਂਗੇ, ਅਜੇ ਮੈਲਾ ਹੈ ਇਹ।"

ਆਪ ਨੇ ਥਾਲ ਮੋੜ ਦਿੱਤਾ ਤੇ ਹਜ਼ੂਰ ਸਾਹਿਬ ਨੂੰ ਜਾ ਰਹੇ ਸੀ ਇਕੱਲੇ ਹੀ। ਜਦੋਂ ਵਿਧਿਆਂਚਲ ਪਰਬਤ ਤੇ ਪਹੁੰਚੇ, ਮੱਧ ਪ੍ਰਦੇਸ਼ ਵਿਚ ਉਥੋਂ ਦੇ ਸ਼ੇਰ (ਆਦਮਖੋਰ) ਸਨ। ਸ਼ੇਰ ਹੁਣ ਵੀ ਉਥੇ ਬਹੁਤ ਰਹਿੰਦੇ ਨੇ। ਸ਼ਾਮ ਹੋ ਰਹੀ ਸੀ, ਪਹਾੜੀਏ ਨੇੜੇ-ਤੇੜੇ ਦੇ ਪਿੰਡਾਂ ਵਾਲੇ ਨੱਠੇ ਜਾ ਰਹੇ ਸੀ, ਸਿਰਾਂ ਤੇ ਬੋਝੇ ਚੁੱਕੇ ਹੋਏ ਸੀ। ਇਨ੍ਹਾਂ ਨੂੰ ਵੀ ਕਹਿੰਦੇ ਕਿ ਬਾਲ-ਯੋਗੀ ਛੇਤੀ ਚਲੋ ਇਥੋਂ। ਏਨੇ ਨੂੰ ਇਨ੍ਹਾਂ ਨੂੰ ਪਾਣੀ ਨਜ਼ਰ ਆ ਗਿਆ, ਥੋੜ੍ਹਾ ਜਿਹਾ ਪਾਣੀ ਸੀ ਪਹਾੜੀ ਵਿਚ ਘਿਰਿਆ ਹੋਇਆ।

ਕਹਿੰਦੇ, "ਅਸੀਂ ਤਾਂ ਏਥੇ ਹੀ ਰਹਾਂਗੇ।"

ਪਿੰਡ ਵਾਲੇ ਕਹਿਣ ਲੱਗੇ, "ਗਲਤੀ ਨਾ ਕਰੋ, ਇਥੇ ਹਰ ਤਰ੍ਹਾਂ ਦਾ ਸ਼ੇਰ ਹੈ ਤੇ ਆਦਮਖੋਰ ਵੀ ਨੇ। ਉਹ ਤੁਹਾਡਾ ਕੋਈ ਜਾਨੀ ਨੁਕਸਾਨ ਕਰ ਦੇਣਗੇ। ਸਾਡੇ ਨਾਲ ਚਲੋ, ਅਸੀਂ ਤਾਂ ਰਾਤ ਨੂੰ ਅੱਗ ਜਾਲਦੇ ਹਾਂ ਸਾਰੀਆਂ ਗਲੀਆਂ ਵਿਚ, ਤਾਂ ਅਸੀਂ ਬਚਦੇ ਹਾਂ ਤੇ ਸੂਰਜ ਛਿਪਣ ਵਾਲਾ ਹੈ, ਹੁਣੇ ਨਿਕਲ ਆਉਣਗੇ ਸਾਰੇ ਹੀ।"

ਮਹਾਂਪੁਰਸ਼ ਕਹਿਣ ਲੱਗੇ, "ਕੋਈ ਨਾ।"

ਰਾਤ ਭਰ ਸਮਾਧੀ ਲਾਈ ਉਥੇ ਬਹਿ ਕੇ ਪਾਣੀ ਦੇ ਕੰਢੇ, ਪਿੰਡ ਵਾਲੇ ਸਵੇਰੇ ਦਿਨ ਚੜ੍ਹੇ ਆਏ ਤੇ ਆਪਸ ਵਿਚ ਕਹਿਣ ਲੱਗੇ ਕਿ ਚਲੋ! ਉਸ ਬਾਲ ਯੋਗੀ ਦਾ ਹਾਲ ਦੇਖੀਏ, ਖਾ ਗਏ ਹੋਣਗੇ ਸ਼ੇਰ ਉਸ ਨੂੰ ਤਾਂ। ਉਥੇ ਆਏ ਤਾਂ ਦੇਖਿਆ ਬਾਲ ਯੋਗੀ ਉਵੇਂ ਜਿਵੇਂ ਸਮਾਧੀ ਵਿਚ ਬੈਠੇ ਨੇ ਤੇ ਆਲੇ ਦੁਆਲੇ ਸ਼ੇਰਾਂ ਦੀਆਂ ਪੈੜਾਂ ਪਈਆਂ ਹੋਈਆਂ ਨੇ। ਪੈਡੂ ਕਹਿੰਦੇ ਕਿ ਸੁੰਘਿਆ ਹੋਇਆ ਹੈ ਇਨ੍ਹਾਂ ਨੂੰ। ਨੇੜੇ ਆ ਗਏ ਤੇ ਕਹਿਣ ਲੱਗੇ ਕਿ ਬਾਬਾ ਜੀ! ਤੁਹਾਨੂੰ ਤਾਂ ਕੁਝ ਨਹੀਂ ਕਿਹਾ ਸ਼ੇਰਾਂ ਨੇ। ਕੀ ਗੱਲ ਹੈ? ਕਿਹੜੀ ਵਜ੍ਹਾ ਹੈ ਜਿਸ ਕਰਕੇ ਤੁਹਾਨੂੰ ਸ਼ੇਰਾਂ ਨੇ ਕੁਝ ਨਹੀਂ ਕਿਹਾ? ਉਹ ਤਾਂ ਖਾ ਜਾਂਦੇ ਨੇ।

ਮਹਾਂਪੁਰਸ਼ ਕਹਿੰਦੇ, "ਭਾਈ! ਜੇ ਤੁਹਾਨੂੰ ਭੁੱਖ ਲੱਗੀ ਹੋਵੇ ਤਾਂ ਤੁਸੀਂ ਆਪਣੀ ਬਾਂਹ ਖਾ ਜਾਓਂਗੇ? ਪੱਟ ਖਾ ਜਾਓਗੇ?"

ਉਹ ਕਹਿੰਦੇ, "ਨਹੀਂ, ਮਹਾਰਾਜ!"

ਕਹਿਣ ਲੱਗੇ, "ਆਹੀ ਗੱਲ ਹੈ ਫੇਰ। ਇਹ ਤੁਹਾਡੀ ਸਮਝ ਵਿਚ ਨਹੀਂ ਆਉਣੀ। ਸਾਨੂੰ ਪ੍ਰਮੇਸ਼ਰ ਤੋਂ ਬਗੈਰ ਹੋਰ ਕੋਈ ਨਜ਼ਰ ਹੀ ਨਹੀਂ ਆਉਂਦਾ।" ਇਹ 'ਸਤਿ' ਹੈ, ਇਹ ਕੋਈ ਐਵੇਂ ਹੀ ਬਾਤ ਨਹੀਂ ਹੈ ਕਿ ਆਪਾਂ ਫਰਜ਼ ਕਰ ਲੇਈਏ। ਇਹ ਤਾਂ ਹੈ 'ਸਤਿ' ਤੇ ਜਿਹੜਾ ਕੁਝ ਅਸੀਂ ਦੇਖਦੇ ਹਾਂ ਇਹ 'ਅਸਿਤ' ਹੈ, ਝੂਠੀ ਨਿਗ੍ਹਾ ਹੈ ਸਾਡੀ। ਹੈ ਇਕ ਹੀ।

***ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥***

***(ਤ੍ਵਪ੍ਰਸਾਦਿ ਸ੍ਵਯੇ)***

ਉਹ ਆਪੇ ਹੀ ਆਪਣੀ ਖੇਲ੍ਹ ਕਰਕੇ ਸੰਸਾਰ ਬਣ ਜਾਂਦਾ ਹੈ। ਗੁਰੂ ਨਾਨਕ ਸਾਹਿਬ ਜਦੋਂ ਗੋਰਖਨਾਥ ਨੂੰ ਮਿਲੇ। ਉਥੇ ਉਸ ਨੇ ਮਹਾਰਾਜ ਜੀ ਤੇ ਬੜੇ ਸਵਾਲ ਕਰੇ। ਉਹ ਕਹਿਣ ਲੱਗੇ ਕਿ ਹੇ ਨਾਨਕ! ਤੇਰਾ ਮੱਤ ਇਹ ਹੈ ਕਿ ਇਥੇ 'ਏਕੰਕਾਰ' ਤੋਂ ਬਗੈਰ ਹੋਰ ਕੋਈ ਹੈ ਹੀ ਨਹੀਂ।

ਮਹਾਰਾਜ ਜੀ ਕਹਿੰਦੇ, "ਠੀਕ ਹੈ, ਹੋਰ ਕੁਝ ਹੈ ਹੀ ਨਹੀਂ।"

ਉਨ੍ਹਾਂ ਦਾ ਮੱਤ ਇਹ ਸੀ ਕਿ ਇਥੇ ਪ੍ਰਾਕਿਰਤੀ ਵੀ ਹੈ ਤੇ ਚੇਤਨ ਤੱਤ ਵੀ ਹੈ। ਦੋ ਮੰਨਦੇ ਸਨ ਤੇ ਤੀਸਰਾ ਮੰਨਦੇ ਸਨ ਕਿ ਜੀਵ ਵੀ ਹੈ। ਰੌਲਾ ਪਿਆ ਹੋਇਆ ਸੀ ਕਿ ਇਕ ਜੀਵ ਹੈ, ਇਕ ਪ੍ਰਾਕਿਰਤੀ ਹੈ ਤੇ ਇਕ ਪ੍ਰਮੇਸ਼ਰ ਹੈ, ਪ੍ਰਮੇਸ਼ਰ ਨੂੰ 'ਚੇਤਨ ਤੱਤ' ਕਹਿੰਦੇ ਨੇ। ਮਹਾਰਾਜ ਜੀ ਕਹਿੰਦੇ ਕਿ ਨਹੀਂ ਇਥੇ ਕੇਵਲ ਇਕੋ ਹੀ ਹੈ, ਆਪੇ ਹੀ ਆਪ ਹੈ ਹੋਰ ਕੋਈ ਨਹੀਂ ਹੈ, ਆਪਣੇ ਆਪ ਹੀ ਹੈ ਉਹ।

ਉਹ ਕਹਿਣ ਲੱਗੇ ਕਿ ਫੇਰ ਸੰਸਾਰ ਕਿਥੋਂ ਬਣ ਗਿਆ? ਇਕ ਗੱਲ ਸਾਨੂੰ ਦੱਸੋ ਨਿਰਣਾ ਕਰਕੇ ਕਿ ਵਾਹਿਗੁਰੂ ਹੈ ਕੀ? ਮਹਾਰਾਜ ਜੀ ਕਹਿੰਦੇ ਕਿ ਸਤਿ-ਚਿਤ-ਅਨੰਦ-ਪ੍ਰਿਆ। ਪਿਆਰ ਕਰਨ ਵਾਲਾ ਹੈ ਉਹ, ਦਇਆਲ ਹੈ, ਸਤਿ ਹੈ, ਚੇਤਨ ਹੈ

ਤੇ ਅਨੰਦ ਹੈ ਬਿਲਕੁਲ ਉਹ।

ਕਹਿਣ ਲੱਗੇ ਕਿ ਫੇਰ ਦੁਖ ਕਿਥੋਂ ਆ ਗਿਆ? ਜੇ ਰੱਬ ਹੀ ਹੈ ਸਾਰੇ ਤਾਂ ਫੇਰ ਇਹ ਦੁਖੀ ਦੁਨੀਆਂ ਹਾਏ! ਹਾਏ!! ਕਿਉਂ ਕਰਦੀ ਫਿਰਦੀ ਹੈ?

ਮਹਾਰਾਜ ਜੀ ਕਹਿੰਦੇ ਕਿ ਦੁੱਖ ਪ੍ਰਮੇਸ਼ਰ ਨੇ ਪੈਦਾ ਨਹੀਂ ਕਰਿਆ, ਇਹ ਜਿਹੜੇ ਜੀਵ ਬਣੇ ਨੇ, ਇਨ੍ਹਾਂ ਦਾ ਰੂਪ ਤਾਂ ਸਾਰਾ ਇਕੋ ਹੀ ਹੈ ਪਰ ਇਹ ਜੀਵ ਸਮੱਸ਼ਟ ਤੋਂ ਵਿਅਸ਼ਟ ਹੋ ਗਿਆ। ਸਮਅਸ਼ਟ ਕਹਿੰਦੇ ਨੇ, ਸਮੁੱਚਾ ਤੇ ਇਸ ਵਿਚੋਂ ਵੱਖਰਾ-ਵੱਖਰਾ ਹੋ ਕੇ ਇਕੱਲਤਾ ਆ ਗਈ। ਉਹ ਕਿਉਂ ਆ ਗਈ? ਕਹਿੰਦੇ 'ਹਉਮੈ' ਤੱਤ ਨੇ ਲਿਆ ਦਿੱਤੀ। ਜਿਸ ਕਰਕੇ ਇਹ ਆਦਮੀ 'ਮੈ' ਬਣ ਗਿਆ, 'ਮੈਂ' ਤੋਂ ਫੇਰ 'ਮੇਰਾ' ਬਣ ਗਿਆ। 'ਮੈ' ਤੇ 'ਮੇਰਾ' ਸਾਡੇ ਜੰਮਦਿਆਂ ਦੇ ਹੀ ਆ ਜਾਂਦਾ ਹੈ। ਮਾਤਾ ਦੇ ਗਰਭ ਵਿਚ ਕੁਝ ਸ਼ੁੱਧਤਾ ਹੁੰਦੀ ਹੈ, ਉਥੇ ਅਸੀਂ ਬੇਨਤੀਆਂ ਵੀ ਕਰਦੇ ਹਾਂ ਕਿ ਹੁਣ ਮੈਂ ਨਾਮ ਜਪਾਂਗਾ ਤੇ ਹੁਣ ਮੈਨੂੰ ਸਮਝ ਆ ਗਈ।

ਅਵਾਜ਼ ਆਉਂਦੀ ਹੈ ਕਿ ਨਹੀਂ! ਤੂੰ ਨਾਮ ਨਹੀਂ ਜਪ ਸਕਦਾ, ਉਥੇ ਮਾਇਆ ਬੜੀ ਪ੍ਰਬਲ ਹੈ -

***ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ॥***
***ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ॥***
***ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ॥***
***ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥ ਪੰਨਾ - 921***

ਪਹਿਲਾਂ ਹੀ ਦੇਖਦਾ ਕੀ ਹੈ ਕਿ ਮੈਨੂੰ ਦੁੱਧ ਦਿੱਤਾ ਹੈ ਇਸ ਨੇ -

***ਪਹਿਲੈ ਪਿਆਰਿ ਲਗਾ ਥਣ ਦੁਧਿ॥***
***ਦੂਜੈ ਮਾਇ ਬਾਪ ਕੀ ਸੁਧਿ॥***
***ਤੀਜੈ ਭਯਾ ਭਾਭੀ ਬੇਬ॥***
***ਚਉਥੈ ਪਿਆਰਿ ਉਪੰਨੀ ਖੇਡ॥***
***ਪੰਨਾ - 137***

ਇਸ ਦੇ ਵਿਚ ਹੀ ਭੁੱਲ ਜਾਂਦਾ ਹੈ ਆਦਮੀ। ਇਹ ਸਾਰੀ ਹਉਮੈਂ ਦੀ ਖੇਡ ਹੈ। ਮਹਾਰਾਜ ਜੀ ਕਹਿਣ ਲੱਗੇ ਕਿ ਹਉਮੈਂ ਕਰਕੇ ਹੀ ਸੰਸਾਰ ਦੇ ਵਿਚ ਦੁੱਖ ਨੇ, ਜੇ ਹਉਮੈ ਨਾ ਹੋਵੇ ਤਾਂ ਦੁਖ ਹੋਵੇ ਹੀ ਨਾ।

ਉਸ ਨੇ ਸੁਆਲ ਕਰਿਆ -

***ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ***
***ਕਿਤੁ ਕਿਤੁ ਦੁਖਿ ਬਿਨਸਿ ਜਾਈ॥ ਪੰਨਾ - 946***

ਕਿਹੜਾ ਤਰੀਕਾ ਹੈ ਜਿਸ ਦੇ ਨਾਲ ਸੰਸਾਰ ਦਾ ਦੁੱਖ ਖਤਮ ਹੋ ਜਾਏਗਾ? ਕਿਉਂ ਇਹ ਸੰਸਾਰ ਬਣਿਆ?

ਮਹਾਰਾਜ ਜੀ ਕਹਿੰਦੇ -

***ਹਉਮੈ ਵਿਚਿ ਜਗੁ ਉਪਜੈ ਪੁਰਖਾ ...............॥ ਪੰਨਾ - 946***

'ਹਉਮੈਂ' ਕਰਕੇ ਸੰਸਾਰ ਬਣ ਗਿਆ। ਹਉਮੈ ਅਭਿਮਾਨ ਨੂੰ ਨਹੀਂ ਕਹਿੰਦੇ, ਹਉਮੈ ਕਹਿੰਦੇ ਨੇ 'ਮੈਂ' ਤੇ 'ਮੇਰੇ' ਦਾ ਭਾਵ, ਆਪਣੇ ਆਪ ਨੂੰ ਵੱਖਰਾ ਸਮਝ ਲੈਣਾ। ਇਹ ਅਭਿਮਾਨ ਨਹੀਂ ਹੁੰਦਾ। ਇਹ ਜੀਵ ਅਭਿਮਾਨ ਆਪਣੇ-ਆਪ ਨੂੰ ਜੀਵ ਬਣਾ ਲੈਂਦਾ ਹੈ ਪ੍ਰਮੇਸ਼ਰ ਤੋਂ। ਕਹਿੰਦੇ ਇਸ ਦੇ ਵਿਚ ਸੰਸਾਰ ਬਣਦਾ ਹੈ ਤੇ ਜਦੋਂ ਇਹ ਭੁੱਲ ਜਾਂਦਾ ਹੈ ਗਿਆਨ ਨੂੰ, ਉਸ ਵੇਲੇ ਦੁੱਖ ਸ਼ੁਰੂ ਹੋ ਜਾਂਦਾ ਹੈ। ਜੇ ਦੁਖ ਦਾ ਦੁਨੀਆਂ ਵਿਚ ਕੋਈ ਇਲਾਜ ਹੈ ਉਹ ਪ੍ਰਮੇਸ਼ਰ ਦਾ ਨਾਮ ਹੈ। ਜਿਸ ਦੇ ਅੰਦਰ ਨਾਮ ਰਵ ਜਾਏਗਾ ਉਹ ਦੁਖੀ ਨਹੀਂ ਹੁੰਦਾ ਚਾਹੇ ਉਸ ਦੀ ਖੋਪਰੀ ਲਹਿ ਰਹੀ ਹੈ, ਚਾਹੇ ਉਹ ਸੂਲੀ ਤੇ ਚੜ੍ਹ ਰਿਹਾ ਹੈ, ਚਾਹੇ ਉਸ ਨੂੰ ਫੱਟਿਆਂ ਵਿਚ ਬੰਨ੍ਹ ਕੇ ਚੀਰ ਰਹੇ ਨੇ, ਐਸੀਆਂ ਮਿਸਾਲਾਂ ਆਉਂਦੀਆਂ ਨੇ ਕਿ ਪਾਣੀ ਵਿਚ ਉਬਾਲ ਰਹੇ ਨੇ। ਉਹ ਪਾਣੀ ਨੂੰ ਵੀ ਦੇਖ ਰਹੇ ਨੇ -

***ਆਪੇ ਪਾਵਕੁ ਆਪੇ ਪਵਨਾ॥***
***ਜਾਰੈ ਖਸਮੁ ਤ ਰਾਖੈ ਕਵਨਾ॥***
***ਪੰਨਾ - 329***

ਸੋ ਏਸ ਤਰ੍ਹਾਂ ਦੇ ਨਾਲ ਜਿਹੜੀ ਮੈਂ ਬੇਨਤੀ ਕਰੀ ਹੈ ਕਿ ਜੇ ਤਾਂ ਇਹ ਗੱਲ ਸਮਝ ਵਿਚ ਆ ਜਾਵੇ, ਉਸ ਤੇ ਅਸੀਂ ਚੱਲ ਸਕੀਏ ਫੇਰ ਤਾਂ ਹੈ ਸਾਡਾ ਪੰਛੀ ਮਾਰਗ। ਆਹ ਦਰਖਤ ਦੇ ਸਿਰੇ ਤੇ ਕੋਈ ਫਲ ਲੱਗਿਆ ਹੋਇਆ ਹੈ। ਹੁਣ ਦੋ ਰਸਤੇ ਨੇ। ਇਕ ਤਾਂ ਪੰਛੀ ਨੇ ਦੇਖ ਲਿਆ ਕਿ ਫਲ ਲੱਗਿਆ ਹੋਇਆ ਹੈ, ਉਡਾਰੀ ਮਾਰੀ ਤੇ ਸਿੱਧਾ ਹੀ ਉਥੇ ਜਾਏਗਾ। ਦੂਸਰਾ ਹੈ ਕੀੜੀ ਮਾਰਗ, ਕੀੜੀ ਨੂੰ ਵੀ ਸੁਗੰਧੀ ਆ ਜਾਂਦੀ ਹੈ। ਕੀੜੀ ਹੌਲੀ-ਹੌਲੀ ਤੁਰੀ ਜਾਂਦੀ ਹੈ। ਇਥੇ ਸਾਡੇ ਪੈਰਾਂ ਥੱਲੇ ਹੀ ਆ ਜਾਏਗੀ, ਉਸ ਤੋਂ ਲੰਘ ਹੀ ਨਹੀਂ ਹੋਣਾ। ਉਸ ਨੂੰ ਕਿਹੜਾ ਪਤਾ ਹੈ ਕਿ ਏਧਰ ਰਾਹ ਖੁੱਲ੍ਹਾ ਹੈ। ਜੇ ਏਥੋਂ ਵੀ ਬਚ ਗਈ ਤਾਂ ਅੱਗੇ ਪਾਣੀ ਹੋਇਆ ਤਾਂ ਉਥੇ ਹੀ ਡੁੱਬ ਜਾਏਗੀ। ਜੇ ਉਥੋਂ ਵੀ ਬਚ ਗਈ ਤਾਂ ਫੇਰ ਕਿਤੇ ਦਰਖਤ ਤੇ ਚੜ੍ਹ ਸਕੇਗੀ। ਯਾਨੀ ਇਹ ਹੱਦ ਤੋਂ ਔਖਾ ਰਾਹ ਹੈ। ਜਿਹੜਾ ਪਹਿਲਾ ਰਾਹ ਹੈ ਇਹ ਸੁਖਾਲਾ ਹੈ ਪਰ ਇਹ ਪੂਰੇ, ਸਮਰੱਥ ਗੁਰੂ ਤੋਂ ਬਗੈਰ ਪ੍ਰਗਟ ਨਹੀਂ ਹੋਇਆ ਕਰਦਾ, ਫੰਗ (ਖੰਭ) ਨਹੀਂ ਮਿਲਦੇ ਉਡਣ ਦੇ ਜਿੰਨਾ ਚਿਰ ਸਮਰੱਥ ਗੁਰੂ ਨਾ ਮਿਲੇ। ਇਸ ਕਰਕੇ ਇਹ ਵੀ ਔਖਾ ਹੈ। ਗੁਰਬਾਣੀ ਤਾਂ ਦੱਸੀ ਜਾਂਦੀ ਹੈ ਕਿ -

***ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ॥ ਪੰਨਾ - 1372***

ਸਿੱਖ ਮੰਨਦੇ ਹੀ ਨਹੀਂ ਸਤਿਗੁਰੂ ਕੀ ਕਰੇ, ਸਤਿਗੁਰੂ ਤਾਂ ਰਾਹ ਪਾਉਂਦਾ ਹੈ। ਸੋ ਏਸ ਕਰਕੇ ਸਾਡਾ ਇਹ ਜਿਹੜਾ ਜਨਮ ਹੋਇਆ ਹੈ ਸਾਧ ਸੰਗਤ ਜੀ! ਇਹ ਤ੍ਰਾਸੀ ਲੱਖ ਨੜ੍ਹਿਨਵੇਂ ਹਜ਼ਾਰ ਨੌਂ ਸੌ ਨੜ੍ਹਿਨਵੇਂ ਸਰੀਰਾਂ ਦੇ ਵਿਚ ਇਹ ਰੂਹ ਘੁੰਮਦੀ-ਘੁੰਮਦੀ ਇਹ ਮਨੁੱਖ ਦੇ ਜਾਮੇ ਵਿਚ ਆ ਗਈ।

ਇਹ ਐਵੇਂ ਹੀ ਨਹੀਂ ਹੈ, ਇਹ ਅਮੁੱਲ ਹੈ, ਜਿਹੜਾ ਸਰੀਰ ਹੈ –

***ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥ ਪੰਨਾ – 1366***

ਇਹ ਵਾਰ ਵਾਰ ਨਹੀਂ ਹੋਣਾ। ਇਕ ਵਾਰੀ ਮਿਲ ਕੇ ਹੱਥੋਂ ਛੁਟ ਗਿਆ ਤਾਂ ਗਿਆ ਫੇਰ। ਅਸੀਂ ਫੇਰ ਕੰਮ ਕੀ ਕਰਨਾ ਹੈ? ਮਹਾਰਾਜ ਜੀ ਕਹਿੰਦੇ ਰੋਜ਼ ਕਹੋ। ਕਹਿੰਦੇ ਮਹਾਰਾਜ! ਇਕ ਵਾਰੀ ਗੱਲ ਕਹੀ ਹੋਈ ਸਮਝ ਆ ਜਾਂਦੀ ਹੈ ਰੋਜ਼ ਕੀ ਕਹਿਣਾ ਹੈ। ਮਹਾਰਾਜ ਜੀ ਕਹਿੰਦੇ ਕਿ ਤੁਹਾਡੇ ਯਾਦ ਹੀ ਨਹੀਂ ਰਹਿੰਦਾ–

***ਧਾਰਨਾ – ਏਹੋ ਤੇਰੀ ਵਾਰੀ ਐ,***
***ਗੋਬਿੰਦ ਮਿਲਣੇ ਕੀ –2, 2.***
***ਗੋਬਿੰਦ ਮਿਲਣੇ ਕੀ, ਏਹੋ ਤੇਰੋ ਵਾਰੀ ਹੈ –2, 2.***
***ਏਹੋ ਤੇਰੀ ਵਾਰੀ ਐ,............ –2.***

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***
***ਪੰਨਾ – 12***

ਕਿਹੜਾ ਸਿੰਘ ਹੈ ਜਿਹੜਾ ਇਸ ਨੂੰ ਰੋਜ ਨਹੀਂ ਪੜ੍ਹਦਾ? ਵਾਰੀ ਤਾਂ ਲੰਘੀ ਜਾ ਰਹੀ ਹੈ। ਜਿਮੀਦਾਰ ਨੂੰ ਇਹ ਗੱਲ ਛੇਤੀ ਸਮਝ ਵਿਚ ਆ ਜਾਂਦੀ ਹੈ ਜਿਹੜੇ ਨਹਿਰਾਂ ਤੇ ਖੇਤੀ ਕਰਦੇ ਨੇ। ਨਹਿਰਾਂ ਚਲਦੀਆਂ ਨੇ, ਮੋਘੇ ਤੇ ਜਿੰਨੇ ਖੇਤ ਹੁੰਦੇ ਨੇ ਉਨੇ ਏਕੜਾਂ ਤੇ ਹਫਤੇ ਭਰ ਦੀਆਂ ਵਾਰੀਆਂ ਬਣਾ ਕੇ ਵੰਡ ਲੈਂਦੇ ਨੇ ਕਿ ਮੇਰੇ ਐਨੇ ਮਿੰਟ, ਤੇਰੇ ਐਨੇ ਮਿੰਟ, ਜ਼ਿਆਦਾ ਜ਼ਮੀਨ ਵਾਲੇ ਨੂੰ ਜ਼ਿਆਦਾ ਸਮਾਂ ਤੇ ਥੋੜ੍ਹੀ ਵਾਲੇ ਨੂੰ ਥੋੜ੍ਹਾ ਸਮਾਂ ਮਿਲਦਾ ਹੈ। ਹੁਣ ਪਹਿਲਾਂ ਹੀ ਤਿਆਰੀ ਕਰਦਾ ਹੈ ਆਦਮੀ। ਇਕ ਬੰਦੇ ਨੂੰ ਪਤਾ ਲੱਗ ਗਿਆ ਕਿ ਧਾਨ ਸੁੱਕੇ ਪਏ ਨੇ ਤੇ ਵਾਰੀ ਆਉਣ ਵਾਲੀ ਹੈ ਖਾਲਾਂ ਵਗੈਰਾ ਸਾਫ ਕਰ ਲਈਏ ਕਿਤੇ ਪਾਨੀ ਲੀਕ ਨਾ ਕਰ ਜਾਵੇ, ਪੂਰਾ ਪਾਨੀ ਖੇਤ ਵਿਚ ਜਾਣਾ ਚਾਹੀਦਾ ਹੈ। ਪਾਨੀ ਨਾਲ ਵਾਲੇ ਦੇ ਪੈ ਰਿਹਾ ਹੈ। ਏਧਰ ਦੋ ਚਾਰ ਨੌਕਰ ਨੇ, ਜਾ ਕੇ ਸ਼ਰਾਬ ਦੀਆਂ ਬੋਤਲਾਂ ਲੈ ਗਿਆ, ਪੀਣੀ ਸ਼ੁਰੂ ਕਰ ਦਿੱਤੀ। ਬੈਠੇ ਪੀਈ ਗਏ। ਸ਼ਰਾਬੀ ਦਾ ਇਹ ਹੁੰਦਾ ਹੈ ਕਿ ਜਿੰਨੀ ਪੀਏਗਾ ਉਹ ਇਹ ਕਹੇਗਾ ਕਿ ਮੈਨੂੰ ਤਾਂ ਨਸ਼ਾ ਹੀ ਨਹੀਂ ਚੜ੍ਹਦਾ। ਦੂਜੇ ਕਹੀ ਜਾਣਗੇ ਕਿ ਤੈਨੂੰ ਨਸ਼ਾ ਹੋ ਗਿਆ ਜ਼ਿਆਦਾ ਨਾ ਪੀ। ਉਹ ਕਹਿੰਦਾ ਮੈਨੂੰ ਨਹੀਂ ਚੜ੍ਹਦਾ ਹੋਰ ਪੀ ਲਏਗਾ। ਅਖੀਰ ਪੀ ਕੇ ਪਏ ਰਹੇ। ਜਿਹੜਾ ਪਾਨੀ ਲਾਉਂਦਾ ਸੀ ਉਸ ਨੇ ਪਾਨੀ ਆਪਣੇ ਖੇਤਾਂ ਨੂੰ ਲਾ ਕੇ ਨੱਕਾ ਕੱਟ ਦਿੱਤਾ। ਜਿਹੜਾ ਉਨ੍ਹਾਂ ਤੋਂ ਬਾਅਦ ਵਾਲਾ ਸੀ ਸ਼ਰਾਬੀਆਂ ਤੋਂ, ਯਾਨੀ ਤੀਸਰੇ ਨੰਬਰ ਵਾਲਾ ਉਸ ਨੇ ਸੋਚਿਆ ਕਿ ਇਹ ਤਾਂ ਮਸਤ ਪਏ ਨੇ, ਇਸ ਦਾ ਨੱਕਾ ਕੱਟ ਦਿਓ ਆਪੇ ਪਾਨੀ ਆਈ ਜਾਏਗਾ, ਮਾੜਾ ਮੋਟਾ ਇਸ ਦੇ ਖੇਤ ਵਿਚ ਵੀ ਜਾਂਦਾ ਰਹੇਗਾ ਤੇ ਨਾਲ ਰੌਲਾ ਨਹੀਂ ਪਾਏਗਾ। ਜਦੋ ਹੋਸ਼ ਆਈ ਉਦੋਂ ਤੱਕ ਵਾਰੀ ਲੰਘ ਗਈ। ਫੇਰ ਨੱਠਿਆ ਫਿਰਦਾ ਹੈ ਕਿ ਮੇਰੀ ਵਾਰੀ ਕਿਸ ਨੇ ਲੈ ਲਈ। ਪਹਿਲਾ ਕਹਿੰਦਾ ਕਿ ਮੈਂ ਤਾਂ ਨੱਕਾ ਕੱਟ ਦਿੱਤਾ ਸੀ, ਦੂਜਾ ਕਹਿੰਦਾ ਮੈਂ ਤਾਂ ਉਡੀਕ ਰਿਹਾ ਹਾਂ ਕਿ ਪਾਨੀ ਆਏਗਾ ਤਾਂ ਲਾਵਾਂਗਾ। ਤੇਰਾ ਨੱਕਾ ਟੁੱਟ ਗਿਆ ਹੋਏਗਾ ਤਾਂ ਮੇਰੇ ਖੇਤ ਵਿਚ ਆਈ ਗਿਆ। ਸਿੱਧੀ ਗੱਲ ਹੈ ਇਹ ਕਿ ਸਾਨੂੰ ਇਹ ਵਾਰੀ ਮਿਲੀ ਹੈ, ਗਿਣ ਕੇ ਸੁਆਸ ਦਿੱਤੇ ਹੋਏ ਨੇ।

***ਛਿਨਿ ਘਾਲੇ ਸਭ ਦਿਵਸ ਸਾਸ ਨਹ ਬਢਨ ਘਟਨ ਤਿਲੁ ਸਾਰ॥ ਪੰਨਾ – 254***

ਇਕ ਤਿਲ ਜਿੰਨਾ ਵਧਣਾ ਨਹੀਂ ਹੈ ਤਿਲ ਜਿੰਨਾ ਘਟਣਾ ਨਹੀਂ ਹੈ ਇਉਂ ਗਿਣ ਕੇ ਭੇਜੇ ਹੋਏ ਨੇ –

***ਜੀਵਨ ਲੋਰਹਿ ਭਰਮ ਮੋਹ ਨਾਨਕ ਤੇਊ ਗਵਾਰ॥ ਪੰਨਾ – 254***

ਫੇਰ ਕਹਿੰਦਾ ਕਿ ਇਨ੍ਹਾਂ ਗਿਣੇ ਹੋਏ ਸੁਆਸਾਂ ਤੋਂ ਬਾਅਦ ਮੈਨੂੰ ਹੋਰ ਮਿਲ ਜਾਣ। ਮਹਾਰਾਜ ਜੀ ਕਹਿੰਦੇ ਗਵਾਰ ਹੈ ਤੂੰ ਤਾਂ। ਇਹ ਤਾਂ ਸਾਰਾ ਮਿਥਿਆ ਹੋਇਆ ਪ੍ਰੋਗਰਾਮ ਚੱਲ ਰਿਹਾ ਹੈ। ਜਿਥੇ ਤੂੰ ਅੱਗੇ ਜਾਣਾ ਹੈ ਉਹ ਸੁਆਸ ਵੀ ਗਿਣ ਦਿੱਤੇ ਗਏ ਨੇ। ਉਸ ਤੋਂ ਅੱਗੇ ਜਿਥੇ ਜਾਣਾ ਹੈ ਉਸ ਦੇ ਵੀ ਗਿਣ ਦਿੱਤੇ ਗਏ ਨੇ। ਇਹ ਘਟਣੇ ਵਧਣੇ ਨਹੀਂ ਹਨ ਕਦੇ ਵੀ। ਲੰਘ ਜਾਣਾ ਹੈ ਸਮਾਂ। ਲੰਘਦਾ ਵੀ ਕਿੰਨਾ ਹੈ? ਚੌਵੀ ਹਜ਼ਾਰ ਸੁਆਸ ਹਰ ਰੋਜ਼ ਲੰਘਦਾ ਹੈ, ਕਿਸ ਲੇਖੇ ਵਿਚ ਲਗਦਾ ਹੈ –

***ਬੈਰ ਬਿਰੋਧ ਕਾਮ ਕ੍ਰੋਧ ਮੋਹ॥***
***ਝੂਠ ਬਿਕਾਰ ਮਹਾ ਲੋਭ ਧ੍ਰੋਹ॥***
***ਇਆਹੂ ਜੁਗਤਿ ਬਿਹਾਨੇ ਕਈ ਜਨਮ॥***
***ਪੰਨਾ – 267***

ਕਈ ਵਾਰੀ ਮਨੁਖ ਬਣਿਆ। ਇਸੇ ਤਰ੍ਹਾਂ ਸਾਡੇ ਨਾਲ ਫੇਰ ਧੋਖਾ ਹੋ ਜਾਂਦਾ ਹੈ। ਕਹਿੰਦੇ ਹੁੰਦਾ ਕੀ ਹੈ? ਮਾਇਆ ਪ੍ਰਬਲ ਹੈ ਇਥੇ ਪ੍ਰਮੇਸ਼ਰ ਦੀ –

***ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥***
***ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ॥***
***ਪੰਨਾ – 921***

ਹੁਣ ਮਿਲਣ ਦਾ ਕੀ ਤਰੀਕਾ ਹੈ? ਪਹਿਲਾਂ ਤਾਂ ਮਿਲਣ ਦਾ ਪਤਾ ਹੋਣਾ ਚਾਹੀਦਾ ਹੈ ਕਿ ਮਿਲਣਾ ਕਿਸ ਨੂੰ ਹੈ? ਦੋ ਮਿਲ ਸਕਦੇ ਨੇ, ਇਕ ਗੁਰੂ ਮਿਲ ਸਕਦਾ ਹੈ ਦੂਜਾ ਰੱਬ। ਕੱਲ੍ਹ ਮੈਂ ਦੱਸਿਆ ਸੀ ਕਿ ਗੁਰੂ ਤੇ ਰੱਬ ਦੇ ਵਿਚ ਕੋਈ ਫਰਕ ਹੀ ਨਹੀਂ ਹੁੰਦਾ –

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥***
***ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥ ਪੰਨਾ – 442***

ਗੁਰੂ ਪ੍ਰਮੇਸ਼ਰ ਦਾ ਸਾਕਾਰ ਰੂਪ ਹੋ ਕੇ ਸੰਸਾਰ ਵਿਚ ਉਪਦੇਸ਼ ਦੇ ਰਿਹਾ ਹੁੰਦਾ ਹੈ, ਹੁੰਦਾ ਪ੍ਰਮੇਸ਼ਰ ਹੀ ਹੈ ਉਹ।

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰੁ॥***
***ਪੰਨਾ - 273***

ਛੋਟੇ ਛੋਟੇ ਵਾਕ ਸਮਝਣ ਵਾਲੇ ਹਨ। ਸਾਡੇ ਜਾਂ ਤਾਂ ਗੁਰੂ ਮਿਲ ਸਕਦਾ ਹੈ, ਗੁਰੂ ਵੀ ਉਸੇ ਸਰੀਰ ਵਿਚ ਨਹੀਂ ਮਿਲਦਾ। ਉਹ ਤਾਂ ਸਰੀਰ ਕਿਸੇ ਨੇ ਜਲ ਪਰਵਾਹ ਕਰ ਦਿੱਤਾ, ਕਿਸੇ ਨੇ ਸਸਕਾਰ ਕਰ ਦਿੱਤਾ, ਉਹ ਸਰੀਰ ਕਿਥੋਂ ਆ ਜਾਏਗਾ? ਹੁਣ ਜਿਹੜੀ ਅਸਲੀ ਚੀਜ਼ ਹੈ ਉਹ ਹੈ ਜੋਤ, ਜੋਤ ਨੂੰ ਕਹਿੰਦੇ ਨੇ ਸ਼ਬਦ -

***ਸਬਦ ਮਿਲਾਵਾ ਹੋਤ ਹੈ ਦੇਹ ਮਿਲਾਵਾ ਨਾਹਿ॥***

ਇਹ ਹੋਏਗਾ ਤਾਂ ਜੇ ਇਹ ਆਪ ਖਤਮ ਹੋਏਗਾ। ਜਦੋਂ ਖਤਮ ਹੋਇਆ ਫੇਰ ਇਹ ਪ੍ਰਮੇਸ਼ਰ ਹੋ ਜਾਂਦਾ ਹੈ। ਇਕ ਮਹਾਂਪੁਰਸ਼ਾਂ ਕੋਲ ਜੋ ਸੂਫੀ ਫਕੀਰ ਸਨ ਇਕ ਮੁਸਲਮਾਨ ਆਇਆ ਪ੍ਰੇਮੀ। ਉਸ ਨੇ ਆਖਿਆ ਕਿ ਪੀਰ ਜੀ! ਮੈਂ ਖੁਦਾ ਨੂੰ ਮਿਲਣਾ ਹੈ, ਮੈਨੂੰ ਮਿਲਾ ਦਿਓ। ਉਹ ਕਹਿਣ ਲੱਗੇ ਕਿ ਦੇਖ ਭਾਈ! ਖੁਦਾ ਨੂੰ ਮਿਲਣ ਵਾਸਤੇ ਪਹਿਲਾਂ ਤਾਂ ਜਗਿਆਸੂ ਬਣਨਾ ਪੈਂਦਾ ਹੈ, ਫੇਰ ਸੇਵਾ ਕਰਨੀ ਪੈਂਦੀ ਹੈ, ਫੇਰ ਉਹ ਗੁਣ ਧਾਰਨੇ ਪੈਂਦੇ ਨੇ ਜਿਨ੍ਹਾਂ ਦੇ ਨਾਲ ਪਰਮੇਸ਼ਰ ਮਿਲਦਾ ਹੈ। ਐਨੀ ਛੇਤੀ ਤਾਂ ਮਿਲਦਾ ਨਹੀਂ।

ਕਹਿੰਦਾ, "ਨਹੀ ਜੀ! ਤੁਸੀਂ ਤਾਂ ਸਮਰੱਥ ਪੁਰਸ਼ ਹੋ। ਤੁਹਾਡੀ ਮੈਂ ਬੜੀ ਮਹਿਮਾ ਸੁਣੀ ਹੈ, ਤੁਸੀਂ ਤਾਂ ਆਉਂਦਿਆਂ ਨੂੰ ਮਿਲਾ ਦਿੰਦੇ ਹੋ।"

ਉਹ ਕਹਿੰਦੇ, "ਇਉਂ ਤਾਂ ਨਹੀਂ ਹੁੰਦਾ।"

ਕਹਿੰਦਾ, "ਨਹੀਂ ਜੀ! ਮੈਂ ਤਾਂ ਆਇਆ ਹੀ ਬੜੀ ਆਸ ਨਾਲ ਹਾਂ।"

ਮਹਾਤਮਾ ਕਹਿੰਦੇ, "ਚੰਗਾ! ਜੇ ਆਇਆ ਹੈ ਤਾਂ ਦਰਖਤ ਤੇ ਚੜ੍ਹ ਜਾਹ।"

ਉਹ ਦਰਖਤ ਤੇ ਚੜ੍ਹ ਗਿਆ, ਖਜੂਰ ਸੀ।

ਕਹਿੰਦਾ, "ਪੀਰ ਜੀ! ਹੁਣ ਕੀ ਹੁਕਮ ਹੈ?"

ਕਹਿੰਦੇ, "ਉਤੋਂ ਛਾਲ ਮਾਰ।"

ਜਦੋਂ ਛਾਲ ਮਾਰੀ ਵਿਚਾਲੇ ਹੀ ਕਹਿੰਦਾ, "ਹਉ ਮੂਆ।"

ਕਹਿੰਦੇ, "ਫੇਰ 'ਖੁਦਾ ਹੂਆ।"

ਰੌਲਾ ਹੀ 'ਮੈ' ਦਾ ਹੈ। 'ਮੈ' ਤੇ 'ਤੂੰ' ਦੋ ਚੱਲ ਰਹੇ ਨੇ -

***ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ॥ ਪੰਨਾ - 657***

ਜਦੋਂ 'ਤੂੰ' ਹੋ ਗਿਆ ਤਾਂ 'ਮੈ' ਖਤਮ ਹੋ ਗਿਆ। ਉਹ ਮਿਲ ਗਿਆ, ਉਹ ਮਿਲਿਆ ਹੋਇਆ ਹੀ ਹੈ ਪਹਿਲਾਂ, ਜਦੋਂ ਗਿਆਨ ਆ ਜਾਂਦਾ ਹੈ ਤਾਂ ਉਹ ਵੱਖਰਾਪਣ ਨਹੀਂ ਰਹਿੰਦਾ ਕਿਸੇ ਦਾ। ਇਹ ਚੀਜ਼ ਹੈ ਜਿਹੜੀ ਜ਼ਿੰਦਗੀ ਦੇ ਅੰਦਰ ਹਾਸਲ ਕਰਨੀ ਹੈ।

ਇਕ ਪ੍ਰੇਮੀ ਸੀ ਲਾਹੌਰ ਦੇ ਰਹਿਣ ਵਾਲਾ, ਬਹੁਤ ਅਮੀਰ ਸੀ। ਕਾਰੋਬਾਰ ਬਹੁਤ ਵਧੀਆ ਚਲਦਾ ਸੀ, ਹਕੀਮ ਸੀ ਬਹੁਤ ਜਬਰਦਸਤ। ਇਤਿਹਾਸ ਵਿਚ ਉਸ ਦਾ ਨਾਮ ਸੁਜਾਨ ਰਾਇ ਲਿਖਿਆ ਮਿਲਦਾ ਹੈ। ਉਸ ਦਾ ਇਕ ਮਿਤਰ ਗੁਰੂ ਮਹਾਰਾਜ ਜੀ ਦਾ ਅੰਨਿਨ ਭਗਤ ਸੀ, ਪੂਰੀ ਸ਼ਰਧਾ ਰਖਦਾ ਸੀ। ਨਾਮ ਜਪਦਾ ਸੀ, ਸ਼ਾਂਤ ਚਿੱਤ ਸੀ। ਇਕ ਦਿਨ ਸੁਜਾਨ ਰਾਇ ਉਸ ਪਾਸ ਆ ਕੇ ਕਹਿਣ ਲੱਗਾ, ਪਿਆਰੇ ਮਿਤਰ, ਮੈਨੂੰ ਸਾਰੇ ਸੁਖ ਦੁਨੀਆਂ ਦੇ ਮਿਲੇ ਹੋਏ ਨੇ। ਮੇਰੇ ਦੋ ਲੜਕੇ ਨੇ, ਬਹੁਤ ਸੁੰਦਰ, ਘਰਵਾਲੀ ਹੈ, ਬਹੁਤ ਸੁਸ਼ੀਲ ਹੈ, ਪੈਸੇ ਦਾ ਕੋਈ ਹਿਸਾਬ ਕਿਤਾਬ ਨਹੀਂ, ਇੱਜ਼ਤ ਮੇਰੀ ਬਹੁਤ ਹੈ ਪਰ ਮੈਨੂੰ ਇਹ ਨਹੀਂ ਪਤਾ ਲਗਦਾ ਕਿ ਮੇਰੇ ਮਨ ਦੇ ਵਿਚ ਸ਼ਾਂਤੀ ਕਿਉਂ ਨਹੀਂ ਹੈ? ਦੁਨੀਆਂ ਦੀ ਕੋਈ ਚੀਜ਼ ਨਹੀਂ ਜਿਹੜੀ ਮੇਰੇ ਕੋਲ ਨਾ ਹੋਵੇ। ਉਹ ਕਹਿੰਦੇ ਕਿ ਗੁਰੂ ਸਾਹਿਬ ਦਾ ਅਸੀਂ ਸਤਿਸੰਗ ਕਰਦੇ ਹਾਂ ਤੇ ਉਸ ਦੇ ਵਿਚ ਉਹ ਦਸਦੇ ਨੇ ਕਿ ਸ਼ਾਂਤੀ ਤਾਂ ਆਉਂਦੀ ਹੈ ਜੇ ਪ੍ਰਮੇਸ਼ਰ ਦੀ ਪ੍ਰਾਪਤੀ ਹੋ ਜਾਵੇ। ਨਾਮ ਤੋਂ ਬਗੈਰ ਸਾਂਤੀ ਨਹੀਂ ਹੈ। ਉਹ ਕਹਿਣ ਲੱਗਿਆ ਕਿ ਰੱਬ ਦੇ ਮਿਲਣ ਦਾ ਕੋਈ ਰਾਹ ਵੀ ਹੈ? ਓਹੀ ਗੱਲ ਮੈਂ ਕਰਦਾ ਹਾਂ ਕਿ ਪਹਿਲਾਂ ਸਾਨੂੰ ਇਹ ਨਹੀਂ ਪਤਾ ਹੈ ਕਿ ਜਿਸ ਨੂੰ ਮਿਲਣਾ ਹੈ ਓਹ ਕਿਹੜੀ ਕੋਠੀ ਵਿਚ ਰਹਿੰਦਾ ਹੈ। ਚੰਡੀਗੜ੍ਹ ਚਲੇ ਜਾਓ ਜੇ ਕੋਠੀ ਦਾ ਨੰਬਰ ਨਾ ਹੋਵੇ ਤਾਂ ਫਿਰੀ ਜਾਓ। ਓਹੋ-ਜਿਹੇ ਹੀ ਘਰ ਨੇ, ਓਹੋ ਜਿਹੀਆਂ ਗਲੀਆਂ ਨੇ, ਇਕੋ ਜਹੀਆਂ ਸੜਕਾਂ ਨੇ। ਪਤਾ ਹੀ ਨਹੀਂ ਲਗਦਾ ਕਿ ਮੈਂ ਕਿਹੜੀ ਵਿਚ ਗਿਆ ਸੀ ਕਿਹੜੀ ਵਿਚ ਨਹੀਂ। ਜੇ ਇਕ ਵਾਰੀ ਗਿਆ ਵੀ ਹੈ ਤਾਂ ਦੂਜੀ ਵਾਰੀ ਭੁੱਲ ਜਾਂਦਾ ਹੈ। ਫੇਰ ਨੰਬਰ ਨਹੀਂ ਪਤਾ ਟੈਲੀਫੋਨ ਦਾ ਘੁਮਾਈ ਜਾਹ! ਟੈਲੀਫੋਨ ਜਿੰਨਾ ਜੀਅ ਕਰਦਾ ਹੈ ਉਥੇ ਪਹੁੰਚਣਾ ਹੀ ਨਹੀਂ। ਉਥੇ ਤਾਂ ਪਹੁੰਚੇਗਾ ਜਦੋਂ ਸਹੀ ਨੰਬਰ ਘੁਮਾਏਂਗਾ। ਹੁਣ ਉਸ ਦਾ ਸਹੀ ਪਤਾ ਪੁਛਣਾ ਪੈਂਦਾ ਹੈ। ਜਿਸ ਨੂੰ ਮੈਂ ਮਿਲਣਾ ਹੈ। ਏਸ ਤਰ੍ਹਾਂ ਦੇ ਨਾਲ ਪੜ੍ਹ ਲਓ -

***ਧਾਰਨਾ - ਮੈਨੂੰ ਦੱਸਿਓ ਪਿਆਰਿਓ,***
***ਕਿਵੇਂ ਰਾਮ ਮਿਲਦਾ -2, 2.***
***ਕਿਵੇਂ ਵਾਹਿਗੁਰੂ ਮਿਲਦਾ -2, 2.***
***ਮੈਨੂੰ ਦੱਸਿਓ ਪਿਆਰਿਓ, ............***
***-2.***

ਸੁਆਲ ਕਰਿਆ ਕਿ ਚਲੋ ਮੈਂ 100% ਇਹ ਗੱਲ ਮੰਨ ਲਈ ਕਿ -

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥***
***ਸਰੰਜਾਮਿ ਲਾਗੁ ਭਵਜਲ ਤਰਨ ਕੈ॥***
***ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥***
***ਪੰਨਾ - 12***

ਜਿਸ ਨੂੰ ਪਸਾਉ ਕਹਿੰਦੇ ਨੇ -

***ਕੀਤਾ ਪਸਾਉ ਏਕੋ ਕਵਾਉ॥***
***ਪੰਨਾ - 4***

'ਕਵਾਉ' ਕਹਿੰਦੇ ਨੇ ਸ਼ਬਦ ਨੂੰ।

***ਤਿਸ ਤੇ ਹੋਏ ਲਖ ਦਰੀਆਉ॥***
***ਪੰਨਾ - 4***

ਸਿਰਫ ਇਕ ਵਾਰੀ ਸ਼ਬਦ ਕਰ ਦਿੱਤਾ ਹੁਣ ਤੱਕ ਧੁਨ ਉਸ ਦੀ ਚੱਲ ਰਹੀ ਹੈ। ਗੁਰੂ ਦਸਵੇਂ ਪਾਤਿਸ਼ਾਹ ਕਹਿੰਦੇ ਨੇ-

***ਪ੍ਰਥਮ ਓਅੰਕਾਰ ਤਿਨ ਕਹਾ ਸੋ ਧੁਨ ਪੂਰ ਜਗਤ ਮੋ ਰਹਾ॥ ਦਸਮ ਗ੍ਰੰਥ***

ਇਹ 'ਓਅੰਕਾਰ' ਦੀ ਧੁਨ ਹੋਈ -

***ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ॥ ਭਾਈ ਗੁਰਦਾਸ ਜੀ ਦੀ ਵਾਰ 23/2***

ਉਸ ਸ਼ਬਦ ਧੁਨ ਦੇ ਨਾਲ ਸਾਰੀ ਸ੍ਰਿਸ਼ਟੀ ਕਰੋੜਾਂ ਹੀ ਬ੍ਰਹਿਮੰਡ ਕੁਝ ਮਿੰਟਾਂ ਸਕਿੰਟਾਂ ਵਿਚ ਹੀ ਬਣ ਗਏ, ਕੋਈ ਦੇਰ ਨਹੀਂ ਲੱਗੀ। ਸਾਇੰਸਦਾਨ ਤਾਂ ਕਹਿੰਦੇ ਕਿ ਹੌਲੀ-ਹੌਲੀ ਬਣਦਾ ਚਲਦਾ ਜਾ ਰਿਹਾ ਹੈ। ਇਨ੍ਹਾਂ ਦੇ ਆਪਣੇ ਹਿਸਾਬ ਨੇ। ਅਸੀਂ ਤਾਂ ਗੁਰੂ ਮਹਾਰਾਜ ਜੀ ਦੀ ਬਾਣੀ ਮੰਨਣੀ ਹੈ ਚਾਹੇ ਸਾਇੰਸ ਵਾਲੇ ਕੁਝ ਵੀ ਕਹੀ ਜਾਣ ਜਾਂ ਕੋਈ ਹੋਰ ਕੁਝ ਕਹੀ ਜਾਵੇ। ਗੁਰੂ ਮਹਾਰਾਜ ਜੀ ਕਹਿੰਦੇ ਕਿ ਇਕ ਕਵਾਉ ਤੇ ਹੀ ਸਾਰਾ ਕੁਝ ਹੋ ਗਿਆ, ਇਕ ਸ਼ਬਦ ਤੋਂ ਹੀ ਸਭ ਕੁਝ ਉਤਪੰਨ ਹੋ ਗਿਆ -

***ਏਕ ਕਵਾਵੈ ਤੇ ਸਭਿ ਹੋਆ॥***
***ਪੰਨਾ - 1003***

ਇਕ ਸ਼ਬਦ ਨਾਲ ਉਤਪਤੀ ਹੋ ਗਈ, ਹੁਣ ਹੋਇਆ ਕੀ? ਸਭ ਤੋਂ ਪਹਿਲਾਂ 'ਮੈ' ਤੱਤ ਬਣਿਆ ਜਿਸ ਨੂੰ awareness (ਚੇਤੰਨਤਾ) ਕਹਿੰਦੇ ਨੇ ਯਾਨੀ ਸੁਰਤ ਜਿਹੀ ਆ ਗਈ। ਉਸ ਸੁਰਤ ਨੇ ਆਪਣੇ ਆਪ ਨੂੰ ਪ੍ਰਕਿਰਤੀ ਨੂੰ ਪ੍ਰਮੇਸ਼ਰ ਨੇ ਦੂਜੇ ਨੰਬਰ ਤੇ ਰੱਖ ਦਿੱਤਾ। ਪ੍ਰਾਕਿਰਤੀ ਵਿਚ ਅਰਬਾਂ ਚਿੱਤ ਸਨ 'ਚੇਤਨ'। ਜਦੋਂ ਉਸ ਦੇ ਨਾਲ ਉਹ ਚੇਤਨ ਤੱਤ ਟੱਕਰਿਆ, ਫੇਰ ਉਹ 'ਮੈ' ਬਣ ਗਿਆ, ਹਰੇਕ 'ਮੈ' ਬਣ ਗਿਆ ਜਿੰਨੇ ਵੀ ਸਨ। ਸੀ ਤਾਂ ਸਮੁੱਚੇ ਰੂਪ ਵਿਚ ਵਾਹਿਗੁਰੂ। ਜੇ ਮੈਂ ਪੁੱਛਾਂ ਕਿ ਦਰਖਤ ਕੀ ਹੁੰਦਾ ਹੈ? ਮੈਨੂੰ ਹੱਥ ਲਾ ਕੇ ਦੱਸੋ। ਕਹਿਣਗੇ ਇਹ ਵੀ ਕੋਈ ਸੁਆਲ ਹੈ ਕਿ ਹੱਥ ਲਾ ਕੇ ਦੱਸੋ ਕਿ ਦਰਖਤ ਕੀ ਹੁੰਦਾ ਹੈ। ਕਰਕੇ ਦੇਖ ਲਓ, ਤੁਸੀਂ ਹੱਥ ਲਾਓ ਪੱਤੇ ਨੂੰ ਤੇ ਕਹੋ ਕਿ ਇਹ ਦਰਖਤ ਹੈ। ਦੂਜਾ ਕਹੇਗਾ ਬਿਲਕੁਲ ਨਹੀਂ, ਇਹ ਪੱਤਾ ਹੈ। ਟਾਹਣੀ ਨੂੰ ਹੱਥ ਲਾ ਦਿੱਤਾ ਕਿ ਇਹ ਹੈ ਦਰਖਤ। ਮੈਂ ਕਿਹਾ ਇਹ ਟਾਹਣੀ ਹੈ। ਤੁਸੀਂ ਆ ਕੇ ਤਣੇ ਨੂੰ ਹੱਥ ਲਾ ਦਿਤਾ ਕਿ ਆਹ ਦਰਖਤ ਹੈ। ਮੈਂ ਕਹਾਂਗਾ ਕਿ ਇਹ ਤਣਾ ਹੈ। ਤੁਸੀਂ ਹੋਰ ਅੱਗੇ ਵਧੇ ਤੇ ਉਲਝ ਹੀ ਗਏ ਕਿ ਦਰਖਤ ਦਾ ਹੀ ਨਹੀਂ ਪਤਾ ਲਗਦਾ। ਤੁਸੀਂ ਜੜ੍ਹਾਂ ਨੂੰ ਹੱਥ ਲਾ ਦਿੱਤਾ। ਮੈਂ ਕਿਹਾ ਕਿ ਇਹ ਤਾਂ ਜੜ੍ਹਾਂ ਨੇ। ਕਹਿੰਦੇ ਹੈ ਤਾਂ ਇਹ ਦਰਖਤ। ਮੈਂ ਕਿਹਾ ਕਿ ਤੁਸੀਂ ਤਾਂ ਹੱਥ ਨਹੀਂ ਨਾ ਲਾਇਆ ਦਰਖਤ ਨੂੰ। ਕਹਿੰਦੇ ਫੇਰ ਕੀ ਹੋਇਆ ਦਰਖਤ? ਮੈਂ ਕਿਹਾ ਕਿ ਉਰੇ ਆ। ਜਿਹੜਾ ਆਹ ਸਾਰਾ ਦਿਸਦਾ ਹੈ ਨਾ ਸਮੁੱਚਾ ਇਸ ਨੂੰ ਦਰਖਤ ਕਹਿੰਦੇ ਨੇ। ਆਹੀ ਹਾਲ ਸਾਡਾ ਹੋਇਆ। ਇਹ ਸਮੱਚਾ ਜਿਹੜਾ ਸੰਸਾਰ ਹੈ ਕਰੋੜਾਂ ਬ੍ਰਹਿਮੰਡਾਂ ਦਾ ਰਚਿਆ ਹੋਇਆ, ਇਹ ਹੈ ਤਾਂ ਵਾਹਿਗੁਰੂ ਸਾਰਾ ਹੀ ਪਰ ਇਸ ਦੇ ਵਿਚ ਜਿਵੇਂ ਪੱਤੇ ਹੋ ਗਏ ਦਰਖਤ ਦੇ, ਟਾਹਣੇ ਹੋ ਗਏ ਇਸੇ ਤਰ੍ਹਾਂ ਅਸੀਂ ਬਣ ਗਏ ਕਿ ਅਸੀਂ ਮਨੁਖ ਹਾਂ ਤੇ ਇਹ ਚੌਰਾਸੀ ਲੱਖ ਜੂਨ ਹੈ। ਇਹ ਤਾਂ ਇਕ ਖੇਡ ਹੋ ਰਹੀ ਹੈ ਨਿਰੰਕਾਰ ਦੀ। ਇਸ ਹਉਮੈ ਨੇ ਵੱਖਰਾ-ਵੱਖਰਾ ਕਰ ਦਿੱਤਾ। ਸੀ ਸਾਰਿਆਂ ਦੇ ਅੰਦਰ ਪਰਮੇਸ਼ਰ। ਹੁਣ ਵੀ ਹੈ, ਕਿਤੇ ਗਿਆ ਨਹੀਂ ਹੈ ਪਰ ਜਿਸ ਤੱਤ ਨੇ ਭੁਲਾਇਆ ਇਸ ਨੂੰ ਉਸ ਨੂੰ 'ਮਾਇਆ' ਵੀ ਕਹਿੰਦੇ ਨੇ, ਹਉਮੈ ਵੀ ਕਹਿੰਦੇ ਨੇ -

***ਏਹ ਮਾਇਆ ਜਿਤੁ ਹਰਿ ਵਿਸਰੈ***
***ਮੋਹੁ ਉਪਜੈ ਭਾਉ ਦੂਜਾ ਲਾਇਆ॥***
***ਪੰਨਾ - 921***

ਸੋ ਹਉਮੈ ਤੱਤ ਨੇ ਸਾਰਾ ਰੌਲਾ ਪਾ ਦਿੱਤਾ, ਸਾਰਾ ਝਗੜਾ ਹਉਮੈ ਦਾ ਹੈ ਤੇ ਹਉਮੈ ਦਾ ਇਲਾਜ ਵੀ ਵਾਹਿਗੁਰੂ ਨੇ ਇਸ ਸਰੀਰ ਦੇ ਅੰਦਰ ਹੀ ਰੱਖ ਦਿੱਤਾ। ਉਹ ਹੈ ਕੀ? ਉਹ ਹੈ ਪ੍ਰਮੇਸ਼ਰ ਦਾ ਨਾਮ। ਨਾ ਸਾਨੂੰ ਪਤਾ ਹੈ ਕਿ ਹਉਮੈ ਕਿਥੇ ਰਹਿੰਦੀ ਹੈ ਤੇ ਨਾ ਨਾਮ ਦੇ ਬਾਰੇ ਪਤਾ ਹੈ। ਸਰੀਰ ਸਾਡਾ ਹੈ ਪਰ ਅਸੀਂ ਸਰੀਰ ਦੇ ਬਾਰੇ ਤਾਂ ਜਾਣਦੇ ਨਹੀਂ। ਜੇ ਮਾੜੀ ਜਿਹੀ ਗੱਲ ਹੋ ਜਾਵੇ ਤਾਂ ਡਾਕਟਰ ਦੇ ਜਾਂਦੇ ਹਾਂ। ਉਹ ਦੱਸ ਦਿੰਦਾ ਹੈ ਕਿ ਤੇਰੇ ਮਿਹਦੇ ਵਿਚ ਨੁਕਸ ਪੈ ਗਿਆ, ਤੇਰੀ ਫਲਾਣੀ ਨਾੜੀ ਖਰਾਬ ਹੋਈ ਹੋਈ ਹੈ, ਤੇਰੇ ਦਿਲ ਦੀਆਂ ਨਾੜੀਆਂ ਰੁਕ ਗਈਆਂ ਨੇ। ਸਾਨੂੰ ਆਪਣੇ ਆਪ ਤਾਂ ਨਹੀਂ ਨਾ ਪਤਾ ਲਗਦਾ। ਸੋ ਹੁਣ ਸਾਨੂੰ ਨਹੀਂ ਪਤਾ ਲਗਦਾ ਕਿ ਉਹ ਅਸਰ ਕੀ ਕਰ ਰਹੀ ਹੈ? ਕਿਥੇ ਹੈ ਸਰੀਰ ਵਿਚ ਹਉਮੈ, ਕਿਥੇ ਹੈ ਸਰੀਰ ਵਿਚ ਨਾਮ। ਮਹਾਰਾਜ ਜੀ ਕਹਿੰਦੇ ਕਿ ਹਉਮੈ ਤਾਂ ਤੇਰੀ ਮੱਤ ਵਿਚ ਹੈ, ਤੇਰੀ ਜਿਹੜੀ ਭਾਵਨਾ ਬਣੀ ਹੋਈ ਹੈ, ਸਮਝ ਬਣੀ ਹੋਈ ਹੈ 'ਮੈ' ਦੀ ਉਹ ਹਉਮੈ ਨੇ ਕਰੀ ਹੋਈ ਹੈ ਤੇ ਉਸੇ ਨੂੰ ਹਉਮੈ ਕਹਿੰਦੇ ਨੇ। ਨਾਮ ਕੀ ਹੈ? ਜਿਥੇ ਗਿਆਨ ਹੈ। ਗਿਆਨ ਦੇ ਵਿਚ ਕੀ ਹੈ? ਕਹਿੰਦੇ ਨਿਸ਼ਾਨੀਆਂ ਨੇ ਪ੍ਰੇਮੀਆ-

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥***
***ਦੇਹੀ ਮਹਿ ਇਸ ਕਾ ਬਿਸਰਾਮ॥***

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ -** - 7, 14, 21, 28 ਅਪ੍ਰੈਲ।

**ਪੂਰਨਮਾਸ਼ੀ -** 27 ਅਪ੍ਰੈਲ, ਦਿਨ ਸ਼ਨਿੱਚਰਵਾਰ।

**ਸੰਗਰਾਂਦ -** 13 ਅਪ੍ਰੈਲ, ਦਿਨ ਸ਼ਨਿੱਚਰਵਾਰ।

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 3.00 ਵਜੇ ਤੱਕ)

**ਅੰਮ੍ਰਿਤ ਸੰਚਾਰ -** ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।

***ਪੰਨਾ - 293***

ਹੈ ਕਿਥੇ? ਕਹਿੰਦੇ -

***ਸੁੰਨ ਸਮਾਧਿ ਅਨਹਤ ਤਹ ਨਾਦ॥***
***ਕਹਨੁ ਨ ਜਾਈ ਅਚਰਜ ਬਿਸਮਾਦ॥ਪੰਨਾ -***